2

# ਓਪਰੇਸ਼ਨ ਬਲਿਊਸਟਾਰ ਅਤੇ ਉਸਤੋਂ ਬਾਅਦ

ਸਿੱਖਾਂ ਅਤੇ ਕੇਂਦਰ ਦਰਮਿਆਨ ਝਗੜਾ, ਜਿਸਦੇ ਕਿ ਲੱਖਾਂ ਵਿਅੱਕਤੀਆਂ ਤੇ ਇਤਨੇ ਦਰਦਨਾਕ ਅਸਰ ਹੋਣੇ ਸਨ, ਕਈ ਦਹਾਕਿਆਂ ਤੋਂ ਵਧਦਾ ਆ ਰਿਹਾ ਸੀ - ਓਪਰੇਸ਼ਨ ਬਲਿਊਸਟਾਰ, ਓਪਰੇਸ਼ਨ ਵੁਡਰੋਜ਼ ਅਤੇ ਨਵੰਬਰ ਦਾ ਕਤਲੋ-ਗ਼ਾਰਤ - ਜੋ ਕਿ ਉਸ ਓਰਵੈਲਿਅਨ ਸਾਲ, 1984, ਵਿਚ ਵਾਪਰੇ, ਦਰਅਸਲ ਇਕ ਤਰ੍ਹਾਂ ਨਾਲ ਝਗੜੇ ਦਾ ਅੰਤਮ ਬਿਗੁਲ ਸੀ ਜਿਸਨੇ ਪੰਜਾਬ ਦੀ ਖ਼ੂਨੀ ਰਾਤ ਦੀ ਸ਼ੁਰੂਆਤ ਦਾ ਐਲਾਨ ਕੀਤਾ।

1984

*ਓਪਰੇਸ਼ਨ ਬਲਿਊਸਟਾਰ*

ਰਾਜਨੀਤਕ ਸ਼ੁਰੂਆਤ

ਦਰਬਾਰ ਸਾਹਿਬ ਤੇ ਫੌਜੀ ਹਮਲੇ ਦਾ ਪ੍ਰਤੱਖ ਕਾਰਣ ਅਕਾਲੀ ਦਲ ਵਲੋਂ ਬਹੁਤ ਜ਼ਿਆਦਾ ਰਾਜਨੀਤਕ ਕਾਰਵਾਈ ਕਰਨਾ ਸੀ। ਸਰਕਾਰ ਦੇ ਵਾਈਟ ਪੇਪਰ ਵਿਚ ਕਿਹਾ ਗਿਆ ਹੈ: "ਅਕਾਲੀ ਦਲ ਨੇ ਐਲਾਨ ਕੀਤਾ ਕਿ ਜੇਕਰ ਉਸ ਦੀਆਂ ਮੰਗਾਂ 21 ਫ਼ਰਵਰੀ, 1983 ਤਕ ਨਾ ਮੰਨੀਆਂ ਗਈਆਂ, ਤਾਂ ਲੜਾਈ ਗਲੀਆਂ ਵਿਚ ਲਿਜਾਈ ਜਾਵੇਗੀ। ਸਿੱਖ ਸੰਗਤਾਂ ਨੂੰ ਪ੍ਰੇਰਿਆ ਗਿਆ ਕਿ ਉਹ ਕਰੋ-ਜਾਂ-ਮਰੋ ਦਾ ਪ੍ਰੋਗਰਾਮ ਅਖ਼ਤਿਆਰ ਕਰਨ, ਅਤੇ ਇੱਕ ਲੱਖ ਸ਼ਹੀਦੀ ਮਰਜੀਵੜਿਆਂ ਦੀ ਭਰਤੀ ਸ਼ੁਰੂ ਕੀਤੀ ਗਈ।

ਓਪਰੇਸ਼ਨ ਬਲਿਊਸਟਾਰ ਤੋਂ ਤੁਰਤ ਪਹਿਲਾਂ ਦੇ ਹਫ਼ਤਿਆਂ ਵਿਚ, ਬੀ.ਐਸ. ਰਾਮੂਵਾਲੀਆ ਅਤੇ ਜਗਦੇਵ ਸਿੰਘ ਤਲਵੰਡੀ ਮੋਰਚੇ ਲਗਾ ਰਹੇ ਸਨ। ਤਲਵੰਡੀ, ਜਿਸਨੂੰ ਕਿ ਹੁਣ ਭੁਲਾ ਦਿੱਤਾ ਗਿਆ ਹੈ, ਉਦੋਂ ਅਕਾਲੀ ਦਲ ਦਾ ਪ੍ਰਧਾਨ ਸੀ। ਉਹ ਆਨੰਦਪੁਰ ਮਤੇ ਤੇ ਪੂਰਾ ਰਿਹਾ ਸੀ। ਰਾਮੂਵਾਲੀਆ ਨੇ ਆਪਣੇ ਲਈ ਵਧੇਰੇ ਖਟਿਆ ਹੈ। ਉਸਨੇ ਆਪਣਾ ਰਾਜਨੀਤਕ ਜੀਵਨ ਸਟੂਡੈਂਟਸ ਫ਼ੈਡਰੇਸ਼ਨ ਆਫ਼ ਇੰਡੀਆ, ਜੋ ਕਿ ਸੀ ਪੀ ਆਈ-ਐਮ ਦੀ ਇਕ ਫ਼ਰੰਟ ਜੱਥੇਬੰਦੀ ਹੈ, ਦੇ ਮੈਂਬਰ ਦੇ ਤੌਰ ਦੇ ਸ਼ੁਰੂ ਕੀਤਾ, ਅਤੇ ਫ਼ਿਰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਚਲਾ ਗਿਆ ਅਤੇ ਟੌਹੜੇ ਦੇ ਕਹਿਣ ਤੇ ਲੌਂਗੋਵਾਲ ਨੇ ਉਸਨੂੰ ਆਪਣਾ ਪੁਲਿਟੀਕਲ ਸੈਕਟਰੀ ਲਗਾ ਲਿਆ। ਹੁਣ ਉਹ ਇਕ ਕੇਂਦਰੀ ਮੰਤਰੀ ਹੈ। ਅੱਠਵੇਂ ਦਹਾਕੇ ਦੇ ਸ਼ੁਰੂ ਦੇ ਇਹ ਦੋ ਇਕੋ ਜਿਹੇ ਗਰਮ ਦਲੀਏ ਸਨ, ਪਰ ਇਨ੍ਹਾਂ ਦਾ ਅੰਤ ਕਿੱਥੇ ਹੋਇਆ।

ਜਦ ਵਿਚਾਰ-ਵਟਾਂਦਰੇ ਜਾਰੀ ਸਨ, ਅਕਾਲੀ ਦਲ ਦੇ ਨੇਤਾਵਾਂ ਨੂੰ 31 ਮਾਰਚ, 1983 ਨੂੰ ਆਪਣਾ ਮੋਰਚਾ ਵਾਪਸ ਲੈ ਲੈਣ ਲਈ ਇਕ ਹੋਰ ਅਪੀਲ ਕੀਤੀ ਗਈ। ਇਸ ਦਾ ਉੱਤਰ ਪੰਜਾਬ ਵਿਚ 4 ਅਪ੍ਰੈਲ, 1983 ਨੂੰ ਰਸਤਾ ਰੋਕੋ ਮੋਰਚਾ ਸੀ ਜਿਸ ਦੇ ਨਤੀਜੇ ਵਜੋਂ ਕੁਝ ਇਕ ਥਾਵਾਂ ਤੇ ਹਿੰਸਾ ਅਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ। ਸੜਕਾਂ ਤੇ ਬੈਠੇ ਸ਼ਬਦ ਪੜ੍ਹਦੇ ਨੌਜਵਾਨਾਂ ਤੇ ਗੋਲੀਆਂ ਚਲਾਈਆਂ ਗਈਆਂ ਅਤੇ ਦਰਜਨ ਤੋਂ ਵੱਧ ਮਾਰ ਦਿੱਤੇ ਗਏ।

30 ਮਈ, 1983 ਨੂੰ ਗ੍ਰਹਿ ਮੰਤਰੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੁਬਾਰਾ ਗੱਲਬਾਤ ਲਈ ਸੁਝਾਓ ਦਿੰਦੇ ਹੋਏ ਲਿਖਿਆ। ਅਕਾਲੀ ਦਲ ਨੇ 17 ਜੂਨ, 1983 ਲਈ ਰੇਲ ਰੋਕੋ ਪ੍ਰੋਗਰਾਮ ਦਾ ਐਲਾਨ ਕੀਤਾ। 29 ਅਗਸਤ, 1983 ਨੂੰ ਕੰਮ ਰੋਕੋ ਅੰਦੋਲਨ ਚਲਾਇਆ।

7 ਅਕਤੂਬਰ, 1983 ਨੂੰ ਦੋ ਆਰਡੀਨੈਂਸ ਪਾਸ ਕੀਤੇ ਗਏ, ਪੰਜਾਬ ਗੜਬੜ ਗ੍ਰਸਤ ਖੇਤਰ ਆਰਡੀਨੈਂਸ ਅਤੇ ਚੰਡੀਗੜ੍ਹ ਗੜਬੜ ਗ੍ਰਸਤ ਖੇਤਰ ਆਰਡੀਨੈਂਸ। ਹਥਿਆਰਬੰਦ ਬਲ (ਪੰਜਾਬ ਅਤੇ ਚੰਡੀਗੜ੍ਹ) 'ਵਿਸ਼ੇਸ਼ ਸ਼ਕਤੀਆਂ ਆਰਡੀਨੈਂਸ' 15 ਅਗਸਤ, 1983 ਨੂੰ ਲਾਗੂ ਕੀਤਾ ਗਿਆ। ਦੂਜੇ ਸ਼ਬਦਾਂ ਵਿਚ ਸਾਰੀ ਅਫਰਾ ਤਫਰੀ ਸ਼ੁਰੂ ਹੋਣ ਤੋਂ ਪੂਰੇ ਛੇ ਮਹੀਨੇ ਪਹਿਲਾਂ ਕੇਂਦਰ ਸਰਕਾਰ ਨੇ ਇਸ ਸਖ਼ਤ ਕਾਰਵਾਈ ਦੀ ਕਾਨੂੰਨੀ ਤੌਰ ਤੇ ਨੀਂਹ ਰੱਖ ਲਈ ਸੀ।

ਭਿੰਡਰਾਂਵਾਲੇ ਅਤੇ ਅਕਾਲੀਆਂ ਦੀ ਵਿਚਲੀ ਰਾਜਨੀਤੀ ਅਜਿਹੀ ਚਾਲ ਚਲ ਰਹੀ ਸੀ ਜਿਸਨੂੰ ਵੇਖ ਕੇ ਇਹ ਸਾਫ਼ ਜ਼ਾਹਿਰ ਹੋ ਰਿਹਾ ਸੀ ਕਿ ਉਨ੍ਹਾਂ ਦੀ ਰਾਜਨੀਤੀ ਨੂੰ ਸੇਧ ਦੇਣ ਪਿੱਛੇ ਅਸਲੀ ਤਾਕਤ ਨਵੀਂ ਦਿੱਲੀ ਹੈ। ਹਰਿਮੰਦਰ ਕੰਪਲੈਕਸ ਦੇ ਨਿਯਮ ਅਨੁਸਾਰ ਕਿਰਪਾਨ ਤੋਂ ਇਲਾਵਾ ਹੋਰ ਕੋਈ ਵੀ ਹਥਿਆਰ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਨਹੀਂ ਲਿਜਾਇਆ ਜਾ ਸਕਦਾ ਅਤੇ ਅਕਾਲ ਤਖ਼ਤ ਵਿਚ ਕਿਸੇ ਨੂੰ ਰਹਿਣ ਦੀ ਆਗਿਆ ਨਹੀਂ ਸੀ।

ਜੀ.ਐਸ. ਟੌਹੜਾ ਐਸ.ਜੀ.ਪੀ.ਸੀ. ਦਾ ਪ੍ਰਧਾਨ ਸੀ। ਉਸਨੇ ਹਥਿਆਰ ਅੰਦਰ ਲਿਜਾਣ ਤੇ ਸੰਕੇਤਕ ਰੁਕਾਵਟ ਪੈਦਾ ਕੀਤੀ, ਭਾਵੇਂ ਉਹ ਹੁਣ ਇਸ ਗੱਲ ਤੋਂ ਇਨਕਾਰ ਕਰਦਾ ਹੈ, ਪਰ ਇਹ ਸਾਫ਼ ਹੈ ਕਿ ਸੰਤ ਨੂੰ ਅਕਾਲ ਤਖ਼ਤ ਵਿਖੇ ਠਹਿਰਣ ਲਈ ਉਹ ਬੜੀ ਨਿਪੁੰਨਤਾ ਨਾਲ ਗੁੱਝੇ ਇਸ਼ਾਰੇ ਕਰਨ ਵਾਲਾ ਸਾਧਨ ਸੀ। ਇਸ ਵੇਲੇ ਸੰਤ ਭਿੰਡਰਾਂਵਾਲਾ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਸਿੱਖ ਰਾਜਨੀਤੀ ਦੀਆਂ ਦੋ ਮੁੱਖ ਤਾਕਤਾਂ ਸਨ। ਟੌਹੜਾ ਇਕ ਕਮਜ਼ੋਰ ਤੀਜੀ ਧਿਰ ਸੀ। ਆਪਣੇ ਆਚਰਣ ਦੇ ਮੁਤਾਬਿਕ, ਟੌਹੜਾ ਨੇ ਦੋਹਾਂ ਸੰਤਾਂ ਨੂੰ ਇਕ ਦੂਜੇ ਦੇ ਵਿਰੁੱਧ ਕਰ ਦਿੱਤਾ। 25 ਅਪ੍ਰੈਲ, 1983 ਨੂੰ ਜਦੋਂ ਡੀ.ਆਈ.ਜੀ. ਏ.ਐਸ.ਅਟਵਾਲ ਨੂੰ ਗੋਲੀ ਮਾਰ ਦਿੱਤੀ ਗਈ, ਤਾਂ ਪੁਲਿਸ ਭਿੰਡਰਾਂਵਾਲੇ ਨੂੰ ਜੋ ਉਸ ਸਮੇਂ ਗੁਰੂ ਨਾਨਕ ਨਿਵਾਸ ਵਿਖੇ ਰਹਿ ਰਿਹਾ ਸੀ, ਗ੍ਰਿਫਤਾਰ ਕਰਨਾ ਚਾਹੁੰਦੀ ਸੀ। ਲੌਂਗੋਵਾਲ ਨੂੰ ਪੁਲਿਸ ਪਾਰਟੀ ਦੇ ਗੁਰੂ ਨਾਨਕ ਨਿਵਾਸ ਵਿਚ ਦਾਖਲ ਹੋਣ ਤੇ ਕੋਈ ਇਤਰਾਜ਼ ਨਹੀਂ ਸੀ ਅਤੇ ਉਸ ਨੇ ਰਾਜ ਸਰਕਾਰ ਨੂੰ ਕਿਹਾ

ਕਿ ਉਹ ਇਸ ਇਮਾਰਤ ਨੂੰ ਪਵਿੱਤਰ ਨਹੀਂ ਮੰਨਦਾ। ਪਰ ਲੌਂਗੋਵਾਲ ਨੂੰ ਟੌਹੜਾ ਦੀ ਹਮਾਇਤ ਨਾ ਮਿਲੀ। ਟੌਹੜਾ ਨੇ ਸੰਤ ਨੂੰ ਆਪਣਾ ਨਿਵਾਸ ਅਕਾਲ ਤਖ਼ਤ ਵਿਖੇ ਤਬਦੀਲ ਕਰ ਲੈਣ ਦੇ ਇਸ਼ਾਰੇ ਕਰਨੇ ਸ਼ੁਰੂ ਕਰ ਦਿੱਤੇ। ਪਰਮਪਰਾ ਦੀ ਉਲੰਘਣਾ ਲਈ ਉਹ ਇਸ ਗੱਲ ਉਤੇ ਜ਼ੋਰ ਦੇਣ ਲੱਗਾ ਕਿ ਕਿਉਂਕਿ ਭਿੰਡਰਾਂਵਾਲਾ ਇਕ ਸੰਤ ਹੈ ਇਸ ਲਈ ਉਹ ਅਕਾਲ ਤਖ਼ਤ ਵਿਖੇ ਰਹਿ ਸਕਦਾ ਹੈ।

15 ਦਸੰਬਰ, 1983 ਨੂੰ ਭਿੰਡਰਾਂਵਾਲਾ, ਕੰਪਲੈਕਸ ਦੇ ਧੁਰ ਪੱਛਮ ਵਾਲੇ ਪਾਸੇ ਅਕਾਲ ਤਖ਼ਤ ਵਿਖੇ ਚਲਾ ਗਿਆ। ਟੌਹੜਾ, ਲੌਂਗੋਵਾਲ ਅਤੇ ਹੋਰ ਅਕਾਲੀ ਕੰਪਲੈਕਸ ਦੇ ਧੁਰ ਪੂਰਬ ਵਾਲੇ ਪਾਸੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੀ ਰਹੇ। ਬਿਨਾਂ ਸ਼ੱਕ, ਟੌਹੜੇ ਨੂੰ ਪਤਾ ਸੀ ਕਿ ਫੌਜ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਤੇ ਕਬਜ਼ੇ ਲਈ ਆਏਗੀ - ਦੂਜੇ ਸ਼ਬਦਾਂ ਵਿਚ, ਉਨ੍ਹਾਂ ਦਾ ਸਿੱਧਾ ਭਿੰਡਰਾਂਵਾਲੇ ਨਾਲ ਮੁਕਾਬਲਾ ਹੋਵੇਗਾ, ਜਦੋਂ ਭਿੰਡਰਾਂਵਾਲੇ ਅਤੇ ਉਸਦੇ ਹਥਿਆਰਬੰਦ ਸਾਥੀਆਂ ਨੇ ਪਰਮਪਰਾ ਭੰਗ ਕਰਦਿਆਂ ਅਕਾਲ ਤਖ਼ਤ ਤੇ ਕਬਜ਼ਾ ਕੀਤਾ, ਜੇ ਉਦੋਂ ਹੀ ਟੌਹੜਾ ਨੇ ਅਸਤੀਫ਼ਾ ਦੇ ਦਿੱਤਾ ਹੁੰਦਾ, ਤਾਂ ਭਿੰਡਰਾਂਵਾਲੇ ਨੂੰ ਕਿਤੇ ਹੋਰ ਜਾਣ ਲਈ ਮਜਬੂਰ ਕੀਤਾ ਜਾ ਸਕਦਾ ਸੀ। ਇਸ ਤਰ੍ਹਾਂ ਫੌਜ ਨੂੰ ਅਕਾਲ ਤਖ਼ਤ ਤੇ ਹਮਲਾ ਕਰਨ ਦਾ ਇਕ ਛੋਟਾ ਜਿਹਾ ਕਾਰਣ ਵੀ ਨਾ ਮਿਲਦਾ, ਪਰ ਟੌਹੜਾ ਨੇ ਇਸ ਤਰ੍ਹਾਂ ਨਾ ਕੀਤਾ।

ਨਾ ਹੀ ਉਸਨੇ ਬਾਅਦ ਵਿਚ ਅਸਤੀਫ਼ਾ ਦਿੱਤਾ ਜਦੋਂ ਫੌਜ ਨੇ ਸਾਰੇ ਅਕਾਲ ਤਖ਼ਤ ਕੰਪਲੈਕਸ ਉਤੇ ਅਤੇ 74 ਹੋਰ ਗੁਰਦੁਆਰਿਆਂ ਤੇ ਹਮਲਾ ਕੀਤਾ ਅਤੇ ਕੁਝ ਨੂੰ ਤਬਾਹ ਕਰ ਦਿੱਤਾ। ਇਸਦੇ ਦੋ ਕਾਰਣ ਹੋ ਸਕਦੇ ਸਨ, ਇਕ ਤਾਂ ਇਹ ਕਿ ਉਹ ਦੁਬਾਰਾ ਐਸ.ਜੀ.ਪੀ.ਸੀ. ਵਿਚ ਆਪਣਾ ਮੁਰਾਤਬਾ ਮੁੜ ਹਾਸਲ ਨਹੀਂ ਕਰ ਸਕੇਗਾ, ਦੂਜਾ ਇਹ ਕਿ ਸਰਕਾਰ ਉਸਨੂੰ ਇਹ ਹਾਸਲ ਨਹੀਂ ਕਰਨ ਦੇਵੇਗੀ। ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਕਾਰਣ ਉਸ ਨੂੰ ਸ਼ੋਭਾ ਨਹੀਂ ਸੀ ਦਿੰਦਾ।

ਹਮਲੇ ਤੋਂ ਕੁਝ ਸਮਾਂ ਪਹਿਲਾਂ, ਦੁਬਾਰਾ ਭਿੰਡਰਾਂਵਾਲੇ ਨੂੰ ਆਪਣੇ ਸਾਥੀਆਂ ਅਤੇ ਲਾਇਸੈਂਸ-ਸ਼ੁਦਾ ਹਥਿਆਰਾਂ ਨਾਲ ਟਰੱਕਾਂ ਅਤੇ ਕਿਰਾਏ ਦੀਆਂ ਬੱਸਾਂ ਵਿਚ ਸਾਰੇ ਦੇਸ਼ ਵਿਚ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਗਈ। ਜੇ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਦਾ ਇਰਾਦਾ ਹੁੰਦਾ ਤਾਂ ਉਸਨੂੰ ਸਾਰੇ ਦੇਸ਼ ਵਿਚੋਂ ਕਿਤੇ ਵੀ ਫੜਿਆ ਜਾ ਸਕਦਾ ਸੀ। ਸਗੋਂ ਇਸਦੇ ਉਲਟ ਜਦੋਂ 13 ਸਤੰਬਰ, 1981 ਨੂੰ ਪੰਜਾਬ ਪੁਲਿਸ ਨੇ ਹਰਿਆਣਾ ਦੇ ਚੰਦੋ ਕਲਾਂ ਵਿਚ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਇਸਦਾ ਵਿਰੋਧ ਕੀਤਾ ਅਤੇ ਭਿੰਡਰਾਂਵਾਲੇ ਨੂੰ ਆਪਣੇ ਹੈੱਡ ਕੁਆਟਰ ਚੌਕ ਮਹਿਤਾ ਵਿਖੇ ਪਹੁੰਚ ਜਾਣ ਦਿੱਤਾ ਗਿਆ। ਮਾਰਕ ਟੂਲੀ ਆਪਣੀ ਕਿਤਾਬ ਵਿਚ ਲਿਖਦਾ ਹੈ ਕਿ "ਅਨੁਭਵੀ ਭਾਰਤੀ ਪੱਤਰਕਾਰ ਕੁਲਦੀਪ ਨਈਅਰ ਨੇ ਦੱਸਿਆ ਹੈ ਕਿ ਗ੍ਰਹਿ ਮੰਤਰੀ ਜ਼ੈਲ ਸਿੰਘ ਨੇ ਭਜਨ ਲਾਲ

ਨੂੰ ਫੋਨ ਕੀਤਾ ਅਤੇ ਕਿਹਾ ਕਿ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ। ਪੁਲਿਸ ਦੇ ਇਕ ਸੀਨੀਅਰ ਅਫ਼ਸਰ ਨੇ ਬੀ.ਬੀ.ਸੀ. ਦੇ ਸਤੀਸ਼ ਜੈਕਬ ਨੂੰ ਦੱਸਿਆ ਕਿ ਹਰਿਆਣਾ ਦਾ ਮੁੱਖ ਮੰਤਰੀ ਤਾਂ ਇਸ ਹੱਦ ਤਕ ਚਲਾ ਗਿਆ ਕਿ ਉਸਨੇ ਭਿੰਡਰਾਂਵਾਲੇ ਨੂੰ ਵਾਪਸ ਗੁਰਦੁਆਰੇ ਪਹੁੰਚਾਉਣ ਲਈ ਆਪਣੀ ਸਰਕਾਰੀ ਕਾਰ ਚੰਦੋ ਕਲਾਂ ਵਿਖੇ ਭੇਜੀ।"

ਸ੍ਰੀਮਤੀ ਇੰਦਰਾ ਗਾਂਧੀ ਵਲੋਂ ਭਿੰਡਰਾਂਵਾਲੇ ਨੂੰ ਇਕ ਚਿੱਠੀ ਭੇਜੀ ਗਈ ਜਿਸ ਵਿਚ ਇਹ ਕਿਹਾ ਗਿਆ ਕਿ ਗੱਲਬਾਤ ਲਈ ਸਾਰੇ ਵਿਸ਼ੇ ਖੁੱਲ੍ਹੇ ਹਨ, ਇਸ ਨਾਲ ਸੰਤ ਨੂੰ ਇਹ ਝੂਠੀ ਤਸੱਲੀ ਦਿੱਤੀ ਗਈ ਕਿ ਕੁਝ ਵੀ ਗਲਤ ਨਹੀਂ ਵਾਪਰਨ ਲੱਗਾ। ਦੂਜੇ ਪਾਸੇ ਸੰਤ ਭਿੰਡਰਾਂਵਾਲੇ ਦਾ ਅਕਾਲੀ ਦਲ ਤੋਂ ਵਿਸ਼ਵਾਸ ਕੁਝ ਸਮੇਂ ਤੋਂ ਉਠ ਚੁੱਕਾ ਸੀ ਕਿਉਂਕਿ ਉਹ ਮੋਰਚੇ ਦੀ ਪੂਰਤੀ ਸੱਚੇ ਦਿਲੋਂ ਨਹੀਂ ਚਾਹੁੰਦੇ, ਸਗੋਂ ਉਨ੍ਹਾਂ ਦਾ ਆਪਣਾ ਕਾਰਜ-ਕ੍ਰਮ ਸੀ ਅਤੇ ਉਨ੍ਹਾਂ ਨੂੰ ਨਾ ਟਲਣ ਵਾਲੀ ਲੜਾਈ ਵੱਲ ਧੱਕਿਆ ਜਾ ਰਿਹਾ ਸੀ, ਉਹ ਆਪਣੇ ਖ਼ਾਤਮੇ ਦੇ ਨਾਟਕ ਵਿਚ ਆਪਣੀ ਇੱਛਾ ਨਾਲ ਭਾਗ ਲੈ ਰਿਹਾ ਸੀ। ਜਦੋਂ 1981 ਵਿਚ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਖ਼ਾਲਿਸਤਾਨ ਚਾਹੁੰਦੇ ਹਨ ਜਾਂ ਭਾਰਤ ਵਿਚ ਰਹਿਣਾ ਚਾਹੁੰਦੇ ਹਨ, ਤਾਂ ਗੰਭੀਰਤਾ ਭਰੇ ਬਿਆਨ ਵਿਚ ਉਨ੍ਹਾਂ ਨੇ ਕਿਹਾ ਕਿ "ਮੈਂ ਇਹ ਕਦੇ ਵੀ ਨਹੀਂ ਮੰਗਿਆ ਪਰ ਜੇ ਇਹ ਮੈਨੂੰ ਦਿੱਤਾ ਗਿਆ ਤਾਂ ਮੈਂ ਲੈ ਲਵਾਂਗਾ। ਸਾਫ਼ ਲਫ਼ਜ਼ਾਂ ਵਿਚ, ਮੈਂ ਨਹੀਂ ਸੋਚਦਾ ਕਿ ਸਿੱਖ ਭਾਰਤ ਦੇ ਨਾਲ ਜਾਂ ਭਾਰਤ ਦੇ ਵਿਚ ਰਹਿ ਸਕਦੇ ਹਨ। ਉਹ ਸਿਰਫ ਅਜਿਹਾ ਤਾਂ ਹੀ ਕਰ ਸਕਦੇ ਹਨ ਜੇ ਉਨ੍ਹਾਂ ਨੂੰ ਬਰਾਬਰ ਦਾ ਰੁਤਬਾ ਦਿੱਤਾ ਜਾਵੇ, ਪਰ ਅਜਿਹਾ ਹੋਣ ਦੀ ਕੋਈ ਸੰਭਾਵਨਾ ਨਹੀਂ।"

ਮਾਰਕ ਟੁਲੀ ਲਿਖਦਾ ਹੈ: "14 ਅਕਤੂਬਰ ਨੂੰ, ਜਦੋਂ ਪੰਜਾਬ ਸਰਕਾਰ ਵਲੋਂ ਬੜੀਆਂ ਮੁਸ਼ਕਲਾਂ ਨਾਲ ਇਸ ਫਸਾਦੀ ਉਪਦੇਸ਼ਕ ਨੂੰ ਗ੍ਰਿਫਤਾਰ ਕੀਤਿਆਂ ਇਕ ਮਹੀਨਾ ਵੀ ਨਹੀਂ ਸੀ ਹੋਇਆ, ਜ਼ੈਲ ਸਿੰਘ ਨੇ ਦਿੱਲੀ ਵਿਚ ਪਾਰਲੀਮੈਂਟ ਨੂੰ ਕਿਹਾ ਕਿ ਅਜਿਹਾ ਕੋਈ ਸਬੂਤ ਨਹੀਂ ਸੀ ਕਿ ਭਿੰਡਰਾਂਵਾਲਾ, ਅਖਬਾਰ ਦੇ ਮਾਲਕ ਲਾਲਾ ਜਗਤ ਨਰਾਇਣ ਦੇ ਕਤਲ ਵਿਚ ਸ਼ਾਮਿਲ ਸੀ। ਭਿੰਡਰਾਂਵਾਲੇ ਨੂੰ ਰਿਹਾ ਕਰਨ ਦਾ ਫੈਸਲਾ ਸਰਕਾਰ ਵੱਲੋਂ ਲਿਆ ਗਿਆ ਸੀ।.... ਪਰ ਪੰਜਾਬ ਦੇ ਇਕ ਸੀਨੀਅਰ ਕਾਂਗਰਸੀ ਨੇਤਾ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਅਸਲ ਵਿਚ ਸ੍ਰੀਮਤੀ ਗਾਂਧੀ ਨੇ ਖੁਦ ਸੰਤ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ ਸੀ।"

ਕੇਂਦਰ-ਅਕਾਲੀ ਵਾਰਤਾਲਾਪ ਦੇ ਕਈ ਦੌਰਾਂ ਵਿਚੋਂ ਇਕ ਦੇ ਦੌਰਾਨ ਸ੍ਰੀਮਤੀ ਗਾਂਧੀ ਨੇ ਅਕਾਲੀਆਂ ਨੂੰ ਸੁਝਾਓ ਦਿੱਤਾ ਕਿ "ਭਿੰਡਰਾਂਵਾਲੇ ਨੂੰ ਨਕਾਰ ਦਿਓ।" ਉੱਤਰ ਸੰਖੇਪ ਸੀ: "ਸਾਡੇ ਨਾਲ ਉਸਨੂੰ ਸਿਰਫ ਇਕ ਸਾਲ ਹੋਇਆ ਹੈ; ਤੁਹਾਡੇ ਨਾਲ ਉਹ ਚਾਰ ਸਾਲ ਤੋਂ ਹੈ।"

ਇਸ ਸਮੇਂ ਦੌਰਾਨ, ਛੋਟੇ ਹਥਿਆਰ ਕਾਰ ਸੇਵਾ ਦੇ ਟਰੱਕਾਂ ਰਾਹੀਂ (ਜੋ ਕਿ ਐਸ.ਜੀ.ਪੀ.ਸੀ. ਦੇ - ਦੂਜੇ ਸ਼ਬਦਾਂ ਵਿਚ ਜੀ.ਐਸ. ਟੌਹੜਾ ਦੇ ਨਿਯੰਤ੍ਰਣ

ਹੇਠਾਂ ਸੀ), ਅਤੇ ਬੀ ਐਸ ਐਫ ਦੇ ਟਰੱਕਾਂ ਰਾਹੀਂ ਵੀ ਗੁਰਦੁਆਰਾ ਕੰਪਲੈਕਸ ਵਿਚ ਪਹੁੰਚਾਏ ਜਾ ਰਹੇ ਸਨ। ਜਦੋਂ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਪੀ.ਐਸ. ਭਿੰਡਰ ਨੇ ਅਜਿਹੇ ਦੋ ਟਰੱਕ ਫੜੇ ਅਤੇ ਦਿੱਲੀ ਤੋਂ ਹਿਦਾਇਤਾਂ ਮੰਗੀਆਂ ਤਾਂ ਉਸਨੂੰ "ਅੰਦਰ ਜਾਣ ਦਿਓ" ਦਾ ਆਦੇਸ਼ ਮਿਲਿਆ। ਇਹ ਸ਼੍ਰੀਮਤੀ ਗਾਂਧੀ ਦੇ ਉਸ ਉਦੇਸ਼ ਦੇ ਅਨੁਕੂਲ ਸੀ ਜਿਸ ਵਿਚ ਉਹ ਗੁਰਦੁਆਰਾ ਕੰਪਲੈਕਸ ਵਿਚ ਉਸਾਰੀ ਅਤੇ ਕਿਲ੍ਹੇਬੰਦੀ ਨੂੰ ਇਸ ਹੱਦ ਤਕ ਉਤਸ਼ਾਹਿਤ ਕਰਨਾ ਚਾਹੁੰਦੀ ਸੀ ਤਾਂ ਕਿ ਉਹ ਇਹ ਜਾਇਜ਼ ਦਾਅਵਾ ਕਰ ਸਕੇ ਕਿ ਗਰਦੁਆਰੇ ਦੇ ਅੰਦਰ ਦੀਆਂ ਅਤਿਵਾਦੀ ਗਤਿਵਿਧੀਆਂ ਪੁਲਿਸ ਅਤੇ ਨੀਮ ਫੌਜੀ ਬਲਾਂ ਦੇ ਨਿਯੰਤ੍ਰਣ ਤੋਂ ਬਾਹਰ ਸਨ ਅਤੇ ਇਸ ਨੇ ਫੌਜ ਦੇ ਪ੍ਰਵੇਸ਼ ਨੂੰ ਜਾਇਜ਼ ਬਣਾ ਦਿੱਤਾ।

ਜਿਵੇਂ ਕਿ ਵੇਦ ਮਰਵਾਹਾ "**ਅਨਸਿਵਲ ਵਾਰਜ਼**" ਵਿਚ ਪੁੱਛਦਾ ਹੈ: "ਕੀ ਇਹ ਸਾਰੀ ਕਿਲ੍ਹੇਬੰਦੀ ਸਰਕਾਰ ਦੀ ਜਾਣਕਾਰੀ ਤੋਂ ਬਿਨਾਂ ਕੀਤੀ ਜਾ ਸਕਦੀ ਸੀ?" ਇਕ ਸਮੇਂ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਰਹਿ ਚੁੱਕੇ ਵਿਸ਼ੇਸ਼ ਸਕੱਤਰ ਵਲੋਂ ਕੀਤਾ ਗਿਆ ਇਹ ਪ੍ਰਸ਼ਨ ਖ਼ਾਸ ਤੌਰ ਤੇ ਦਿਲਚਸਪ ਹੈ।

ਜਨਰਲ ਬਰਾੜ ਨੇ ਆਪਣੀ ਕਿਤਾਬ ਵਿਚ ਇਹੀ ਨੁਕਤਾ ਉਠਾਇਆ ਹੈ। ਉਹ ਕਹਿੰਦਾ ਹੈ: "ਗੁਰਦੁਆਰੇ ਵਿਚ ਚੋਰੀ ਛੁਪੇ ਹਥਿਆਰ ਇਕੱਠੇ ਕੀਤੇ ਜਾ ਰਹੇ ਸਨ ਅਤੇ ਇਹ ਸਭ ਕਾਰ ਸੇਵਾ ਦੇ ਟਰੱਕਾਂ ਰਾਹੀਂ ਲਿਜਾਏ ਜਾ ਰਹੇ ਸਨ। ਪੁਲਿਸ ਪ੍ਰਤਿਹਿੰਸਾ ਦੇ ਡਰ ਕਾਰਣ ਇਨ੍ਹਾਂ ਟਰੱਕਾਂ ਦੀ ਤਲਾਸ਼ੀ ਲੈਣ ਦੀ ਹਿੰਮਤ ਨਹੀਂ ਸੀ ਕਰਦੀ।.... ਉਸੇ ਸਮੇਂ ਗੁਰਦੁਆਰਾ ਅਤੇ ਹੋਸਟਲ ਕੰਪਲੈਕਸਾਂ ਦੀ ਕਿਲ੍ਹੇਬੰਦੀ ਪੂਰੇ ਜ਼ੋਰਾਂ ਸ਼ੋਰਾਂ ਨਾਲ ਕੀਤੀ ਜਾ ਰਹੀ ਸੀ। ਭਿੰਡਰਾਂਵਾਲੇ ਨੇ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਪੁਲਿਸ ਗੁਰਦੁਆਰੇ ਵਿਚ ਪ੍ਰਵੇਸ਼ ਕਰੇਗੀ ਅਤੇ ਉਸਨੇ ਮਹਿਸੂਸ ਕੀਤਾ ਕਿ ਸੁਰੱਖਿਆ ਲਈ ਕੀਤੀਆਂ ਉਸਾਰੀਆਂ ਰੋਕ ਪਾਉਣ ਦਾ ਕੰਮ ਕਰਨਗੀਆਂ। ਇਸ ਗੱਲ ਤੇ ਵਿਸ਼ਵਾਸ ਕਰਨਾ ਬੜੀ ਬੇਵਕੂਫੀ ਦੀ ਗੱਲ ਹੋਵੇਗੀ ਕਿ ਜੋ ਲੋਕ ਸਰਕਾਰ ਵਿਚ ਸਨ ਉਨ੍ਹਾਂ ਨੇ ਇਹ ਮਹਿਸੂਸ ਨਹੀਂ ਕੀਤਾ ਕਿ ਕੀ ਹੋ ਰਿਹਾ ਸੀ ਇਸ ਕਰਕੇ ਉਹ ਹਾਲਾਤ ਦੀ ਨਜ਼ਾਕਤ ਨੂੰ ਸਮਝਣ ਵਿਚ ਨਾਕਾਮਯਾਬ ਰਹੇ। ਇਨ੍ਹਾਂ ਕੋਲ ਲਾਇਸੈਂਸੀ ਹਥਿਆਰ ਸਨ। ਪੰਜਾਬ ਪੁਲਿਸ ਨੇ ਕੋਈ ਵੀ ਐਫ.ਆਈ.ਆਰ. ਨਹੀਂ ਸੀ ਦਰਜ ਕਰਵਾਈ ਕਿ ਉਨ੍ਹਾਂ ਦੇ ਲਾਇਸੈਂਸ ਮਨਸੂਖ (cancel) ਕਰ ਦਿੱਤੇ ਹਨ। ਉਨ੍ਹਾਂ ਕੋਲ ਭਿੰਡਰਾਂਵਾਲੇ ਸੰਤ ਜਾਂ ਉਨ੍ਹਾਂ ਦੇ ਕਿਸੇ ਸਾਥੀ ਨੂੰ ਫੜਨ (ਗ੍ਰਿਫਤਾਰ ਕਰਨ) ਦੇ ਵਾਰੰਟ ਹਨ - ਓਪਰੇਸ਼ਨ ਬਲਿਊਸਟਾਰ ਤੋਂ ਬਾਅਦ 6 ਜੂਨ ਨੂੰ ਹੀ ਸੰਤ ਜੀ ਦੇ ਮਰਨ ਉਪਰੰਤ ਉਨ੍ਹਾਂ ਦੇ ਖਿਲਾਫ ਐਫ.ਆਈ.ਆਰ. ਲਿਖਵਾਈ ਗਈ। ਫਿਰ ਵੀ ਕਿਸੇ ਵੀ ਅਧਿਕਾਰੀ ਨੇ ਕੋਈ ਕਾਰਵਾਈ ਨਾ ਕੀਤੀ। ਅਧਿਕਾਰੀਆਂ ਤੇ ਫ਼ਰਜ਼ ਤੋਂ ਕੋਤਾਹੀ ਦਾ ਦੋਸ਼ ਲਗਾਉਣਾ ਬਹੁਤ ਹਲਕਾ ਦੋਸ਼ ਹੋਵੇਗਾ ਅਤੇ ਇਸ ਅਣਗਹਿਲੀ ਲਈ ਉਨ੍ਹਾਂ ਨੂੰ ਮਾਫ਼ ਕਰ ਦੇਣਾ ਭੋਲਾਪਣ ਹੋਵੇਗਾ। ਕੁਝ ਲੋਕਾਂ ਵਲੋਂ ਸਰਕਾਰ

ਵਲੋਂ ਕੋਈ ਕਾਰਵਾਈ ਨਾ ਕਰਨ ਦਾ ਕਾਰਣ ਇਹ ਦਿੱਤਾ ਜਾਂਦਾ ਹੈ ਕਿ ਅਜਿਹੀ ਸਥਿਤੀ ਵਿਚ ਵੀ ਅਧਿਕਾਰੀਆਂ ਅਤੇ ਟੌਹੜਾ ਵਿਚ ਹਾਲਾਤ ਦੇ ਸੁਧਾਰ ਲਈ ਅੰਤਿਮ ਲੁਕਵੀਂ ਗੱਲਬਾਤ ਚਲ ਰਹੀ ਸੀ।"

ਨੋਟ: ਸ਼ਾਇਦ ਹਥਿਆਰਾਂ ਦੀ ਕੰਪਲੈਕਸ ਵਿਚ ਹੋ ਰਹੀ ਤਸਕਰੀ ਬਾਰੇ ਜਨਰਲ ਬਰਾੜ ਦੀ ਚਿੰਤਾ ਬੇਲੋੜੀ ਹੈ। "ਓਪਰੇਸ਼ਨ ਬਲਿਊਸਟਾਰ" ਮਗਰੋਂ ਜਿਹੜੇ ਹਥਿਆਰ ਹਰਿਮੰਦਰ ਸਾਹਿਬ ਦੇ ਖੇਤਰ ਵਿਚੋਂ ਮਿਲੇ ਸਨ ਉਹ ਇੰਨੇ ਪ੍ਰਭਾਵਸ਼ਾਲੀ ਨਹੀਂ ਸਨ। ਸਰਕਾਰੀ ਵਾਈਟ ਪੇਪਰ ਵਿਚ ਸ਼ੁਮਾਰ ਕੀਤੇ ਗਏ ਹਥਿਆਰਾਂ ਵਿਚੋਂ ਬਹੁਤੇ ਦੂਜੇ ਮਹਾਂਯੁੱਧ ਦੇ ਪੁਰਾਣੇ ਹਥਿਆਰ ਸਨ। ਛੇ ਸੌ ਪੰਜਾਹ ਆਦਮੀ ਅਤੇ ਇਸ ਕਿਸਮ ਦੇ ਹਥਿਆਰ ਭਾਰਤੀ ਫੌਜ, ਜਿਸਦੀ ਪ੍ਰਤੀਨਿਧਤਾ ਹਵਾਈ ਸੈਨਾ ਤੇ ਜਲ ਸੈਨਾ ਦੀ ਨਿਗਰਾਨੀ ਦੀ ਸਹਾਇਤਾ ਪ੍ਰਾਪਤ ਪੈਦਲ ਸੈਨਾ ਦੀਆਂ 4 ਬਟਾਲੀਅਨਾਂ, ਕਮਾਂਡੋ ਯੂਨਿਟਾਂ, ਇਕ ਵਿਜੈਂਤਾ ਟੈਂਕਾਂ ਦੀ ਸਕੁਆਰਡਨ, ਇਕ ਬਖਤਰਬੰਦ ਗੱਡੀਆਂ ਦੀ ਸਕੁਆਰਡਨ ਕਰ ਰਹੀਆਂ ਸਨ, ਦੇ ਮੁਕਾਬਲੇ ਬਹੁਤ ਘੱਟ ਅਹਿਮੀਅਤ ਰੱਖਦੇ ਸਨ। ਇਹ ਅੰਦਾਜ਼ਾ ਫੌਜ ਦੇ ਸੀਨੀਅਰ ਜਨਰਲਾਂ ਦੁਆਰਾ ਸਰਕਾਰੀ ਵਾਈਟ ਪੇਪਰ ਪੜ੍ਹਨ ਤੋਂ ਬਾਅਦ ਲਗਾਇਆ ਗਿਆ ਹੈ, ਭਾਵੇਂ ਅਸਲ ਵਿਚ ਫੌਜ ਵਲੋਂ ਫੜੇ ਹਥਿਆਰਾਂ ਦੀ ਗਿਣਤੀ ਵਾਈਟ ਪੇਪਰ ਵਿਚ ਦਰਸਾਈ ਗਈ ਗਿਣਤੀ ਨਾਲੋਂ ਕਾਫੀ ਘੱਟ ਸੀ ਅਤੇ ਕੰਪਲੈਕਸ ਦੇ ਅੰਦਰ 100, 150 ਤੋਂ ਵੱਧ ਖਾੜਕੂ ਨਹੀਂ ਸਨ।

ਦਰਬਾਰ ਸਾਹਿਬ ਕੰਪਲੈਕਸ ਤੇ ਹਮਲਾ ਕਰਨ ਲਈ ਲਗਾਏ ਗਏ ਬਲਾਂ ਦੀ ਸੂਚੀ ਲੈਫ. ਜਨਰਲ ਬਰਾੜ ਨੇ ਇਸ ਤਰ੍ਹਾਂ ਦਿੱਤੀ ਹੈ: ਇਕ 10 ਗਾਰਡਜ਼ ਬਟਾਲੀਅਨ, ਇਕ 26 ਮਦਰਾਸ ਬਟਾਲੀਅਨ, ਇਕ 9 ਕੁਮਾਊਂ ਬਟਾਲੀਅਨ, ਇਕ 15 ਕੁਮਾਊਂ ਬਟਾਲੀਅਨ, 12 ਬਿਹਾਰ, ਇਕ ਕੰਪਨੀ 1 ਪੈਰਾ ਕਮਾਂਡੋਜ਼, ਇਕ ਕੰਪਨੀ ਸਪੈਸ਼ਲ ਫਰੰਟੀਅਰ ਫੋਰਸ, ਇਕ ਸਕੁਆਰਡਨ ਵਿਜੈਂਤਾ ਟੈਂਕਾਂ ਦੀ, ਇਕ ਪਲਟਨ ਇਨਫੈਂਟਰੀ ਕੰਮਬੈਟ ਗੱਡੀਆਂ ਦੀ, ਇਕ ਕੰਪਨੀ ਸੀਮਾ ਸੁਰੱਖਿਆ ਬਲ ਦੀ, ਅਤੇ ਇਕ ਕੰਪਨੀ ਕੇਂਦਰੀ ਰਿਜ਼ਰਵ ਪੁਲਿਸ ਬਲ ਦੀ।

ਲੈਫ. ਜਨਰਲ ਕੇ.ਐਸ. ਬਰਾੜ ਅਤੇ ਸਰਕਾਰ ਦੇ ਵਾਈਟ ਪੇਪਰ ਨੇ ਫੜੇ ਹੋਏ ਹਥਿਆਰਾਂ ਦੀ ਇਕ ਸੂਚੀ ਪੇਸ਼ ਕੀਤੀ ਹੈ। ਇਸ ਸੂਚੀ ਦੇ ਅਨੁਸਾਰ ਉੱਥੇ ਹੇਠ ਅਨੁਸਾਰ ਹਥਿਆਰ ਫੜੇ ਗਏ ਸਨ:

7.62 ਮਿ.ਮੀ. ਲਾਈਟ ਮਸ਼ੀਨ ਗੰਨਾਂ 41

7.62 ਮਿ.ਮੀ. ਸੈਲਫ-ਲੋਡਿੰਗ ਰਾਈਫਲਾਂ

84

7.62 ਮਿ.ਮੀ. ਚੀਨੀ ਰਾਈਫਲਾਂ

52

ਹਰ ਕਿਸਮ ਦੀਆਂ, ਵੱਖ-ਵੱਖ ਰਾਈਫਲਾਂ

28

ਕਾਰਬਾਈਨਾਂ

41

5.56 ਮਿ.ਮੀ ਸਬ ਮਸ਼ੀਨ ਗੰਨਾਂ

49

ਪਿਸਤੌਲਾਂ ਅਤੇ ਰਿਵਾਲਵਰਾਂ (ਸਟੈਂਡਰਡ ਪੈਟਰਨ)

84

ਪਿਸਤੌਲਾਂ (ਦੇਸੀ)

67

12 ਬੋਰ ਦੀਆਂ ਬੰਦੂਕਾਂ

78

ਰਾਕੇਟ-ਪ੍ਰੋਪੈਲਡ ਗ੍ਰਨੇਡ ਲਾਂਚਰ (ਐਂਟੀ ਟੈਂਕ) 2

ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਚਾਰ ਗਰੁੱਪਾਂ ਵਿਚ ਵੰਡਿਆ ਗਿਆ: ਬਜ਼ੁਰਗ, ਔਰਤਾਂ, ਜਵਾਨ, ਅਤੇ 'ਖ਼ਤਰਨਾਕ' ਗਰੁੱਪ - ਜਿਨ੍ਹਾਂ ਦੀ ਪਛਾਣ ਸੀ ਕੇਸਰੀ ਜਾਂ ਨੀਲੀ ਪੱਗ, ਕਿਰਪਾਨ, ਖੁੱਲ੍ਹੀ ਦਾੜ੍ਹੀ ਅਤੇ ਆਮ ਤੌਰ ਤੇ ਨਾਖੁਸ਼ ਲੱਗਣ ਵਾਲੀ ਦਿਖ।

ਜ਼ਨਾਨਾ ਕੈਦੀਆਂ ਦੀ ਦੇਖਭਾਲ ਲਈ ਜ਼ਨਾਨਾ ਪੁਲਿਸ ਦਾ ਕੋਈ ਇੰਤਜ਼ਾਮ ਨਹੀਂ ਸੀ, ਜਿਥੋਂ ਤਕ ਪੁਰਸ਼ਾਂ ਦਾ ਸਬੰਧ ਹੈ, ਉਨ੍ਹਾਂ ਨੂੰ ਬੰਦੀ ਬਣਾਉਣ ਵਾਲੇ ਫੌਜੀ ਸਨ। ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਹੈ, ਵੱਡੀ ਗਿਣਤੀ ਵਿਚ ਬਲਾਤਕਾਰ ਅਤੇ ਜਿਸਮਾਨੀ ਤੌਰ ਤੇ ਤੰਗ ਕਰਨ ਦੀਆਂ ਅਫਵਾਹਾਂ ਫੈਲੀਆਂ ਹੋਈਆਂ ਸਨ। ਬਹੁਤ ਥੋੜ੍ਹੀਆਂ ਪੰਜਾਬੀ ਔਰਤਾਂ ਇਸ ਗੱਲ ਨੂੰ ਮੰਨਣ ਲਈ ਤਿਆਰ ਹੋਣਗੀਆਂ ਕਿ ਉਨ੍ਹਾਂ ਨਾਲ ਬਲਾਤਕਾਰ ਹੋਇਆ ਹੈ, ਇਸ ਲਈ ਇਨ੍ਹਾਂ ਅਫਵਾਹਾਂ ਦੀ ਤਸਦੀਕ ਕਰਨਾ ਕਦੀ ਵੀ ਸੰਭਵ ਨਹੀਂ ਹੋ ਸਕਦਾ। ਇਹ ਅਫਵਾਹਾਂ ਆਪਣੇ ਆਪ ਵਿਚ ਬਹੁਤ ਹੀ ਬੇਚੈਨੀ ਪੈਦਾ ਕਰਨ ਵਾਲੀਆਂ ਸਨ।

ਫੌਜ ਦੁਆਰਾ ਇਕ ਵਿਰੋਧੀ ਚਾਰਜ ਕਿ ਹਰਿਮੰਦਰ ਪਰਿਸਰ ਵਿਚ ਬੰਧਕ ਔਰਤਾਂ ਅਤੇ ਨਸ਼ੀਲੀਆਂ ਵਸਤਾਂ ਫੜੀਆਂ ਗਈਆਂ ਸਨ, ਪੀ.ਐਸ. ਭਿੰਡਰ, ਉਦੋਂ ਦੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਰਨਲ, ਨੇ ਇਸ ਚਾਰਜ ਦਾ '**ਪਰੋਬ**' ਰਿਸਾਲੇ ਦੇ ਜੁਲਾਈ, 1984 ਅੰਕ ਵਿਚ ਖੰਡਨ ਕੀਤਾ: "ਮੈਨੂੰ ਕੋਈ ਔਰਤਾਂ ਨਹੀਂ ਮਿਲੀਆਂ ਜਿਨ੍ਹਾਂ ਨੇ ਮੈਨੂੰ ਇਸ ਸਬੰਧੀ ਕੋਈ ਸ਼ਿਕਾਇਤ ਕੀਤੀ ਹੋਵੇ। ਕੀ ਇਹ ਫੌਜ ਨਹੀਂ ਸੀ ਜਿਸ ਨੇ ਕਿਹਾ ਸੀ ਕਿ ਹਸ਼ੀਸ਼ (ਗਾਂਜਾ) ਅਤੇ ਅਫੀਮ ਬਰਾਮਦ ਹੋਈ ਸੀ? ਅਤੇ ਹੁਣ ਇਸ ਰਿਪੋਰਟ ਦਾ ਖੰਡਨ ਕੀਤਾ ਜਾ ਰਿਹਾ ਹੈ।"

ਲੈਫ. ਜਨਰਲ ਜੇ.ਐਸ. ਅਰੋੜਾ ਨੇ '**ਦਿ ਪੰਜਾਬ ਸਟੋਰੀ**' ਵਿਚਲੇ

ਲੇਖ ਵਿਚ ਲਿਖਿਆ ਹੈ: ਪ੍ਰਚਾਰ ਸਾਧਨਾਂ ਵਲੋਂ ਬਣਾਈ ਤਸਵੀਰ, ਕਿ ਗੁਰਦੁਆਰੇ ਅੰਦਰੋਂ ਬਹੁਤ ਸੂਖਮ ਮਾਰੂ ਹਥਿਆਰ ਮਿਲੇ ਹਨ, ਨੂੰ ਦਰੁਸਤ ਕਰਨ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ, ਇਹ ਯਾਦ ਰੱਖਣਾ ਬਣਦਾ ਹੈ ਕਿ ਲੜਾਈ ਵਿਚ ਹਥਿਆਰ ਗੁਆਚ ਜਾਂਦੇ ਹਨ। 1965 ਅਤੇ 1971 ਵਿਚ ਪਾਕਿਸਤਾਨ ਨਾਲ ਹੋਈਆਂ ਦੋਵੇਂ ਲੜਾਈਆਂ ਵਿਚ ਵੱਡੀ ਗਿਣਤੀ ਵਿਚ ਹਥਿਆਰ ਲੋਕਾਂ ਨੇ ਚੁੱਕ ਲਏ ਅਤੇ ਉਹ ਕਦੇ ਵੀ ਗਿਣਤੀ ਵਿਚ ਨਹੀਂ ਆਏ। ਪੰਜਾਬ-ਪਾਕਿਸਤਾਨ ਸੀਮਾ ਤੇ ਵੱਡੇ ਪੱਧਰ ਤੇ ਹੋ ਰਹੀ ਤਸਕਰੀ ਨਾਲ ਕੁਝ ਹਥਿਆਰਾਂ ਦੀ ਤਸਕਰੀ ਜ਼ਰੂਰ ਹੋਈ ਹੈ। 1960 ਤੋਂ ਲੈ ਕੇ ਸਰਕਾਰ ਸਰਹੱਦ ਦੇ ਨਾਲ ਰਹਿੰਦੇ ਕੁਝ ਭਰੋਸੇਯੋਗ ਲੋਕਾਂ ਨੂੰ ਸੁਰੱਖਿਆ ਦੇ ਉਦੇਸ਼ ਲਈ ਹਥਿਆਰ ਦੇ ਰਹੀ ਹੈ। ਇਸ ਲਈ ਪੰਜਾਬ ਵਿਚ ਕਾਫੀ ਸਾਰੇ ਨਜਾਇਜ਼ ਹਥਿਆਰ ਹਨ ਜਿਹੜੇ ਘਰੇਲੂ ਝਗੜਿਆਂ, ਜਾਇਦਾਦ ਦੇ ਝਗੜਿਆਂ ਅਤੇ ਡਕੈਤੀਆਂ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦੀ ਖ਼ਰੀਦੋ-ਫ਼ਰੋਖ਼ਤ ਬਹੁਤ ਹੀ ਮੁਨਾਫੇ ਵਾਲਾ ਧੰਦਾ ਰਿਹਾ ਹੈ। ਇਕ ਹੋਰ ਨੁਕਤੇ ਉਤੇ ਧਿਆਨ ਦੇਣ ਦੀ ਲੋੜ ਹੈ ਕਿ ਗੁਰਦੁਆਰੇ ਵਿਚੋਂ ਫੜੇ ਹਥਿਆਰਾਂ ਵਿਚੋਂ ਕੇਵਲ 60 ਸੈਲਫ-ਲੋਡਿੰਗ ਰਾਈਫਲਾਂ ਉੱਪਰ ਵਿਦੇਸ਼ੀ ਨਿਸ਼ਾਨ ਸਨ। ਬਾਕੀ ਸਾਰੀਆਂ ਭਾਰਤ ਵਿਚ ਬਣੀਆਂ ਹੋਈਆਂ ਹਨ। ਉੱਥੇ ਕੋਈ ਮੀਡੀਅਮ ਮਸ਼ੀਨ ਗੰਨ ਜਾਂ ਮਾਰਟਰ ਨਹੀਂ ਸੀ। ਹਾਂ ਉੱਥੇ ਵੱਡੀ ਗਿਣਤੀ ਵਿਚ ਲਾਈਟ ਮਸ਼ੀਨ ਗੰਨਾਂ ਮੌਜੂਦ ਸਨ। ਲਾਈਟ ਅਤੇ ਮੀਡੀਅਮ ਮਸ਼ੀਨ ਗੰਨ ਲਈ ਵਰਤਿਆ ਜਾਣ ਵਾਲਾ ਗੋਲੀ ਸਿੱਕਾ ਇਕੋ ਹੀ ਹੁੰਦਾ ਹੈ, ਪਰ ਮੀਡੀਅਮ ਮਸ਼ੀਨ ਗੰਨ ਦੀ ਗੋਲੀ ਚਲਾਉਣ ਦੀ ਰਫ਼ਤਾਰ ਜ਼ਿਆਦਾ ਹੁੰਦੀ ਹੈ। ਉਥੇ ਅਤਿਵਾਦੀਆਂ ਕੋਲ ਦੋ ਰਾਕੇਟ ਲਾਂਚਰ ਸਨ, ਪਰ ਕੇਵਲ ਇਕ ਦੀ ਹੀ ਵਰਤੋਂ ਕੀਤੀ ਗਈ। ਇਸ ਲਈ ਇਹ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉੱਥੇ ਬਹੁਤੇ ਸੂਖਮ ਹਥਿਆਰ ਨਹੀਂ ਸਨ। ਭਾਵੇਂ ਇਹ ਕਾਫੀ ਸਨ ਪਰ ਜਿਹੜਾ ਜਨਤਾ ਦੇ ਮਨਾਂ ਤੇ ਇਹ ਪ੍ਰਭਾਵ ਪਾਇਆ ਜਾ ਰਿਹਾ ਹੈ ਕਿ ਵਿਦੇਸ਼ੀ ਸਰਕਾਰਾਂ ਸਾਡੀ ਸਰਕਾਰ ਦਾ ਤਖ਼ਤਾ ਪਲਟਣ ਦੇ ਵਿਚਾਰ ਨਾਲ ਜਾਣ-ਬੁੱਝ ਕੇ ਅਤਿਵਾਦੀਆਂ ਨੂੰ ਹਥਿਆਰਬੰਦ ਕਰ ਰਹੀਆਂ ਹਨ, ਬੇਹੱਦ ਅਤਿਕਥਨੀ ਹੈ।

ਇਕ ਰਿਟਾਇਰਡ ਬ੍ਰਿਗੇਡੀਅਰ ਜੋ ਉਸ ਸਮੇਂ ਲੈਫਟੀਨੈਂਟ ਕਰਨਲ ਸੀ, ਯਾਦ ਕਰਦਾ ਹੈ: "ਮੇਰੀ ਯੂਨਿਟ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਓਪਰੇਸ਼ਨ ਤੋਂ ਬਾਅਦ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਸਹਾਇਤਾ ਲਈ ਭੇਜਿਆ ਗਿਆ। ਮੈਂ 10 ਜੂਨ ਨੂੰ ਅੰਮ੍ਰਿਤਸਰ ਪੁੱਜਾ। ਆਪਣੀ ਨਿੱਜੀ ਜਾਣਕਾਰੀ ਦੇ ਆਧਾਰ ਤੇ ਮੈਂ ਇਹ ਕਹਿ ਸਕਦਾ ਹਾਂ ਕਿ ਸਰਕਾਰ ਦੇ ਵਾਈਟ ਪੇਪਰ ਵਿਚ ਦਿੱਤੀ ਹਥਿਆਰਾਂ ਦੀ ਸੂਚੀ ਅਤਿਵਾਦੀਆਂ ਦੇ ਹਥਿਆਰਾਂ ਦਾ ਸਹੀ ਪ੍ਰਤਿਬਿੰਬ ਨਹੀਂ ਹੈ। ਲਾਈਟ ਮਸ਼ੀਨ ਗੰਨਾਂ ਦੀ ਗਿਣਤੀ 41 ਦੱਸੀ ਗਈ ਹੈ ਪਰ ਕਾਫੀ ਭਾਲ ਤੋਂ ਬਾਅਦ ਸਾਨੂੰ ਕੇਵਲ ਚਾਰ ਮੈਗਜ਼ੀਨਾਂ ਹੀ ਲੱਭੀਆਂ। ਇਕ ਮਸ਼ੀਨ ਗੰਨ ਨਾਲ 12 ਮੈਗਜ਼ੀਨਾਂ ਹੁੰਦੀਆਂ ਹਨ, ਇਹ ਪ੍ਰਮਾਣਿਕ ਨਿਯਮ ਹੈ। ਇਸ ਲਈ,

ਇਕ ਮਸ਼ੀਨ ਗੰਨ ਜਾਂ ਕੋਈ ਹੋਰ ਗੰਨ ਬਿਨਾਂ ਗੋਲੀ ਸਿੱਕੇ ਦੇ 'ਇਕ ਧਾਤ ਦੇ ਟੁਕੜੇ' ਤੋਂ ਵੱਧ ਕੁਝ ਵੀ ਨਹੀਂ ਹੁੰਦੀ। ਇਸ ਗੱਲ ਦੀ ਇਕ ਰਿਟਾਇਰਡ ਕਰਨਲ, ਜੋ ਕਿ 3 ਜੂਨ ਨੂੰ ਦਰਬਾਰ ਸਾਹਿਬ ਭੇਜੀ ਗਈ ਇਕ ਇੰਜੀਨੀਅਰਿੰਗ ਯੂਨਿਟ ਦੀ ਅਗਵਾਈ ਕਰ ਰਿਹਾ ਸੀ, ਨੇ ਵੀ ਗਵਾਹੀ ਦਿੱਤੀ ਹੈ।

ਇਸ ਲਈ ਮੈਂ ਇਹ ਸਿੱਟਾ ਕੱਢਦਾ ਹਾਂ ਕਿ ਖਾੜਕੂਆਂ ਕੋਲ ਸ਼ਾਇਦ ਸਿਰਫ ਚਾਰ ਮਸ਼ੀਨ ਗੰਨਾਂ ਸਨ। ਸ਼ਾਇਦ ਕੋਈ 30 ਹੋਰ ਹਥਿਆਰਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਨਹੀਂ ਤਾਂ ਇਸ ਗੱਲ ਦੀ ਕੋਈ ਤੁਕ ਨਹੀਂ ਬਣਦੀ ਕਿ ਖਾੜਕੂਆਂ ਨੇ ਮਸ਼ੀਨ ਗੰਨਾਂ ਤਾਂ ਲੈ ਲਈਆਂ ਹੋਣ ਪਰ ਗੋਲੀ-ਬਰੂਦ ਨਾ ਹਾਸਲ ਕੀਤਾ ਹੋਵੇ। ਸਾਨੂੰ 52 ਏਕੇ-47 ਰਾਈਫਲਾਂ ਲੱਭੀਆਂ, ਇਨ੍ਹਾਂ ਤੋਂ ਇਲਾਵਾ ਸਾਨੂੰ 12 ਚੰਗੀ ਤਰ੍ਹਾਂ ਗਰੀਜ਼ ਕੀਤੀਆਂ ਪਰ ਅਣਵਰਤੀਆਂ ਏਕੇ-47 ਰਾਈਫਲਾਂ ਨਾਲ ਭਰਿਆ ਇਕ ਕਰੇਟ ਮਿਲਿਆ। ਮੈਂ ਦੂਜੇ ਪਾਸੇ ਦੇ ਅਸਲ ਯੋਧਿਆਂ ਦੀ ਗਿਣਤੀ 200 ਮੰਨਦਾ ਹਾਂ ਅਤੇ ਉਹ ਜ਼ਿਆਦਾਤਰ ਸਿਰਫ ਏਕੇ-47 ਨਾਲ ਹੀ ਲੜੇ। ਲਗਾਤਾਰ ਚੱਲਣ ਕਾਰਣ ਏਕੇ-47 ਰਾਈਫਲਾਂ ਦੀਆਂ ਨਾਲੀਆਂ ਫਟੀਆਂ ਹੋਈਆਂ ਸਨ। ਉਨੰਜਾ 5.56 ਮਿ.ਮੀ. ਦੀਆਂ ਸਬ ਮਸ਼ੀਨ ਗੰਨਾਂ, ਗਿਣਤੀ ਵਧਾਉਣ ਲਈ ਬਾਅਦ ਵਿਚ ਸ਼ਾਮਲ ਕੀਤੀਆਂ ਗਈਆਂ ਸਨ ਜਦ ਕਿ ਉਹ ਅਸਲ ਵਿਚ ਮੌਜੂਦ ਨਹੀਂ ਸਨ।

ਅੰਦਰ ਜਾਣ ਵਾਲੇ ਪਹਿਲੇ ਤਿੰਨ ਸਿਵਲ ਅਫ਼ਸਰ ਦੱਸਦੇ ਹਨ ਕਿ ਉਨ੍ਹਾਂ ਨੇ ਅਕਾਲ ਤਖ਼ਤ ਅੱਗੇ ਏਕੇ-47 ਰਾਈਫਲਾਂ ਦੇ ਚੱਲੇ ਹੋਏ ਕਾਰਤੂਸਾਂ ਦੇ ਵੱਡੇ-ਵੱਡੇ ਢੇਰ ਲੱਗੇ ਵੇਖੇ ਸਨ। ਉਨ੍ਹਾਂ ਦੀ ਸੋਚ ਅਨੁਸਾਰ, ਇਨ੍ਹਾਂ ਚਲੇ ਹੋਏ ਕਾਰਤੂਸਾਂ ਦੀ ਗਿਣਤੀ ਅਸਲ ਵਿਚ ਵਰਤੇ ਗਏ ਕਾਰਤੂਸਾਂ ਨਾਲੋਂ ਕਾਫੀ ਜ਼ਿਆਦਾ ਸੀ। ਪੁੱਛਣ ਤੇ ਪਤਾ ਲੱਗਾ ਕਿ ਇਨ੍ਹਾਂ ਵਿਚੋਂ ਬਹੁਤੇ ਏਕੇ-47 ਰਾਈਫਲਾਂ ਦੇ ਹਨ ਅਤੇ ਕੁਝ .303 ਦੇ ਹਨ। ਉਨ੍ਹਾਂ ਨੂੰ ਮਸ਼ੀਨ ਗੰਨ ਦਾ ਚੱਲਿਆ ਹੋਇਆ ਇਕ ਵੀ ਕਾਰਤੂਸ ਨਾ ਦਿਖਾਈ ਦਿੱਤਾ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਗੁਰਦੇਵ ਸਿੰਘ ਨੇ ਖਾੜਕੂਆਂ ਅਤੇ ਉਨ੍ਹਾਂ ਦੇ ਹਥਿਆਰਾਂ ਦਾ ਇੰਨਾ ਕੁ ਹੀ ਅੰਦਾਜ਼ਾ ਲਗਾ ਕੇ ਓਪਰੇਸ਼ਨ ਬਲਿਊਸਟਾਰ ਤੋਂ ਪਹਿਲਾਂ ਰਾਜਪਾਲ ਪਾਂਡੇ ਨੂੰ ਦੱਸਿਆ ਸੀ "ਗੁਰਦੁਆਰੇ ਵਿਚ 200 ਤੋਂ ਲੈ ਕੇ 300 ਤੋਂ ਵੱਧ ਗੰਨਾਂ ਮੌਜੂਦ ਨਹੀਂ ਹਨ...।" (ਉਸ ਦਾ ਬਿਆਨ ਅੱਗੇ ਵਿਸਤਾਰ ਵਿਚ ਦਰਜ ਹੈ।)

{ਨੋਟ: ਹੋਰ ਸਿੱਖ ਧਾਰਮਿਕ ਨੇਤਾ (ਖ਼ਾਸ ਤੌਰ ਤੇ ਬੁੱਢਾ ਅਕਾਲੀ ਦਲ ਦਾ ਸੰਤਾ ਸਿੰਘ ਅਤੇ ਤਰੁਣਾ ਦਲ ਦਾ ਅਜੀਤ ਸਿੰਘ ਪੂਹਲਾ) ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਦਾ ਦਫ਼ਤਰ ਅਕਾਲੀਆਂ ਦੇ ਵਿਰੁੱਧ ਸਰਪ੍ਰਸਤੀ ਦੇ ਰਿਹਾ ਸੀ, ਨੂੰ ਵੀ ਇੰਨੀ ਮਾਤਰਾ ਵਿਚ ਹਥਿਆਰ ਮਿਲੇ ਹੋਏ ਸਨ। ਕੀ ਇਹ ਜਾਇਜ਼ ਸਨ।}

ਟੁਲੀ ਨੇ ਵੀ ਪੁੱਛਿਆ : "ਸ੍ਰੀਮਤੀ ਗਾਂਧੀ ਨੇ ਪਹਿਲਾਂ ਕਾਰਵਾਈ ਕਿਉਂ ਨਾ ਕੀਤੀ? ਇਸਦੀ ਤਰਕਸੰਗਤ ਰਾਜਨੀਤਕ ਵਿਆਖਿਆ ਸੀ। ਸ੍ਰੀਮਤੀ

ਗਾਂਧੀ ਨੇ ਆਪਣੇ ਅਹੁਦੇ ਦੇ ਆਖਰੀ ਸਮੇਂ ਵਿਚ ਆਪਣੇ ਰਵਾਇਤੀ ਸਮਰਥਕਾਂ - ਮੁਸਲਮਾਨਾਂ, ਹਰੀਜਨਾਂ ਅਤੇ ਅਛੂਤਾਂ ਨੂੰ ਛੱਡ ਦਿੱਤਾ ਅਤੇ ਬਹੁਗਿਣਤੀ ਹਿੰਦੂ ਭਾਈਚਾਰੇ ਨੂੰ ਇਕ ਪੁਖ਼ਤਾ ਬਲਾਕ ਵਿਚ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਜਾਤਾਂ ਦੀ ਵੰਡ ਕਾਰਣ ਕਦੀ ਵੀ ਇਸ ਤਰ੍ਹਾਂ ਨਹੀਂ ਸੀ ਹੋ ਸਕਿਆ। ਇਸ ਰਾਜਨੀਤਕ ਏਕੀਕਰਣ ਦਾ ਉਤਪ੍ਰੇਰਕ ਹਿੰਦੂ ਚੇਤਨਤਾ ਸੀ ਜਿਹੜੀ ਕਿ ਸਾਰੇ ਭਾਰਤ ਵਿਚ ਫੈਲ ਰਹੀ ਸੀ। ਹਿੰਦੂ ਆਪਣੇ ਆਪ ਨੂੰ ਧਰਮ ਨਿਰਪੱਖਤਾ ਦੇ 30 ਤੋਂ ਵੱਧ ਸਾਲਾਂ ਤੋਂ ਸ਼ਿਕਾਰ ਬਣੇ ਹੋਏ ਮਹਿਸੂਸ ਕਰਨ ਲੱਗੇ, ਜਿਸ ਵਿਚ 'ਮੁਸਲਿਮ ਪਰਿਵਾਰ ਕਾਨੂੰਨ' ਸੁਰੱਖਿਅਤ ਕੀਤਾ ਗਿਆ ਸੀ। ਸਿੱਖਾਂ ਨੂੰ ਆਪਣਾ ਸੂਬਾ ਦਿੱਤਾ ਗਿਆ ਸੀ ਅਤੇ ਹਰੀਜਨਾਂ ਅਤੇ ਅਛੂਤਾਂ ਨੂੰ ਪੜ੍ਹਾਈ ਅਤੇ ਨੌਕਰੀਆਂ ਲਈ ਖ਼ਾਸ ਮੌਕੇ ਦਿੱਤੇ ਗਏ ਸਨ, ਇਹ ਸਾਰਾ ਕੁਝ ਹਿੰਦੂਆਂ ਦੇ ਸਿਰ ਤੇ ਸੀ। ਜਿਵੇਂ ਏ.ਜੇ. ਅਕਬਰ ਕਹਿੰਦਾ ਹੈ: ਧਾਰਮਿਕ ਪੁਨਰ-ਜਾਗਰਣਵਾਦੀ ਹਿੰਦੂ ਇਹ ਕਹਿਣ ਲਗ ਪਏ ਕਿ ਹਿੰਦੂ ਬਹੁਗਿਣਤੀ ਵਾਲੇ ਭਾਰਤ ਵਿਚ ਇਸਲਾਮ ਨਹੀਂ, ਸਗੋਂ ਹਿੰਦੂਵਾਦ ਖ਼ਤਰੇ ਵਿਚ ਹੈ।

"ਇਸ ਦਾ ਅਸਰ ਅਜਿਹਾ ਸੀ ਕਿ ਸ਼੍ਰੀਮਤੀ ਗਾਂਧੀ ਵੀ ਸੋਚਣ ਲਗ ਪਈ ਕਿ ਘੱਟ ਗਿਣਤੀ ਨੂੰ ਵੱਧਣ ਫੁੱਲਣ ਤੋਂ ਰੋਕਣ ਲਈ ਹਿੰਦੂਆਂ ਵਲੋਂ ਕੋਈ ਕਾਰਵਾਈ ਹੋਣੀ ਚਾਹੀਦੀ ਹੈ। ਉਸਨੇ ਅਜਿਹੇ ਧਾਰਮਿਕ ਪੁਨਰ-ਜਾਗਰਣਵਾਦ ਨੂੰ ਅਸਵੀਕਾਰ ਕਰਨ ਦੀ ਬਜਾਏ ਜਿੱਥੋਂ ਤਕ ਹੋ ਸਕੇ ਇਸਦੇ ਨਾਲ ਚੱਲਣ ਦਾ ਫੈਸਲਾ ਕੀਤਾ। ਸ਼੍ਰੀਮਤੀ ਗਾਂਧੀ ਦੇ ਧਰਮ ਨਿਰਪੱਖਤਾ ਤੋਂ ਹਿੰਦੂ ਰਾਜਨੀਤੀ ਵੱਲ ਆਉਣ ਤੇ ਕਈਆਂ ਨੇ ਕਿਹਾ ਕਿ ਉਸਨੇ ਭਿੰਡਰਾਂਵਾਲੇ ਦੇ ਖਿਲਾਫ ਕਾਰਵਾਈ ਕਰਨ ਵਿਚ ਇਸ ਲਈ ਦੇਰੀ ਕੀਤੀ ਕਿਉਂਕਿ ਉਹ ਇਸ ਗੱਲੋਂ ਖੁਸ਼ ਸੀ ਕਿ ਕੋਈ ਘੱਟ ਗਿਣਤੀ, ਹਿੰਦੂਵਾਦ ਨੂੰ ਵੰਗਾਰ ਰਹੀ ਹੈ। ਇਸ ਨਾਲ ਉਹ ਹਿੰਦੂ ਭਾਈਚਾਰੇ ਨੂੰ ਆਪਸ ਵਿਚ ਜੋੜ ਸਕੇਗੀ।

ਕੁਝ ਇਸ ਤੋਂ ਵੀ ਵੱਧ ਤੁਰਸ਼ ਵਿਚਾਰ ਰੱਖਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸ਼੍ਰੀਮਤੀ ਗਾਂਧੀ ਹਿੰਦੂਆਂ ਦੀ ਸ਼ਾਬਾਸ਼ੀ ਹਾਸਲ ਕਰਨ ਲਈ ਸਿੱਖ ਭਾਈਚਾਰੇ ਨੂੰ ਬੁਰੀ ਤਰ੍ਹਾਂ ਹਰਾਉਣਾ ਚਾਹੁੰਦੀ ਸੀ। 1984 ਦੇ ਵਿਚ ਆਮ ਚੋਣਾਂ ਹੋਣੀਆਂ ਸਨ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਸ਼੍ਰੀਮਤੀ ਗਾਂਧੀ ਲਈ, ਦੁਰਗਾ, ਜਿਸਨੂੰ ਕਿ ਤਬਾਹੀ ਦੀ ਦੇਵੀ ਮੰਨਿਆ ਜਾਂਦਾ ਹੈ, ਦਾ ਬਿੰਬ, ਜੋ ਉਸਨੇ 1971 ਵਿਚ ਪਾਕਿਸਤਾਨ ਫੌਜ ਨੂੰ ਹਰਾ ਕੇ ਅਤੇ ਉਸ ਦੇਸ਼ ਨੂੰ ਦੋ ਟੁਕੜਿਆਂ ਵਿਚ ਵੰਡ ਕੇ, ਪ੍ਰਾਪਤ ਕੀਤਾ ਸੀ, ਨੂੰ ਬਣਾਈ ਰੱਖਣ ਲਈ ਕਿਸੇ ਖ਼ਾਸ ਵੱਡੀ ਪ੍ਰਾਪਤੀ ਦੀ ਲੋੜ ਸੀ।

"ਆਪਣੇ ਪ੍ਰਤੀਬਿੰਬ ਨੂੰ ਦੁਬਾਰਾ ਚਮਕਾਉਣ ਲਈ ਸ਼੍ਰੀਮਤੀ ਗਾਂਧੀ ਵਲੋਂ ਪਾਕਿਸਤਾਨ ਤੇ ਦੁਬਾਰਾ ਹਮਲੇ ਦੇ ਹੁਕਮਾਂ ਦੀ ਸੰਭਾਵਨਾ ਬਾਰੇ ਪ੍ਰੈਸ ਦੁਆਰਾ ਪਹਿਲਾਂ ਹੀ ਚਰਚਾ ਕੀਤੀ ਜਾ ਰਹੀ ਸੀ। ਅਸੀਂ ਇਸ ਨੂੰ ਕਦੇ ਵੀ ਗੰਭੀਰ ਸੰਭਾਵਨਾ ਦੇ ਤੌਰ ਤੇ ਨਹੀਂ ਲਿਆ। ਸ਼੍ਰੀਮਤੀ ਗਾਂਧੀ, ਜੋ ਕਿ ਉਸ ਵੇਲੇ

ਗੁਟ ਨਿਰਪੇਖ ਲਹਿਰ ਦੀ ਚੇਅਰਪਰਸਨ ਸੀ, 1971 ਵਾਂਗ ਬਿਨਾਂ ਵਿਸ਼ਵ ਦੀ ਰਾਇ ਆਪਣੇ ਹੱਕ ਵਿਚ ਕੀਤੇ, ਪਾਕਿਸਤਾਨ ਵਿਰੁੱਧ ਹਮਲੇ ਬਾਰੇ ਆਪਣੀ ਅੰਤਰਰਾਸ਼ਟਰੀ ਭੂਮਿਕਾ ਬਾਰੇ ਪੂਰੀ ਤਰ੍ਹਾਂ ਸੁਚੇਤ ਸੀ। ਪਾਕਿਸਤਾਨ ਦਾ ਫੌਜੀ ਸ਼ਾਸਕ ਜਨਰਲ ਜ਼ਿਆ ਬਹੁਤ ਚਲਾਕ ਸੀ, ਉਸਨੇ ਲੜਾਈ ਦਾ ਕੋਈ ਵੀ ਕਾਰਣ ਨਾ ਦਿੱਤਾ। ਸਗੋਂ ਉਸਨੇ ਬਿਲਕੁਲ ਉਲਟ ਕੀਤਾ। ਉਹ, ਉਸਦੇ ਆਪਣੇ ਸ਼ਬਦਾਂ ਮੁਤਾਬਕ 'ਪੀਸ ਆਫੈਨਸਿਵ' ਤੇ ਕਾਰਵਾਈ ਕਰਨ ਲੱਗਾ।ਇਸ ਲਈ, ਤੁਰਸ਼ ਮਿਜ਼ਾਜ ਇਹ ਦਲੀਲ ਦਿੰਦੇ ਹਨ, ਸ਼੍ਰੀਮਤੀ ਗਾਂਧੀ ਨੂੰ ਚੋਣਾਂ ਦੇ ਸਬੰਧ ਵਿਚ ਕਿਸੇ ਸਨਸਨੀਖੇਜ ਪ੍ਰਦਰਸ਼ਨ ਲਈ ਕਿਸੇ ਹੋਰ ਪਾਸੇ ਵੇਖਣਾ ਪੈਣਾ ਸੀ ਅਤੇ ਇਹ ਉਸਨੂੰ ਪੰਜਾਬ ਵਿਚ ਮਿਲ ਗਿਆ।

1984-94 ਦੇ ਦਹਾਕੇ ਦੇ ਅੰਤ ਤਕ ਪੰਜਾਬ ਦੇ ਲੋਕਾਂ ਨੇ ਨੇਤਾਵਾਂ, ਬਿਆਨਾਂ, ਪਾਰਟੀਆਂ ਅਤੇ ਘਟਨਾਵਾਂ ਨੂੰ ਸਭ ਤੋਂ ਵਧੇਰੇ ਸੰਭਵ ਤੁਰਸ਼ ਨਜ਼ਰੀਏ ਨਾਲ ਸਮਝਣਾ ਸਿਖ ਲਿਆ ਸੀ। ਸ਼ਾਇਦ ਜਦੋਂ ਇਹ ਗੜਬੜ ਸ਼ੁਰੂ ਹੋ ਰਹੀ ਸੀ ਉਦੋਂ ਅਕਾਲੀਆਂ ਨੇ ਇਹ ਸੋਚਿਆ ਕਿ ਉਹ ਜਾਣਦੇ ਹਨ ਕਿ ਇਹ ਖੇਡ ਕੀ ਹੈ ਅਤੇ ਇਹ ਵਿਸ਼ਵਾਸ ਕਰਦੇ ਸਨ ਕਿ ਉਹ ਇਹ ਖੇਡ ਖੇਡ ਸਕਦੇ ਹਨ ਤੇ ਜਿੱਤ ਸਕਦੇ ਹਨ। ਖੇਡ ਉਨ੍ਹਾਂ ਨੇ ਖੇਡੀ - ਵਚਿੱਤਰ ਵਿਦ੍ਰੋਹੀ ਪੈਂਤੜੇ ਅਖ਼ਤਿਆਰ ਕਰਕੇ, ਜੋਸ਼ੀਲੇ ਬਿਆਨ ਜਾਰੀ ਕਰਕੇ, ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਧਾਰਾ 25 ਦੀ ਇਕ ਨਕਲ, ਜਿਸ ਵਿਚ ਸਿੱਖਾਂ ਨੂੰ ਜੈਨੀਆਂ ਅਤੇ ਬੋਧੀਆਂ ਨਾਲ ਮਿਲਾ ਕੇ "ਹਿੰਦੂ ਧਾਰਮਿਕ ਸੰਸਥਾਵਾਂ" ਦੇ ਰੂਪ ਵਿਚ ਦਰਸਾਇਆ ਗਿਆ ਸੀ, ਵੀ ਸਾੜੀ (ਸੰਗਤ ਸਿੰਘ ਦੇ ਅਨੁਸਾਰ, "ਰਾਜੀਵ ਗਾਂਧੀ ਨੇ ਟੌਹੜਾ ਨੂੰ ਇਹ ਕਿਹਾ ਸੀ ਕਿ ਜੇਕਰ ਉਹ ਇਸ ਮੰਗ ਨੂੰ ਉਠਾਉਣ ਤਾਂ ਸਰਕਾਰ ਮੰਗ ਨੂੰ ਮੰਨ ਲਵੇਗੀ।) ਪਰ 1984 ਵਿਚ ਉਹ ਇੰਨੇ ਤੁਰਸ਼ ਨਜ਼ੱਰੀਏ ਵਾਲੇ ਨਹੀਂ ਸਨ।

ਹਰਿਆਣੇ ਦੇ ਕਾਂਗਰਸੀ ਮੁੱਖ ਮੰਤਰੀ ਨੇ ਆਪਣੇ ਭਾਸ਼ਨ ਜਿਸ ਵਿਚ ਉਨ੍ਹਾਂ ਨੇ "ਅਕਾਲੀ ਨੇਤਾਵਾਂ ਨੂੰ ਚਿਤਾਵਨੀ ਦਿੱਤੀ ਕਿ ਹਿੰਦੂਆਂ ਦੇ ਸਬਰ ਦਾ ਪਿਆਲਾ ਭਰ ਚੁਕਿਆ ਹੈ ਅਤੇ ਇੰਤਕਾਮ ਹੁਣ ਨੇੜੇ ਹੀ ਹੈ।" ਬੀ ਬੀ ਸੀ ਦੇ ਸਤੀਸ਼ ਜੈਕਬ ਨੇ ਪਾਨੀਪਤ ਵਿਖੇ ਹਿੰਦੂਆਂ ਦੇ ਹਜੂਮ ਦੁਆਰਾ ਗੁਰਦੁਆਰੇ ਨੂੰ ਸਾੜਦਿਆਂ ਵੇਖਿਆ ਜਦ ਕਿ ਪੁਲਿਸ ਚੁਪਚਾਪ ਖੜ੍ਹੀ ਤਮਾਸ਼ਾ ਵੇਖਦੀ ਰਹੀ। ਉਸਨੇ ਬੱਸਾਂ ਵਿਚੋਂ ਸਿੱਖਾਂ ਨੂੰ ਉਤਾਰ ਕੇ ਉਨ੍ਹਾਂ ਨੂੰ ਜ਼ਬਰਦਸਤੀ ਮੁੰਨਿਆਂ ਜਾਂਦਾ ਅਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਲੁਟਿਆ ਜਾਂਦਾ ਵੇਖਿਆ। ਅੱਠ ਸਿੱਖਾਂ ਨੂੰ ਲਾਠੀਆਂ ਨਾਲ ਮਾਰ ਮੁਕਾਇਆ ਗਿਆ। ਇਹ ਸਭ 20 ਫਰਵਰੀ, 1984 ਨੂੰ ਵਾਪਰਿਆ।

ਭਾਰਤ ਦੇ ਚੋਣ ਖੇਤਰ ਤੇ ਨਜ਼ਰਸਾਨੀ ਕਰਦਿਆਂ, ਜਿਸ ਵਿਚ ਮੁਸਲਮਾਨਾਂ ਨੇ ਸ਼੍ਰੀਮਤੀ ਗਾਂਧੀ ਨੂੰ ਛੱਡ ਦਿੱਤਾ ਸੀ, ਉਹ ਮੁਸਲਿਮ ਵੋਟ ਦਾ ਘਾਟਾ ਉੱਚੀ ਜਾਤੀਆਂ ਦੇ ਹਿੰਦੂਆਂ ਦੀਆਂ ਵੋਟਾਂ ਦੋ ਗੱਲਾਂ ਦੇ ਆਧਾਰ ਤੇ

ਹਾਸਿਲ ਕਰਕੇ ਪੂਰਾ ਕਰਨਾ ਚਾਹੁੰਦੀ ਸੀ: ਇਕ ਤਾਂ ਇਹ ਕਿ ਸਿੱਖ ਹਿੰਦੂਆਂ ਨੂੰ ਮਾਰ ਰਹੇ ਹਨ ਅਤੇ ਦੂਜਾ ਪੰਜਾਬ ਦਾ ਦੇਸ਼ ਤੋਂ ਵੱਖ ਹੋ ਜਾਣ ਦਾ ਖ਼ਤਰਾ ਹੈ। ਹਿੰਦੂਆਂ ਨੂੰ ਕਿਵੇਂ ਅਤੇ ਕੌਣ ਮਾਰ ਰਿਹਾ ਸੀ, ਇਸਦੀ ਚਰਚਾ ਬਾਅਦ ਦੇ ਕਾਂਡ ਵਿਚ ਕੀਤੀ ਗਈ ਹੈ, ਵੱਖ ਹੋਣ ਦੇ ਪ੍ਰਸ਼ਨ ਤੇ ਧਿਆਨ ਦੇਣ ਦੀ ਲੋੜ ਹੈ।

5 ਮਈ 1984 ਨੂੰ ਰਾਜੀਵ ਗਾਂਧੀ ਪੰਜਾਬ ਆਇਆ: ਚੰਡੀਗੜ੍ਹ ਵਿਚ ਬੋਲਦਿਆਂ ਹੋਇਆਂ ਉਸਨੇ ਸੰਤ ਭਿੰਡਰਾਂਵਾਲੇ ਨੂੰ "ਸੰਤ ਆਦਮੀ, ਜਿਸਦੀ ਕੋਈ ਰਾਜਨੀਤਕ ਇੱਛਾ ਨਹੀਂ ਹੈ", ਕਿਹਾ। ਬੀ ਬੀ ਸੀ ਦੇ ਪੱਤਰਕਾਰ ਮਾਰਕ ਟੂਲੀ ਦੇ ਕਹਿਣ ਅਨੁਸਾਰ 24 ਮਈ ਨੂੰ ਟੌਹੜਾ ਵਲੋਂ ਰਾਜਪਾਲ ਪਾਂਡੇ ਨੂੰ ਇਹ ਕਹਿਣ ਤੋਂ ਬਾਅਦ ਕਿ ਸਥਿਤੀ ਕਾਬੂ ਤੋਂ ਬਾਹਰ ਹੋ ਗਈ ਹੈ, ਪੰਜਾਬ ਨੂੰ "ਗੜਬੜ ਗ੍ਰਸਤ ਖੇਤਰ" ਐਲਾਨ ਕਰ ਦਿੱਤਾ ਗਿਆ। ਕੇਂਦਰੀ ਮੰਤਰੀ ਬੂਟਾ ਸਿੰਘ ਨੇ ਬਾਅਦ ਵਿਚ ਟੌਹੜਾ ਤੇ ਇਲਜ਼ਾਮ ਲਗਾਇਆ ਕਿ 'ਓਪਰੇਸ਼ਨ ਬਲਿਊਸਟਾਰ' ਦੀ ਸਾਜ਼ਿਸ਼ ਟੌਹੜਾ ਨੇ ਰਚੀ ਸੀ।

ਅਕਾਲੀਆਂ ਨਾਲ ਗੱਲਬਾਤ ਦੇ 30 ਬੇਕਾਰ ਦੌਰ ਉਸ ਯੋਜਨਾ ਦਾ ਹਿੱਸਾ ਸਨ ਜਿਸ ਤਹਿਤ ਉਹ ਪੰਜਾਬ ਵਿਚ ਦਾਅ ਲਗਾਉਣਾ ਚਾਹੁੰਦੇ ਸਨ ਅਤੇ ਇਸ ਫਸਾਦ ਨੂੰ ਪ੍ਰਚਾਰ ਸਾਧਨਾਂ ਦੀ ਨਜ਼ਰ ਵਿਚ ਪੂਰੀ ਤਰ੍ਹਾਂ ਲਿਆਉਣਾ ਚਾਹੁੰਦੇ ਸਨ। ਮਾਰਕ ਟੂਲੀ ਆਪਣੀ ਕਿਤਾਬ ਵਿਚ ਲਿਖਦਾ ਹੈ ਕਿ ਸੀ.ਪੀ.ਐਮ. ਦੇ ਪ੍ਰਧਾਨ ਹਰਕਿਸ਼ਨ ਸੁਰਜੀਤ ਨੇ ਉਸਨੂੰ ਦੱਸਿਆ: "ਛੇ ਮਹੀਨਿਆਂ ਵਿਚ ਤਿੰਨ ਵਾਰੀ ਸਮਝੌਤੇ ਤਕ ਗੱਲ ਪਹੁੰਚੀ ਅਤੇ ਤਿੰਨ ਵਾਰੀ ਪ੍ਰਧਾਨ ਮੰਤਰੀ ਇਸ ਤੋਂ ਪਿੱਛੇ ਹਟੀ।" ਸਾਬਕਾ ਕੇਂਦਰੀ ਵਿਦੇਸ਼ ਮੰਤਰੀ ਸਵਰਨ ਸਿੰਘ ਅਤੇ ਐਮ.ਪੀ. ਮਹਾਰਾਜਾ ਅਮਰਿੰਦਰ ਸਿੰਘ, ਜੋ ਕਿ ਅਕਾਲੀਆਂ ਅਤੇ ਕਾਂਗਰਸ ਵਿਚ ਵਿਚੋਲੇ ਦੀ ਭੂਮਿਕਾ ਨਿਭਾ ਰਹੇ ਸਨ ( ਇਤਫਾਕ ਨਾਲ ਦੋਵੇਂ ਵਿਅਕਤੀ ਕਾਂਗਰਸੀ ਸਨ), ਨੇ ਵੀ ਇਸ ਗੱਲ ਨੂੰ ਮੰਨਿਆ ਹੈ ਕਿ ਜਦੋਂ ਵੀ ਇਸ ਤਰ੍ਹਾਂ ਲਗਦਾ ਸੀ ਕਿ ਸਮਝੌਤਾ ਹੋ ਜਾਵੇਗਾ, ਸ਼੍ਰੀਮਤੀ ਗਾਂਧੀ ਪਿੱਛੇ ਹੱਟ ਜਾਂਦੀ।

ਪੰਜਾਬ ਪੁਲਿਸ ਦਾ ਸੇਵਾਮੁਕਤ ਆਈ.ਜੀ. (ਇੰਟੈਲੀਜੈਂਸ) ਐਚ.ਐਸ. ਰੰਧਾਵਾ ਕਹਿੰਦਾ ਹੈ ਕਿ ਇਕ ਮੌਕੇ ਤੇ ਤਾਂ ਅਕਾਲੀ ਅੰਤਮ ਸਮਝੌਤੇ ਲਈ ਤਿਆਰ ਸਨ ਅਤੇ ਪੰਜਾਬ ਪੁਲਿਸ ਨੂੰ, ਇਕ ਵੀ. ਆਈ. ਪੀ., ਜਿਸਨੇ ਕਿ ਇਸ ਸਮਝੌਤੇ ਲਈ ਅੰਮ੍ਰਿਤਸਰ ਜਾਣਾ ਸੀ, ਲਈ ਤਿਆਰ ਰਹਿਣ ਲਈ ਕਿਹਾ ਗਿਆ, ਪਰ ਐਨ ਆਖਰੀ ਮੌਕੇ ਤੇ ਦਿੱਲੀਓਂ ਇਨਕਾਰ ਕਰ ਦਿੱਤਾ ਗਿਆ।

15 ਮਈ ਨੂੰ ਬਾਦਲ, ਟੌਹੜਾ ਅਤੇ ਲੌਂਗੋਵਾਲ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਮਿਲੇ। ਹੁਣ ਕੇਂਦਰ ਨਾਲ ਕਿਸੇ ਸਮਝੌਤੇ ਤੇ ਪਹੁੰਚਣ ਲਈ ਭਿੰਡਰਾਂਵਾਲੇ ਦੀ ਖ਼ਾਸ ਅਹਿਮੀਅਤ ਸੀ। ਮਾਰਕ ਟੂਲੀ ਲਿਖਦਾ ਹੈ: "ਸਰਕਾਰ ਨੇ ਇਹ ਸ਼ਰਤ ਰੱਖੀ ਸੀ ਕਿ ਇਸਦੀ ਘੋਸ਼ਣਾ ਕਰਨ ਤੋਂ ਪਹਿਲਾਂ ਉਸਦੀ (ਭਿੰਡਰਾਂਵਾਲੇ ਦੀ) ਸਹਿਮਤੀ ਜ਼ਰੂਰੀ ਹੈ, ਅਤੇ ਟੌਹੜਾ ਹੀ ਅਜਿਹਾ ਵਿਅਕਤੀ ਸੀ ਜੋ ਸੰਤ ਨੂੰ ਰਾਜ਼ੀ ਕਰ ਸਕਦਾ ਸੀ। ਕੇਵਲ ਉਹ ਹੀ ਅਜਿਹਾ ਆਦਮੀ ਸੀ

ਜਿਸਨੇ ਗੱਲਬਾਤ ਦੇ ਪਹਿਲੇ ਸਾਰੇ ਦੌਰਾਂ ਵਿਚ ਭਿੰਡਰਾਂਵਾਲੇ ਦੇ ਮਤ, ਕਿ ਆਨੰਦਪੁਰ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਤੋਂ ਘੱਟ ਕੁਝ ਨਹੀਂ ਮੰਨਣਾ, ਦੀ ਹਮਾਇਤ ਕੀਤੀ ਸੀ। ਖ਼ਾਸ ਤੌਰ ਤੇ ਟੌਹੜਾ ਸਮਝੌਤੇ ਲਈ ਬੇਚੈਨ ਸੀ। ਗੱਲਬਾਤ ਦੇ ਆਖਰੀ ਦੌਰ ਵਿਚ ਦੋਨਾਂ ਪਾਸਿਆਂ ਨੇ ਪੰਜਾਬ ਵਿਚ ਅਕਾਲੀਆਂ ਅਤੇ ਕਾਂਗਰਸ (ਆਈ) ਦੀ ਸਾਂਝੀ ਸਰਕਾਰ ਬਣਾਉਣ ਦੀ ਸੰਭਾਵਨਾ ਬਾਰੇ ਚਰਚਾ ਕੀਤੀ। ਟੌਹੜੇ ਦਾ ਵਿਸ਼ਵਾਸ ਸੀ ਕਿ ਭਿੰਡਰਾਂਵਾਲਾ ਇਸ ਸਾਂਝੀ ਸਰਕਾਰ ਦਾ ਮੁੱਖ ਮੰਤਰੀ ਬਣਨ ਵਿਚ ਉਸਦੀ ਹਮਾਇਤ ਕਰੇਗਾ। ਜੇ ਉਹ ਇਸ ਉਪਦੇਸ਼ਕ ਨੂੰ ਸਮਝੌਤੇ ਲਈ ਰਜ਼ਾਮੰਦ ਕਰ ਲੈਂਦਾ ਤਾਂ ਉਸਦੀ ਜ਼ਿੰਦਗੀ ਦੀ ਇੱਛਾ ਉਸਦੀ ਮੁੱਠੀ ਵਿਚ ਸੀ। ਗੁਰਦੁਆਰਾ ਕੰਪਲੈਕਸ ਵਿਚ ਹੋਈ ਤਿੰਨਾਂ ਅਕਾਲੀ ਗੁਟਾਂ ਦੀ ਮੀਟਿੰਗ ਵਿਚ ਇਹ ਸਮਝੌਤਾ ਹੋਇਆ ਕਿ ਟੌਹੜਾ ਭਿੰਡਰਾਂਵਾਲੇ ਕੋਲ ਪਹੁੰਚ ਕਰੇ, ਅਤੇ ਅਗਲੇ ਦਿਨ ਉਹ ਸੰਤ ਕੋਲ ਸਮਝੌਤੇ ਬਾਰੇ ਵਿਚਾਰ ਕਰਨ ਲਈ ਅਕਾਲ ਤਖ਼ਤ ਗਿਆ। ਟੌਹੜੇ ਨੇ ਉਸਨੂੰ ਕਿਹਾ ਕਿ ਚੰਡੀਗੜ੍ਹ, ਸਿੱਖ ਲਹਿਰ ਦੀ ਬਹੁਤ ਵੱਡੀ ਜਿੱਤ ਹੈ, ਅਤੇ ਬਾਕੀ ਦੇ ਮੁੱਦੇ ਸਰਕਾਰ ਵਲੋਂ ਬਿਠਾਏ ਜਾ ਰਹੇ ਕਮਿਸ਼ਨ ਵਲੋਂ ਸਿੱਖਾਂ ਦੇ ਹੱਕ ਵਿਚ ਕੀਤੇ ਜਾਣਗੇ। ਭਿੰਡਰਾਂਵਾਲੇ ਨੇ ਇਸ ਗੱਲ ਨੂੰ ਸਹੀ ਨਾ ਮੰਨਿਆ ਕਿ ਸਮਝੌਤਾ ਮੋਰਚੇ ਦੀਆਂ ਮੰਗਾਂ ਨਾਲ ਮੇਲ ਖਾਂਦਾ ਹੈ। ਉਹ ਟੌਹੜੇ ਦੀ ਚਾਲ ਨੂੰ ਸਮਝ ਗਿਆ ਅਤੇ ਉਸਨੂੰ ਕਿਹਾ ਕਿ ਉਹ ਮੁੱਖ ਮੰਤਰੀ ਬਣਨ ਦੀ ਉਮੀਦ ਵਿਚ ਆਨੰਦਪੁਰ ਸਾਹਿਬ ਦੇ ਮਤੇ ਨਾਲ ਧੋਖਾ ਕਰ ਰਿਹਾ ਹੈ। ਐਸ.ਜੀ.ਪੀ.ਸੀ. ਦੇ ਪ੍ਰਧਾਨ ਨੇ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਤੋਂ ਬਾਹਰ ਕੱਢਣ ਦੀ ਧਮਕੀ ਦੇਣ ਦੀ ਕੋਸ਼ਿਸ਼ ਕੀਤੀ। ਇਹੀ ਉਹ ਆਦਮੀ ਸੀ ਜਿਸਨੇ ਅਕਾਲ ਤਖ਼ਤ ਦੇ ਜੱਥੇਦਾਰ ਨੂੰ ਮਨਾਇਆ ਸੀ ਕਿ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਵਿਚ ਰਹਿਣ ਦੀ ਆਗਿਆ ਦਿੱਤੀ ਜਾਵੇ। ਉਸਨੇ ਜੱਥੇਦਾਰ ਨੂੰ ਭਿਡਰਾਂਵਾਲੇ ਦੇ ਖਿਲਾਫ ਹੁਕਮਨਾਮਾ ਜਾਰੀ ਕਰਨ ਤੋਂ ਰੋਕਣ ਲਈ ਆਪਣਾ ਰਸੂਖ ਵੀ ਵਰਤਿਆ ਸੀ ਪਰ ਧਮਕੀਆਂ ਵੀ ਕੰਮ ਨਾ ਆਈਆਂ। ਭਿੰਡਰਾਂਵਾਲੇ ਨੂੰ ਪਤਾ ਸੀ ਕਿ ਜੱਥੇਦਾਰ ਆਪਣੇ ਸਰਪ੍ਰਸਤ, ਟੌਹੜਾ ਨਾਲੋਂ ਵੀ ਵੱਧ, ਉਸਤੋਂ ਡਰਦੇ ਸਨ। ਇਸ ਤਰ੍ਹਾਂ ਸਮਝੌਤਾ ਢਹਿ ਢੇਰੀ ਹੋ ਗਿਆ।"

2 ਜੂਨ 1984 ਨੂੰ ਲੌਂਗੋਵਾਲ ਨੇ ਇਹ ਐਲਾਨ ਕੀਤਾ ਕਿ 3 ਜੂਨ ਤੋਂ ਅਕਾਲੀ ਸਿਵਲ ਨਾ-ਫੁਰਮਾਨੀ ਅੰਦੋਲਨ ਸ਼ੁਰੂ ਕਰਨਗੇ: ਟੈਕਸ ਅਦਾ ਨਹੀਂ ਕੀਤੇ ਜਾਣਗੇ, ਅਨਾਜ ਅਤੇ ਰੇਲਾਂ ਨੂੰ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ, ਅਤੇ ਹੋਰ ਕਾਫੀ ਕੁਝ। ਸ੍ਰੀਮਤੀ ਗਾਂਧੀ ਨੇ ਰੇਡੀਓ ਅਤੇ ਟੀ ਵੀ ਤੇ ਅਕਾਲੀਆਂ ਨੂੰ ਦੁਬਾਰਾ ਵਿਚਾਰ ਕਰਨ ਅਤੇ ਸਮਝੌਤਾ ਕਰਨ ਦੀ ਅਪੀਲ ਕੀਤੀ - ਇਕ ਪਾਤਰ ਅਭਿਨੈ ਦਾ ਇਕ ਅੰਸ਼ ਜਿਸ ਤੇ ਹੁਣ ਬਹੁਤ ਘੱਟ ਵਿਸ਼ਵਾਸ ਰਹਿ ਗਿਆ ਸੀ। ਉਸੀ ਦਿਨ ਜਨਰਲ ਰਣਜੀਤ ਸਿੰਘ ਦਿਆਲ ਨੂੰ ਰਾਜਪਾਲ ਬੀ.ਡੀ. ਪਾਂਡੇ ਦਾ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਅਤੇ ਪੰਜਾਬ

ਨੂੰ ਸੰਸਾਰ ਨਾਲ ਜੋੜਨ ਵਾਲੀਆਂ ਸੰਚਾਰ ਲਾਈਨਾਂ ਕੱਟ ਦਿਤੀਆਂ ਗਈਆਂ। ਫੌਜ ਪਹਿਲਾਂ ਹੀ ਹਾਜ਼ਰ ਸੀ ਅਤੇ ਹਰਿਮੰਦਰ ਸਾਹਿਬ ਦੁਆਲੇ ਆਪਣੀਆਂ ਥਾਵਾਂ ਸੰਭਾਲ ਚੁੱਕੀ ਸੀ। ਜਦੋਂ ਕਿ ਸ਼੍ਰੀਮਤੀ ਗਾਂਧੀ ਕੰਬਦੀ ਅਵਾਜ਼ ਵਿਚ ਰਟ ਰਹੀ ਸੀ "ਆਓ ਆਪਾਂ ਖ਼ੂਨ ਨਾ ਵਹਾਈਏ, ਨਫਰਤ ਨੂੰ ਹਟਾਈਏ," ਜਨਰਲ ਬਰਾੜ ਕਹਿੰਦਾ ਹੈ ਕਿ ਫੌਜੀ ਟੁਕੜੀਆਂ ਪਹਿਲਾਂ ਹੀ ਅੰਦਰ ਵੱਲ ਵੱਧ ਰਹੀਆਂ ਸਨ।

ਜਿਵੇਂ ਕਿ ਬੀ.ਐਸ. ਦਾਨੇਵਾਲੀਆ ਆਪਣੀ ਕਿਤਾਬ ਵਿਚ ਪੁੱਛਦਾ ਹੈ ਕਿ: "ਕੀ ਲੌਂਗੋਵਾਲ ਦਾ ਐਲਾਨ ਕਿਸੇ ਲਈ ਕੋਈ ਮਤਲਬ ਰੱਖਦਾ ਸੀ? ਜੇ ਇਹ ਅੰਦੋਲਨ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥ ਵਿਚ ਸੀ, ਤਾਂ ਇਹ ਐਲਾਨ ਥੋੜ੍ਹੇ ਜਿਹੇ ਵਿਅਕਤੀਆਂ ਨੇ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਸੰਤ ਲੌਂਗੋਵਾਲ ਨੇ ਕੀਤਾ ਸੀ। ਇਸ ਅਣਲੋੜੀਂਦੀ ਚਲਾਕੀ ਦੀ ਕੀਮਤ ਲੌਂਗੋਵਾਲ ਅਤੇ ਸ਼੍ਰੀਮਤੀ ਗਾਂਧੀ ਨੇ ਆਪਣੀਆਂ ਜਾਨਾਂ ਦੇ ਕੇ ਚੁਕਾਈ।"

ਸਰਕਾਰ ਦੇ ਵਾਈਟ ਪੇਪਰ ਵਿਚ ਦਰਜ ਹੈ ਕਿ "ਸਰਕਾਰ ਦੀ ਸਥਿਤੀ, ਕਈ ਮੌਕਿਆਂ ਤੇ ਸਾਫ਼ ਤੌਰ ਤੇ ਬਿਆਨ ਕੀਤੀ ਗਈ ਹੈ। ਆਨੰਦਪੁਰ ਸਾਹਿਬ ਦੇ ਮਤੇ ਵਿਚ ਕੇਂਦਰ ਤੇ ਰਾਜਾਂ ਦੇ ਸਬੰਧਾਂ ਦਾ ਜੋ ਪ੍ਰਸਤਾਵ ਰੱਖਿਆ ਗਿਆ ਸੀ, ਉਹ ਦੇਸ਼ ਦੇ ਸੰਵਿਧਾਨ ਵਿਚ ਦਰਸਾਏ ਗਏ ਏਕਤਾ ਅਤੇ ਅਖੰਡਤਾ ਦੇ ਮੂਲ ਸਿਧਾਂਤ ਨਾਲੋਂ ਬਿਲਕੁਲ ਵੱਖਰਾ ਸੀ। ਇਸ ਨੂੰ ਗੱਲਬਾਤ ਦੇ ਆਧਾਰ ਲਈ ਵੀ ਮੰਨਿਆ ਨਹੀਂ ਜਾ ਸਕਦਾ।"

"ਭਾਰਤ ਦੇ ਲੋਕ ਇਸ ਕਥਨ ਨੂੰ ਨਹੀਂ ਮੰਨਦੇ ਕਿ ਭਾਰਤ ਇਕ ਬਹੁ ਕੌਮੀ ਸਮਾਜ ਹੈ।"

ਇਸ ਤੋਂ ਇਹ ਪਤਾ ਚਲਦਾ ਹੈ ਕਿ ਇਹ ਅਕਾਲੀਆਂ ਦੁਆਰਾ ਪ੍ਰਸਤੁਤ ਕੀਤੀ ਗਈ ਰਾਜਨੀਤਿਕ ਮੰਗ ਸੀ, ਜੋ ਕਿ ਸਰਕਾਰ ਦੁਆਰਾ ਰੱਦ ਕਰ ਦਿੱਤੀ ਗਈ। ਇਸ ਮੌਕੇ ਤੇ ਸੰਤ ਦੀ ਵਿਰੋਧਤਾ ਦਾ ਕੋਈ ਸੰਕੇਤ ਨਹੀਂ ਸੀ।

ਇਸ ਦੇ ਬਾਵਜੂਦ, ਜਦੋਂ ਫੌਜ ਨੇ ਹਮਲਾ ਕੀਤਾ, ਤਾਂ ਉਸਦਾ ਨਿਸ਼ਾਨਾ, ਕੰਪਲੈਕਸ ਦਾ ਉਹ ਭਾਗ ਨਹੀਂ ਸੀ ਜਿੱਥੇ ਅਕਾਲੀ ਰਹਿ ਰਹੇ ਸਨ, ਸਗੋਂ ਅਕਾਲ ਤਖ਼ਤ ਸੀ, ਜਿੱਥੇ ਭਿੰਡਰਾਂਵਾਲੇ ਰਹਿ ਰਹੇ ਸਨ।[1]

ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਸਿੱਖਾਂ ਦੀ ਸੰਯੁਕਤ ਧਰਮ ਅਤੇ ਰਾਜਨੀਤੀ - ਮੀਰੀ ਅਤੇ ਪੀਰੀ - ਦੀ ਧਾਰਣਾ ਦੇ ਪ੍ਰਤੀਕ ਹਨ। ਹਰਿਮੰਦਰ ਸਾਹਿਬ ਨੂੰ ਛੱਡ ਕੇ ਅਕਾਲ ਤਖ਼ਤ ਤੇ ਹਮਲਾ ਕਰਨਾ ਇਹ ਸਪਸ਼ਟ ਕਰਦਾ ਹੈ ਕਿ ਸਿੱਖਾਂ ਦੇ ਧਾਰਮਿਕ ਵਿਸ਼ਵਾਸ ਨੂੰ ਤਾਂ ਸਹਿਨ ਕੀਤਾ ਜਾ ਰਿਹਾ ਹੈ, ਪਰ ਰਾਜਨੀਤਿਕ ਹੋਂਦ ਨੂੰ ਨਹੀਂ।

ਇੱਕੋ ਸਮੇਂ 74 ਹੋਰ ਗੁਰਦੁਆਰਿਆਂ ਤੇ ਹਮਲਾ ਕਿਉਂ ਕੀਤਾ ਗਿਆ?

**ਫੌਜੀ ਤਿਆਰੀਆਂ**

ਹਰਿਮੰਦਰ ਸਾਹਿਬ ਤੇ ਹਮਲੇ ਦਾ ਵਿਚਾਰ, ਹਮਲਾ ਕੀਤੇ ਜਾਣ ਤੋਂ ਬਹੁਤ ਪਹਿਲਾਂ ਸੋਚ-ਵਿਚਾਰ ਲਿਆ ਗਿਆ ਸੀ।

ਮਾਰਕ ਟੁਲੀ "**ਅੰਮ੍ਰਿਤਸਰ, ਮਿਸਿਜ਼ ਗਾਂਧੀ'ਜ਼ ਲਾਸਟ ਬੈਟਲ**" (ਰੂਪਾ, ਨਵੀਂ ਦਿੱਲੀ, 1985) ਵਿਚ ਲਿਖਦਾ ਹੈ: "ਲੋਕਾਂ ਵਿਚ ਸਰਕਾਰ ਨੇ ਅਜੇ ਵੀ ਇਹ ਪ੍ਰਭਾਵ ਬਣਾ ਰਖਿਆ ਸੀ ਕਿ ਹਰਿਮੰਦਰ ਸਾਹਿਬ ਵਿਚ ਪੁਲਿਸ ਨਹੀਂ ਭੇਜੀ ਜਾਵੇਗੀ ਪਰ ਨੀਮ ਫੌਜੀ ਦਸਤਿਆਂ ਦੇ ਅਫ਼ਸਰਾਂ ਨੇ ਅੰਮ੍ਰਿਤਸਰ ਵਿਚ ਸਤੀਸ਼ ਜੈਕਬ ਨੂੰ ਦੱਸਿਆ ਕਿ ਕਮਾਂਡੋਜ਼ ਨੂੰ ਅਜਿਹੇ ਇਕ ਕੰਮ ਲਈ ਸਿਖਲਾਈ ਦਿੱਤੀ ਜਾ ਰਹੀ ਸੀ। ਉਨ੍ਹਾਂ ਨੇ ਕਿਹਾ ਕਿ ਹਿਮਾਲਿਆ ਦੀ ਤਲਹਟੀ ਵਿਚ ਚਕਰਾਤਾ ਨਾਂ ਦੀ ਥਾਂ ਤੇ ਸਪੈਸ਼ਲ ਫਰੰਟੀਅਰ ਫੋਰਸ ਦੇ ਕੈਂਪ ਵਿਚ ਗੁਰਦੁਆਰਾ ਕੰਪਲੈਕਸ ਦਾ ਵੱਡਾ ਮਾਡਲ ਬਣਾਇਆ ਗਿਆ ਸੀ।

ਟੁਲੀ ਲਿਖਦਾ ਹੈ: "1962 ਦੀ ਹਿੰਦ-ਚੀਨ ਲੜਾਈ ਤੋਂ ਬਾਅਦ, ਦਲਾਈ ਲਾਮਾ ਦੇ ਚੇਲਿਆਂ ਨੂੰ ਗੁਰੀਲਾ ਲੜਾਈ ਅਤੇ ਤਿੱਬਤ ਵਿਚ ਚੀਨੀ ਫੌਜ ਵਿਰੁੱਧ ਛਾਪਾ-ਮਾਰ ਯੁੱਧ ਲਈ, ਅਮਰੀਕਾ ਦੀ ਮਦਦ ਨਾਲ ਬਣਾਈ ਗਈ, ਯੂ.ਪੀ. ਹਿਮਾਲਿਆ ਵਿਚ ਚਕਰਾਤਾ ਵਿਖੇ ਗੁਪਤ "22 ਇਸਟੈਬਲਿਸ਼ਮੈਂਟ" ਵਿਚ ਹਮਲੇ ਤੋਂ ਕੁਝ ਮਹੀਨੇ ਪਹਿਲਾਂ ਫੌਜ ਵਲੋਂ ਹਰਿਮੰਦਰ ਕੰਪਲੈਕਸ ਦੀ ਨਕਲ ਬਣਾਈ ਗਈ ਸੀ। ਸਮਾਂ ਬੀਤਣ ਨਾਲ ਭੂ-ਰਾਜਨੀਤਕ ਸਥਿਤੀ ਵਿਚ ਆਏ ਬਦਲਾਅ ਅਤੇ ਤਿੱਬਤੀ ਸ਼ਰਨਾਰਥੀਆਂ ਵਿਚ ਦੇਸ਼-ਭਗਤੀ ਦੀ ਭਾਵਨਾ ਘਟਣ ਨਾਲ ਇਹ ਉਸਾਰੀ ਆਪਣਾ ਅਸਲੀ ਮਹੱਤਵ ਗੁਆ ਬੈਠੀ ਸੀ। ਪਰ ਹੁਣ ਇਥੇ ਸਰਕਾਰ ਦਾ ਸਭ ਤੋਂ ਵਧੀਆ ਸਾਜ਼ੋ-ਸਾਮਾਨ ਅਤੇ ਸਿਖਲਾਈ ਪ੍ਰਾਪਤ ਕਮਾਂਡੋ ਆਊਟਫਿਟ ਕਾਇਮ ਹੈ। ਫੌਜ ਦੇ ਕਮਾਂਡੋ ਅਤੇ ਪੈਰਾਸ਼ੂਟ ਯੂਨਿਟਾਂ ਤੋਂ ਲਏ ਗਏ ਅਫ਼ਸਰ ਇੱਥੇ ਲਗਾਏ ਜਾਂਦੇ ਹਨ। ਇਹ ਸਿਰਫ ਐਸ ਐਸ ਐਫ ਦੇ ਕਮਾਂਡੋ ਸਨ ਜਿਨ੍ਹਾਂ ਨੂੰ ਚਕਰਾਤਾ ਅਤੇ ਯੂ.ਪੀ. ਵਿਚ ਸਹਾਰਨਪੁਰ ਦੇ ਨੇੜੇ ਸਰਸਾਵਾ ਵਿਖੇ ਗੁਰਦੁਆਰਾ ਕੰਪਲੈਕਸ ਦੀ ਬਿਲਕੁਲ ਸਹੀ ਨਕਲ ਤੇ ਹਮਲਾ ਕਰਨ ਦਾ ਅਭਿਆਸ ਕਰਨ ਦਾ ਮੌਕਾ ਮਿਲਿਆ ਸੀ।

22 ਇਸਟੈਬਲਿਸ਼ਮੈਂਟ ਨੂੰ ਪਹਿਲਾਂ, ਮੇਜਰ ਜਨਰਲ ਸ਼ਬੇਗ ਸਿੰਘ (ਜੋ ਕਿ ਬਾਅਦ ਵਿਚ ਬਲਿਊਸਟਾਰ ਦੇ ਦੌਰਾਨ ਭਾਰਤੀ ਫੌਜ ਨਾਲ ਲੜਦਿਆਂ ਮਾਰੇ ਗਏ) ਦੁਆਰਾ ਬੰਗਲਾਦੇਸ਼ ਓਪਰੇਸ਼ਨ ਲਈ ਤਿਆਰ ਕੀਤੀ ਗਈ ਪੂਰਬੀ ਪਾਕਿਸਤਾਨ ਦੀ - ਮੁਕਤੀ ਬਾਹਨੀ - ਦੇ ਕਮਾਂਡੋਆਂ ਨੂੰ ਸਿਖਲਾਈ ਦੇਣ ਲਈ ਵੀ ਵਰਤਿਆ ਜਾਂਦਾ ਸੀ।

ਰੌਲੀ ਬੁਕਸ ਇੰਟਰਨੈਸ਼ਨਲ ਵਲੋਂ 1984 ਵਿਚ ਪ੍ਰਕਾਸ਼ਿਤ ਕੀਤੀ ਗਈ "ਦਿ ਪੰਜਾਬ ਸਟੋਰੀ" ਵਿਚ ਲਿਖੇ ਇਕ ਲੇਖ ਵਿਚ ਸ਼ੇਖਰ ਗੁਪਤਾ ਕਹਿੰਦਾ ਹੈ: ਸਪੈਸ਼ਲ ਫਰੰਟੀਅਰ ਫੋਰਸ ਕੇਵਲ ਇਕ ਅਜਿਹੀ ਫੋਰਸ ਸੀ ਜਿਸਨੂੰ ਚਕਰਾਤਾ ਅਤੇ ਯੂ.ਪੀ. ਵਿਚ ਸਹਾਰਨਪੁਰ ਨੇੜੇ ਸਰਸਾਵਾ ਵਿਖੇ

ਗੁਰਦੁਆਰਾ ਕੰਪਲੈਕਸ ਦੀ ਹੂ ਬ ਹੂ ਨਕਲ ਤੇ ਛਾਪਾ ਮਾਰਨ ਦਾ ਅਭਿਆਸ ਕਰਨ ਦਾ ਮੌਕਾ ਮਿਲਿਆ। ਹੁਣ ਇਹੀ ਵਿਅਕਤੀ ਲੈਫ. ਕਰਨਲ ਚੌਧਰੀ ਦੀ ਅਗਵਾਈ ਹੇਠ ਆਪਣੀਆਂ ਕਾਲੀਆਂ ਡਾਂਗਰੀਆਂ ਅਤੇ ਬੁਲਟ ਪਰੂਫ ਜੈਕਟਾਂ ਪਾਈ ਚੋਰੀ ਛਿਪੇ ਪਾਸਿਆਂ ਤੋਂ ਅਕਾਲ ਤਖ਼ਤ ਵੱਲ ਵੱਧਣ ਦੀ ਕੋਸ਼ਿਸ਼ ਕਰ ਰਹੇ ਸਨ।

ਲੈਫ. ਜਨਰਲ ਕੇ.ਐਸ. ਬਰਾੜ, ਜਿਸਨੇ ਓਪਰੇਸ਼ਨ ਬਲਿਊਸਟਾਰ ਨੇਪਰੇ ਚੜ੍ਹਾਇਆ ਸੀ, ਆਪਣੀ ਕਿਤਾਬ "**ਬਲਿਊਸਟਾਰ, ਦਿ ਟਰੂ ਸਟੋਰੀ**" ਵਿਚ ਜ਼ਿਕਰ ਕਰਦਾ ਹੈ: "ਪ੍ਰੈਸ ਵਿਚ ਛੱਪੀਆਂ ਕੁਝ ਰਿਪੋਰਟਾਂ ਵਿਚ ਕੋਈ ਸਚਾਈ ਨਹੀਂ ਹੈ ਕਿ ਫੌਜ ਨੂੰ ਹਰਿਮੰਦਰ ਸਾਹਿਬ ਵਿਚਲੀ ਕਿਲ੍ਹੇਬੰਦੀ ਬਾਰੇ ਵਿਸਤਾਰਪੂਰਬਕ ਖਬਰਾਂ ਕਈ ਹਫ਼ਤੇ ਪਹਿਲਾਂ ਮਿਲ ਗਈਆਂ ਸਨ ਅਤੇ ਇਹ ਕਿ ਅਸੀਂ ਉੱਤਰ ਪ੍ਰਦੇਸ਼ ਦੇ ਮੈਦਾਨਾਂ ਵਿਚ ਗੁਰਦੁਆਰੇ ਦਾ ਵੱਡਾ ਨਮੂਨਾ ਬਣਾ ਕੇ ਓਪਰੇਸ਼ਨ ਸ਼ੁਰੂ ਕਰਨ ਤੋਂ ਕਾਫੀ ਚਿਰ ਪਹਿਲਾਂ ਅਭਿਆਸ ਕੀਤਾ ਸੀ। ਇਸ ਤੋਂ ਵੱਧ ਕੇ ਸੱਚ ਤੋਂ ਦੂਰ ਕੁਝ ਨਹੀਂ ਹੋ ਸਕਦਾ। ਦਰਅਸਲ ਹਕੀਕਤ ਤਾਂ ਇਹ ਹੈ ਕਿ ਮੈਨੂੰ ਗੁਰਦੁਆਰੇ ਦੇ ਅੰਦਰ ਜਾਣ ਤੋਂ ਇਕ ਦਿਨ ਪਹਿਲਾਂ ਪਤਾ ਲੱਗਾ ਕਿ ਕੁਝ ਹਫ਼ਤੇ ਪਹਿਲਾਂ, ਕੇਂਦਰ ਵਿਚਲੇ ਕੈਬਨਿਟ ਸਕੱਤਰੇਤ ਹੇਠ ਕੰਮ ਕਰ ਰਹੇ ਨੀਮ ਫੌਜੀ ਦਸਤੇ - ਸਪੈਸ਼ਲ ਫਰੰਟੀਅਰ ਫੋਰਸ - ਨੇ ਲੋੜ ਪੈਣ ਤੇ ਗੁਰਦੁਆਰੇ ਅੰਦਰੋਂ ਅਤਿਵਾਦੀਆਂ ਨੂੰ ਬਾਹਰ ਕੱਢਣ ਦੀ ਕਾਰਵਾਈ ਲਈ ਸੰਭਾਵਿਤ ਯੋਜਨਾ ਬਣਾਈ ਸੀ। ਇਹ ਗੱਲ ਮੈਨੂੰ ਸਪੈਸ਼ਲ ਫਰੰਟੀਅਰ ਫੋਰਸ ਦੇ ਸੀਨੀਅਰ ਅਫ਼ਸਰ, ਜੋ ਕਿ ਇਸਦੀ ਸਬ ਯੂਨਿਟ ਦੀ ਅਗਵਾਈ ਕਰ ਰਿਹਾ ਸੀ, ਅਤੇ ਹੁਣ ਮੇਰੇ ਹੇਠ ਲਗਾਇਆ ਗਿਆ ਸੀ, ਨੇ ਦੱਸੀ ਸੀ।"

ਪੰਜਾਬ ਪੁਲਿਸ ਦਾ ਸਾਬਕਾ ਆਈ ਜੀ (ਇੰਟੈਲੀਜੈਂਸ) ਯਾਦ ਕਰਦਾ ਹੋਇਆ ਲਿਖਦਾ ਹੈ: "ਹਵਾਈ ਸੈਨਾ ਦੇ ਹੈਲੀਕਾਪਟਰ ਹਰਿਮੰਦਰ ਸਾਹਿਬ ਦੇ ਉੱਪਰ ਓਪਰੇਸ਼ਨ ਬਲਿਊਸਟਾਰ ਤੋਂ ਪੂਰੇ ਦੋ ਮਹੀਨੇ ਪਹਿਲਾਂ ਉੱਡਣ ਲੱਗ ਪਏ ਸਨ ਜਿਸ ਤੋਂ ਪਤਾ ਲਗਦਾ ਹੈ ਕਿ ਉਹ ਸਾਰੇ ਖੇਤਰ ਨੂੰ ਤੇ ਖ਼ਾਸ ਕਰਕੇ ਕੰਪਲੈਕਸ ਨੂੰ ਚੰਗੀ ਤਰ੍ਹਾਂ ਘੋਖ ਰਹੇ ਸਨ ਅਤੇ ਤਸਵੀਰਾਂ ਖਿੱਚ ਰਹੇ ਸਨ। ਫੌਜ ਪੰਜਾਬ ਪੁਲਿਸ ਤੋਂ ਉਪਰ ਇੰਟੈਲੀਜੈਂਸ ਬਿਊਰੋ ਦੇ ਮੁਖੀਆਂ ਨਾਲ ਰੋਜ਼ਾਨਾ ਮੀਟਿੰਗਾਂ ਕਰ ਰਹੀ ਸੀ। ਸੀ.ਆਰ.ਪੀ.ਐਫ. ਦੀ ਵਰਦੀ ਵਿਚ ਫੌਜ ਓਪਰੇਸ਼ਨ ਸ਼ੁਰੂ ਹੋਣ ਤੋਂ ਦੋ ਮਹੀਨੇ ਪਹਿਲਾਂ ਹੀ ਗੁਰਦੁਆਰੇ ਨੂੰ ਘੇਰ ਚੁੱਕੀ ਸੀ।"

ਇੰਦਰ ਮਲਹੋਤਰਾ ਆਪਣੀ ਕਿਤਾਬ "**ਇੰਦਰਾ ਗਾਂਧੀ, ਏ ਪਰਸਨਲ ਐਂਡ ਪੋਲੀਟੀਕਲ ਬਾਇਓਗਰਾਫੀ**" ਵਿਚ ਜਨਰਲ ਕੇ. ਸੁੰਦਰਜੀ, ਜੋ ਕਿ ਓਪਰੇਸ਼ਨ ਬਲਿਊਸਟਾਰ ਦਾ ਪੂਰੀ ਤਰ੍ਹਾਂ ਇੰਚਾਰਜ ਸੀ, ਦਾ ਇਹ ਕਹਿੰਦੇ ਹੋਏ ਹਵਾਲਾ ਦਿੰਦਾ ਹੈ: "ਮੈਨੂੰ 15 ਜਨਵਰੀ 1984 - ਸੈਨਾ ਦਿਵਸ - ਨੂੰ ਸੁਰੱਖਿਆ ਮੰਤਰਾਲੇ ਵਲੋਂ ਓਪਰੇਸ਼ਨ ਦੀ ਤਿਆਰੀ ਕਰਨ ਲਈ ਕਿਹਾ ਗਿਆ।"

ਪਰ ਫੌਜ ਵਿਚ ਵੀ ਕਈ ਮੁਸ਼ਕਲਾਂ ਹੱਲ ਕਰਨ ਵਾਲੀਆਂ ਸਨ। ਲੈਫ.

ਜਨਰਲ ਕੇ. ਐਸ. ਬਰਾੜ, ਸਿਮਰਨਜੀਤ ਸਿੰਘ ਮਾਨ ਵਲੋਂ ਰਾਸ਼ਟਰਪਤੀ ਜ਼ੈਲ ਸਿੰਘ ਨੂੰ ਲਿਖੀ ਚਿੱਠੀ ਦਾ ਹਵਾਲਾ ਦੇਂਦਿਆਂ ਹੋਇਆਂ ਕਹਿੰਦਾ ਹੈ: ਮੇਜਰ ਜਨਰਲ ਕੇ.ਐਸ. ਬਰਾੜ ਜਿਸਨੇ ਕਿ ਓਪਰੇਸ਼ਨ ਨੂੰ ਨੇਪਰੇ ਚੜ੍ਹਾਉਣਾ ਸਵੀਕਾਰ ਕੀਤਾ ਸੀ, ਉਹ ਤੁਰੰਤ ਆਪਣੀਆਂ ਟੁਕੜੀਆਂ ਨੂੰ ਤੈਨਾਤ ਨਹੀਂ ਸੀ ਕਰ ਸਕਿਆ, ਕਿਉਂਕਿ ਮੇਜਰ ਜਨਰਲ ਜੇ.ਐਸ. ਜਾਮਵਾਲ, ਜਿਸਨੂੰ ਪਹਿਲਾਂ ਨਿਯੁਕਤ ਕੀਤਾ ਗਿਆ ਸੀ, ਨੇ ਇਹ ਕਹਿੰਦੇ ਹੋਏ ਕਿ ਪੇਸ਼ਾਵਰ ਸੈਨਿਕ ਦੇ ਤੌਰ ਤੇ ਉਹ ਆਪਣੇ ਲੋਕਾਂ ਦਾ ਕਤਲ ਨਹੀਂ ਸੀ ਕਰ ਸਕਦਾ, ਸਿੱਖਾਂ ਦਾ ਘਾਣ ਕਰਨ ਤੋਂ ਇਨਕਾਰ ਕਰ ਦਿੱਤਾ।"

ਸੁਰੱਖਿਆ ਮੰਤਰਾਲੇ ਦੇ ਇਨਕਾਰ ਦੇ ਬਲਬੂਤੇ ਤੇ ਬਰਾੜ ਇਸ ਗੱਲ ਦਾ ਜ਼ੋਰਦਾਰ ਖੰਡਨ ਕਰਦਾ ਹੈ ਕਿ "ਇਹ ਸਾਫ਼ ਜ਼ਾਹਿਰ ਸੀ ਕਿ ਜਨਰਲ ਜਾਮਵਾਲ ਦਾ ਇਸ ਕੰਮ ਤੋਂ ਇਨਕਾਰ ਕਰਨ ਦਾ ਕੋਈ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ; ਜਨਰਲ ਜਾਮਵਾਲ ਨੇ ਹਿੰਦ-ਪਾਕ ਸਰਹੱਦ ਦੇ ਇਕ ਹਿੱਸੇ ਨੂੰ ਬੰਦ ਕਰਨ ਦਾ ਕੰਮ ਜੋ ਉਸਨੂੰ ਸੌਂਪਿਆ ਗਿਆ ਸੀ, ਨੂੰ ਨੇਪਰੇ ਚੜ੍ਹਾਇਆ।"

ਹਾਲਾਂ ਕਿ, ਕਈ ਸੇਵਾਮੁਕਤ ਫੌਜੀ ਅਫ਼ਸਰਾਂ ਦੇ ਅਨੁਸਾਰ ਜਾਮਵਾਲ ਕੋਈ ਇਕੱਲਾ ਅਜਿਹਾ ਸੀਨੀਅਰ ਅਫ਼ਸਰ ਨਹੀਂ ਸੀ ਜਿਸਦੇ ਨਿਜੀ ਰਵੱਈਏ ਨੇ ਉਸਨੂੰ ਬਲਿਊਸਟਾਰ ਲਈ ਨਾਕਾਬਿਲ ਬਣਾਇਆ। ਉਹ ਕਹਿੰਦੇ ਹਨ ਕਿ ਅਨੇਕਾਂ ਸੀਨੀਅਰ ਅਫ਼ਸਰਾਂ ਦੇ ਰਵੱਈਏ ਨੂੰ ਘੋਖਿਆ ਗਿਆ ਅਤੇ ਉਹ ਕੇਂਦਰ ਦੇ ਉਦੇਸ਼ ਲਈ "ਅਯੋਗ" ਪਾਏ ਗਏ। ਉਨ੍ਹਾਂ ਵਲੋਂ ਅੰਤ ਵਿਚ, ਸੈਂਕੜੇ ਕਿਲੋਮੀਟਰ ਦੂਰ ਮੇਰਠ, ਉੱਤਰ ਪ੍ਰਦੇਸ਼ ਵਿਚ ਸਥਿਤ ਮੇਜਰ ਜਨਰਲ ਕੇ.ਐਸ. ਬਰਾੜ ਅਤੇ ਉਸਦੀ 9 ਇਨਫੈਨਟਰੀ ਡਵੀਜ਼ਨ ਸੀ ਦੀ ਚੋਣ ਕੀਤੀ ਗਈ।

ਇਕ ਛਪੇ ਹੋਏ ਲੇਖ ਵਿਚ ਲੈਫ. ਜਨਰਲ ਐਸ.ਕੇ. ਸਿਨਹਾ ਲਿਖਦਾ ਹੈ ਕਿ ਜਦੋਂ ਸ਼੍ਰੀਮਤੀ ਗਾਂਧੀ ਨੇ ਹਰਿਮੰਦਰ ਸਾਹਿਬ ਤੇ ਹਮਲੇ ਦੀ ਯੋਜਨਾ ਬਾਰੇ ਉਸਦੀ ਸਲਾਹ ਮੰਗੀ, "ਮੈਂ ਪੁਰਜ਼ੋਰ ਢੰਗ ਨਾਲ ਇਸਦੇ ਵਿਰੁੱਧ ਸਲਾਹ ਦਿੱਤੀ।" ਉਸ ਸਮੇਂ ਉਹ ਪੱਛਮੀ ਕਮਾਂਡ ਦਾ ਜਨਰਲ ਅਫ਼ਸਰ ਕਮਾਂਡਿੰਗ-ਇਨ-ਚੀਫ ਸੀ ਅਤੇ ਚੀਫ਼ ਆਫ਼ ਆਰਮੀ ਸਟਾਫ਼ ਬਣਨ ਲਈ ਸਭ ਤੋਂ ਸੀਨੀਅਰ ਅਫ਼ਸਰ ਸੀ। ਹਾਲਾਂਕਿ ਉਸਨੂੰ ਪੱਛਮੀ ਕਮਾਂਡ ਤੋਂ ਬਦਲ ਕੇ ਵਾਈਸ ਚੀਫ਼ ਆਫ਼ ਆਰਮੀ ਸਟਾਫ਼ ਦੇ ਤੌਰ ਤੇ ਲਗਾ ਦਿੱਤਾ ਗਿਆ ਅਤੇ ਬਾਅਦ ਵਿਚ ਬਾਈ-ਪਾਸ ਕਰ ਦਿੱਤਾ ਗਿਆ। ਜਨਰਲ ਸਿਨਹਾ ਵਿਸ਼ਵਾਸ ਕਰਦਾ ਹੈ ਕਿ ਉਹ ਚੀਫ਼ ਆਫ਼ ਆਰਮੀ ਸਟਾਫ਼ ਇਸ ਲਈ ਨਹੀਂ ਬਣਿਆ ਕਿਉਂਕਿ ਸ਼੍ਰੀਮਤੀ ਗਾਂਧੀ ਨੂੰ ਉਸਦੀ ਸਲਾਹ ਚੰਗੀ ਨਹੀਂ ਲੱਗੀ।

ਭਾਵੇਂ ਜੇ ਕੋਈ ਵਿਅਕਤੀ ਟੁਲੀ, ਜੈਕਬ ਜਾਂ ਸ਼ੇਖਰ ਗੁਪਤਾ ਤੇ ਵਿਸ਼ਵਾਸ ਨਾ ਵੀ ਕਰਦਾ ਹੋਵੇ ਤਾਂ ਬਾਵਜੂਦ ਇੰਦਰਾ ਗਾਂਧੀ ਦੇ ਇਨਕਾਰਾਂ ਦੇ, ਸੁੰਦਰਜੀ ਅਤੇ ਸਿਨਹਾ ਦੇ ਸ਼ਬਦ ਇਸ ਤੱਥ ਨੂੰ ਸਥਾਪਿਤ ਕਰਦੇ ਹਨ ਕਿ ਬਲਿਊਸਟਾਰ ਲਈ ਤਿਆਰੀਆਂ ਕੁਝ ਮਹੀਨਿਆਂ ਤੋਂ ਚਲ ਰਹੀਆਂ ਸਨ।

ਆਪਣੀ ਕਿਤਾਬ ਵਿਚ ਬਰਾੜ ਇਹ ਐਲਾਨ ਕਰਦਾ ਹੈ ਕਿ ਓਪਰੇਸ਼ਨ ਬਲਿਊਸਟਾਰ ਵਿਚ ਉਸਦੀ ਭਾਗੀਦਾਰੀ 31 ਮਈ 1984 ਤੋਂ ਸ਼ੁਰੂ ਹੁੰਦੀ ਹੈ ਅਤੇ 1 ਜੂਨ ਨੂੰ ਚੰਡੀਗੜ੍ਹ ਵਿਚ ਲੈਫ. ਜਨਰਲ ਸੁੰਦਰਜੀ ਅਤੇ ਲੈਫ. ਜਨਰਲ ਰਣਜੀਤ ਸਿੰਘ ਦਿਆਲ ਨੂੰ ਮਿਲਣ ਤਕ "ਮੈਂ ਜ਼ਰਾ ਜਿੰਨਾ ਵੀ ਮਹਿਸੂਸ ਨਹੀਂ ਸੀ ਕੀਤਾ ... ਇਹ ਸਾਰਾ ਕੁਝ ਕਿਸ ਬਾਰੇ ਸੀ।" ਇਸ ਤੋਂ ਉਲਟ ਸ਼ੇਖਰ ਗੁਪਤਾ ਲਿਖਦਾ ਹੈ "25 ਮਈ 1984 ਨੂੰ ਅੱਧੀ ਰਾਤ ਦੇ ਨੇੜੇ ਤੇੜੇ ... ਦੱਖਣ-ਪੱਛਮੀ ਪੰਜਾਬ ਦੇ ਤੱਪਦੇ ਮੈਦਾਨਾਂ ਦੀਆਂ ਗਰਮੀਆਂ ਦੀ ਉਸ ਹਵਾਦਾਰ ਰਾਤ ਨੂੰ, ਭਾਰਤੀ ਫੌਜ ਦੀ 9 ਇਨਫੈਨਟਰੀ ਡਿਵੀਜ਼ਨ ਦੇ ਫ਼ੀਲਡ ਹੈੱਡਕੁਆਟਰ ਵਿਚ ਉਤੇਜਨਾ ਸਪਸ਼ਟ ਦਿਖਾਈ ਦੇ ਰਹੀ ਸੀ। ਜਦੋਂ ਅੰਤਿਮ ਘੜੀ ਨੇੜੇ ਆ ਚੁੱਕੀ ਸੀ ਅਤੇ ਅਫ਼ਸਰਾਂ ਨੇ ਯੋਜਨਾਵਾਂ ਅਤੇ ਪ੍ਰਬੰਧਾਂ ਦੀ ਅੰਤਿਮ ਨਜ਼ਰਸਾਨੀ ਕਰ ਲਈ ਸੀ, ਟੁਕੜੀਆਂ ਆਪਣੇ ਹਥਿਆਰਾਂ ਦਾ ਅੰਤਿਮ ਤਸੱਲੀ ਭਰਿਆ ਨਿਰੀਖਣ ਕਰ ਰਹੀਆਂ ਸਨ। ਓਪਰੇਸ਼ਨ ਰੂਮ ਵਿਚ ਡਿਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ, ਜੀ ਓ ਸੀ ਮੇਜਰ ਜਨਰਲ ਕੁਲਦੀਪ ਸਿੰਘ (ਬੁਲਬੁਲ) ਬਰਾੜ ਅਤੇ ਪੱਛਮੀ ਕਮਾਂਡ ਦੇ ਜੀ ਓ ਸੀ ਲੈਫਟੀਨੈਂਟ ਜਨਰਲ ਕੇ. ਸੁੰਦਰਜੀ ਦੀਆਂ ਹੁਣ ਤਕ ਜਾਣੀਆਂ ਪਛਾਣੀਆਂ ਸ਼ਕਲਾਂ ਨਜ਼ਰ ਆ ਰਹੀਆਂ ਸਨ। ਬਰਾੜ ਨੇ ਆਪਣੀ ਖਾਸ ਦ੍ਰਿੜ੍ਹ ਸੁਰ ਵਿਚ ਸੁੰਦਰਜੀ ਅੱਗੇ ਹਮਲੇ ਦੀ ਯੋਜਨਾ ਰੱਖੀ।"

ਲੈਫ. ਜਨਰਲ ਆਰ.ਐਸ. ਦਿਆਲ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ 26 ਮਈ 1984 ਨੂੰ ਚੰਡੀ ਮੰਦਰ ਤੋਂ ਦਿੱਲੀ ਬੁਲਾਇਆ ਗਿਆ ਅਤੇ ਓਪਰੇਸ਼ਨ ਬਲਿਊਸਟਾਰ ਵਿਚ ਉਸਦੀ ਭੂਮਿਕਾ ਬਾਰੇ ਪ੍ਰਧਾਨ ਮੰਤਰੀ ਦੁਆਰਾ ਜ਼ਾਤੀ ਤੌਰ ਤੇ ਦੱਸਿਆ ਗਿਆ।

2 ਜੂਨ ਨੂੰ, ਸਾਰੇ ਪੰਜਾਬ ਵਿਚ ਕਰਫਿਊ ਦਾ ਐਲਾਨ ਕਰ ਦਿੱਤਾ ਗਿਆ ਅਤੇ ਸੰਚਾਰ ਲਾਈਨਾਂ ਕੱਟ ਦਿੱਤੀਆਂ ਗਈਆਂ - ਬੀ.ਐਸ. ਦਾਨੇਵਾਲੀਆ ਦੇ ਅਨੁਸਾਰ, ਹੈੱਡਕੁਆਰਟਰ ਵਿਖੇ ਪੰਜਾਬ ਪੁਲਿਸ ਦੇ ਅਫ਼ਸਰਾਂ ਦੀਆਂ ਲਾਈਨਾਂ ਵੀ ਕੱਟ ਦਿੱਤੀਆਂ ਗਈਆਂ ਸਨ। ਫੌਜ ਨੇ ਕਰਫਿਊ ਦੀ ਉਲੰਘਣਾ ਕਰਨ ਤੇ "ਸ਼ੂਟ ਟੂ ਕਿਲ" ਦੇ ਹੁਕਮ ਜਾਰੀ ਕਰ ਦਿੱਤੇ। ਪਰ ਮੁੱਖ ਸਕੱਤਰ ਵਾਸੁਦੇਵਾ ਅਤੇ ਪੰਜਾਬ ਪੁਲਿਸ ਦੇ ਆਈ.ਜੀ. (ਇੰਟੈਲੀਜੈਂਸ) ਐਚ.ਐਸ. ਰੰਧਾਵਾ ਵਲੋਂ ਇਨ੍ਹਾਂ ਹੁਕਮਾਂ ਦੀ ਅਵੈਧਤਾ ਬਾਰੇ ਰੋਸ ਜ਼ਾਹਿਰ ਕਰਨ ਤੇ ਇਨ੍ਹਾਂ ਹੁਕਮਾਂ ਨੂੰ ਵਾਪਸ ਲੈ ਲਿਆ ਗਿਆ। ਮਾਰਸ਼ਲ ਲਾਅ ਘੋਸ਼ਿਤ ਨਹੀਂ ਸੀ ਕੀਤਾ ਗਿਆ: ਇਹ ਕਦੀ ਵੀ ਘੋਸ਼ਿਤ ਨਹੀਂ ਕੀਤਾ ਗਿਆ। ਇਹ ਸਪਸ਼ਟ ਹੈ ਕਿ ਫੌਜ ਪੰਜਾਬ ਵਿਚ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਤੇ ਫੌਜੀ ਕਾਰਵਾਈ ਕਰਨ ਸਮੇਂ ਕਾਨੂੰਨ ਦੀਆਂ ਹੱਦਾਂ ਤੋਂ ਬਾਹਰ ਸੀ।

## 3 ਜੂਨ ਤੋਂ ਲੈ ਕੇ 6 ਜੂਨ ਤਕ ਦੀਆਂ ਘਟਨਾਵਾਂ

ਇਕ ਬ੍ਰਿਟਿਸ਼ ਪੱਤਰ-ਪ੍ਰੇਰਕ, ਮੇਰੀ ਐਨ ਵੀਵਰ ਨੇ 17 ਜੂਨ, 1984, ਨੂੰ ਸੰਡੇ ਟਾਈਮਜ਼, ਲੰਡਨ ਨੂੰ ਭੇਜੀ ਆਪਣੀ ਰਿਪੋਰਟ ਵਿਚ ਸਪਸ਼ਟ ਕੀਤਾ "ਆਜ਼ਾਦੀ ਤੋਂ ਲੈ ਕੇ ਅੱਜ ਤਕ ਫੌਜ ਦੀ ਇੰਨੀ ਵੱਡੀ ਗਿਣਤੀ ਵਿਚ ਵਰਤੋਂ ਨਹੀਂ ਸੀ ਕੀਤੀ ਗਈ - ਲਗਭਗ 15000 ਟੁਕੜੀਆਂ ਨੇ ਹਮਲੇ ਵਿਚ ਭਾਗ ਲਿਆ।" ਅੰਦਰੂਨੀ ਬਗਾਵਤ ਨੂੰ ਦਬਾਉਣ ਲਈ ਬਾਕੀ ਪੰਜਾਬ ਵੀ ਫੌਜੀਆਂ ਨਾਲ ਭਰਿਆ ਹੋਇਆ ਸੀ। ਖ਼ਾਸ ਤੌਰ ਤੇ ਚੁਣੇ ਅਤੇ ਸਿਖਲਾਈ-ਪ੍ਰਾਪਤ ਫੌਜੀਆਂ ਦੀ ਮਦਦ ਲਈ ਟੈਂਕ ਅਤੇ ਬਖਤਰਬੰਦ ਗੱਡੀਆਂ ਵੀ ਸਨ, ਫਿਰ ਵੀ ਉਨ੍ਹਾਂ ਨੂੰ ਗੁਰਦੁਆਰੇ ਉੱਤੇ ਕਬਜ਼ਾ ਹਾਸਿਲ ਕਰਨ ਲਈ - ਜਿਸਦੀ ਸੁਰੱਖਿਆ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ 500 ਸਾਥੀ ਅਤੇ ਬੱਬਰ ਖਾਲਸਾ ਦੇ 150 ਹਥਿਆਰਬੰਦ ਆਦਮੀ ਕਰ ਰਹੇ ਸਨ - 72 ਘੰਟੇ ਲਗਾਤਾਰ ਲੜਾਈ ਲੜਨੀ ਪਈ।

3 ਜੂਨ, 1984, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਵਾਲਾ ਦਿਨ ਫੌਜ ਵਲੋਂ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਨੂੰ ਘੇਰਾ ਪਾਉਣ ਲਈ ਚੁਣਿਆ ਗਿਆ। ਰਵਾਇਤੀ ਤੌਰ ਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ ਵੱਡੀ ਗਿਣਤੀ ਵਿਚ ਸ਼ਰਧਾਲੂ ਮੱਥਾ ਟੇਕਣ ਅਤੇ ਅਰਦਾਸ ਕਰਨ ਲਈ ਗੁਰਦੁਆਰੇ ਆਉਂਦੇ ਹਨ। ਫੌਜ ਨੇ ਬਿਨਾਂ ਕਿਸੇ ਚਿਤਾਵਨੀ ਦੇ ਜਾਂ ਬਿਨਾਂ ਆਤਮ-ਸਮਰਪਣ ਦੇ ਸੱਦੇ ਤੋਂ, ਓਪਰੇਸ਼ਨ ਸ਼ੁਰੂ ਕਰ ਦਿੱਤਾ। ਇਨ੍ਹਾਂ ਸ਼ਰਧਾਲੂਆਂ ਵਿਚੋਂ ਬਹੁਤ ਸਾਰੇ ਲੜਾਈ ਦੌਰਾਨ ਗੁਰਦੁਆਰੇ ਵਿਚ ਹੀ ਫਸ ਗਏ।

"ਲੌਂਗੋਵਾਲ ਦੁਆਰਾ ਰਾਜ ਵਿਚ ਅਨਾਜ ਦੀ ਆਵਾਜਾਈ ਨੂੰ ਰੋਕਣ ਲਈ 3 ਜੂਨ 1984 ਨੂੰ ਸ਼ੁਰੂ ਕੀਤੇ ਜਾਣ ਵਾਲੇ ਰਾਜ ਪੱਧਰੀ ਮੋਰਚੇ ਦਾ ਐਲਾਨ, ਫੌਜੀ ਕਾਰਵਾਈ ਲਈ ਅੰਤਿਮ ਦਲੀਲ ਸੀ। ਕੇਂਦਰ ਨੂੰ ਅਜਿਹਾ ਸਖ਼ਤ ਕਦਮ ਚੁੱਕਣ ਲਈ ਭੜਕਾਉਣ ਪਿੱਛੇ ਇਹੀ ਮੁੱਖ ਕਾਰਣ ਸੀ, ਹਾਲਾਂ ਕਿ ਸਿੱਖ ਹਲਕੇ ਵਿਚ ਇਹ ਕੋਈ ਬਹੁਤੀ ਵਜ਼ਨਦਾਰ ਦਲੀਲ ਨਹੀਂ ਮੰਨੀ ਜਾਂਦੀ। ਬਹੁਤੇ ਇਹ ਮਹਿਸੂਸ ਕਰਦੇ ਸਨ ਕਿ ਇਸ ਤੂਫ਼ਾਨ ਨੂੰ ਵੀ ਟਾਲਿਆ ਜਾ ਸਕਦਾ ਸੀ।

ਫੌਜ ਨੂੰ ਬੁਲਾਉਣਾ ਗੈਰ-ਕਾਨੂੰਨੀ ਸੀ; ਸੰਸਦ ਦੁਆਰਾ ਫੌਜ ਨੂੰ 'ਗ੍ਰਿਫਤਾਰ ਜਾਂ ਨਜ਼ਰਬੰਦ ਕਰਨ' ਦੀ ਕੋਈ ਤਾਕਤ ਨਹੀਂ ਸੀ ਦਿੱਤੀ। ਬਰਾੜ 2 ਜੂਨ ਬਾਰੇ ਲਿਖਦਾ ਹੈ: "ਸਥਿਤੀ ਦਾ ਜਾਇਜ਼ਾ ਲੈਣ ਦੇ ਉਦੇਸ਼ ਨਾਲ, ਪੁਲਿਸ ਅਤੇ ਇੰਟੈਲੀਜੈਂਸ ਦੇ ਸੀਨੀਅਰ ਅਫ਼ਸਰਾਂ ਨਾਲ ਗੈਰ-ਰਸਮੀ ਮੁਲਾਕਾਤਾਂ ਨਾਲ ਦਿਨ ਦੀ ਸ਼ੁਰੂਆਤ ਹੋਈ। ਮੈਂ ਸ਼ਬਦ 'ਗੈਰ-ਰਸਮੀ' ਤੇ ਜ਼ੋਰ ਦਿੰਦਾ ਹਾਂ ਕਿਉਂਕਿ ਭਾਵੇਂ ਜ਼ਿਲ੍ਹਾ-ਪ੍ਰਸ਼ਾਸਨ ਨੂੰ ਸਿਵਲ ਪ੍ਰਸ਼ਾਸਨ ਦੀ ਮਦਦ ਲਈ, ਮੇਰੀਆਂ ਟੁਕੜੀਆਂ ਦੇ, ਅੰਮ੍ਰਿਤਸਰ ਵੱਲ ਵੱਧਣ ਦੀਆਂ ਸੂਚਨਾਵਾਂ ਆਪਣੇ ਸ੍ਰੋਤਾਂ ਤੋਂ ਮਿਲ ਚੁੱਕੀਆਂ ਸਨ, ਨਾ ਤਾਂ ਸਾਡੇ ਸਾਹਮਣੇ ਕੋਈ ਸਰਕਾਰੀ ਮੰਗ ਰੱਖੀ ਗਈ ਸੀ ਅਤੇ ਨਾ ਹੀ ਪੁਲਿਸ ਅਤੇ ਨੀਮ ਫੌਜੀ ਦਸਤਿਆਂ ਨੂੰ ਫੌਜ ਦੇ ਨਿਯੰਤ੍ਰਣ ਹੇਠ ਕੀਤਾ ਗਿਆ ਸੀ।"

3 ਜੂਨ 1984 ਤਕ ਅੰਮ੍ਰਿਤਸਰ ਜ਼ਿਲ੍ਹਾ ਮੈਜਿਸਟਰੇਟ ਨੇ ਸਿਵਲ ਪ੍ਰਸ਼ਾਸਨ ਦੀ ਮਦਦ ਲਈ ਫੌਜ ਭੇਜਣ ਦੀ ਮੰਗ ਨਹੀਂ ਸੀ ਕੀਤੀ ... ਪਰ ਫੌਜ ਅੰਮ੍ਰਿਤਸਰ ਵਿਚ ਪਹਿਲਾਂ ਤੋਂ ਹੀ ਮੌਜੂਦ ਸੀ, ਇਸ ਗੱਲ ਦੀ ਕਿਸੇ ਨੂੰ ਤਾਂ ਜ਼ਿੰਮੇਵਾਰੀ ਲੈਣੀ ਪਵੇਗੀ। ਫੌਜ ਬੁਲਾਉਣ ਲਈ ਪੱਤਰ ਤੇ ਕਿਸ ਨੇ ਦਸਤਖ਼ਤ ਕੀਤੇ? 2 ਜੂਨ 1984 ਨੂੰ ਪੰਜਾਬ ਦੇ ਗਵਰਨਰ ਤੇ ਸਾਬਕਾ ਆਈ.ਸੀ.ਐਸ. ਅਫ਼ਸਰ ਪਾਂਡੇ ਨੇ ਮੁੱਖ ਸਕੱਤਰ ਕੇ.ਡੀ. ਵਾਸੁਦੇਵਾ, ਗ੍ਰਹਿ ਸਕੱਤਰ ਏ.ਐਸ. ਪੂਨੀ, ਇੰਸਪੈਕਟਰ ਜਨਰਲ ਪੁਲਿਸ ਪੀ.ਐਸ. ਭਿੰਡਰ, ਅਤੇ ਇੰਸਪੈਕਟਰ ਜਨਰਲ (ਇੰਟੈਲੀਜੈਂਸ) ਐਚ.ਐਸ. ਰੰਧਾਵਾ ਨੂੰ ਸ਼ਾਮ ਦੇ ਛੇ ਵਜੇ ਰਾਜ ਭਵਨ ਵਿਖੇ ਮੀਟਿੰਗ ਲਈ ਬੁਲਾਇਆ ਗਿਆ। ਪੰਜਾਬ ਦੀ ਸਥਿਤੀ ਉੱਤੇ ਚਰਚਾ ਕੀਤੀ ਗਈ ਅਤੇ ਸਰਬਸੰਮਤੀ ਨਾਲ ਇਹ ਪ੍ਰਵਾਨ ਕੀਤਾ ਗਿਆ ਕਿ ਦਰਬਾਰ ਸਾਹਿਬ ਤੇ ਹਮਲੇ ਲਈ ਫੌਜ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਰਾਜਪਾਲ ਰਾਜ਼ੀ ਹੋ ਗਿਆ ਅਤੇ ਉਸਨੇ, ਉਨ੍ਹਾਂ ਦੀ ਹਾਜ਼ਰੀ ਵਿਚ, ਪ੍ਰਧਾਨ ਮੰਤਰੀ ਦਫਤਰ ਦੇ ਇੰਚਾਰਜ ਪੀ.ਸੀ. ਅਲੈਗਜ਼ੈਂਡਰ ਨਾਲ ਹੌਟ ਲਾਈਨ ਤੇ ਗੱਲਬਾਤ ਕੀਤੀ ਅਤੇ ਉਸਨੂੰ ਸੂਚਿਤ ਕੀਤਾ ਕਿ ਉਹ ਉਸ ਵੇਲੇ ਪੰਜਾਬ ਦੇ ਸੀਨੀਅਰ ਅਫ਼ਸਰਾਂ ਨਾਲ ਮੀਟਿੰਗ ਕਰ ਰਹੇ ਹਨ। ਉਸ ਨੇ ਕਿਹਾ ਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਦਰਬਾਰ ਸਾਹਿਬ ਵਿਚ ਫੌਜ ਭੇਜੀ ਜਾਵੇਗੀ ਅਤੇ ਦੱਸਿਆ ਕਿ ਉਹ ਸਾਰੇ ਅਜਿਹਾ ਕਦਮ ਚੁੱਕੇ ਜਾਣ ਦੇ ਵਿਰੁੱਧ ਹਨ ਅਤੇ ਇਹ ਵੀ ਕਿਹਾ ਕਿ ਉਹ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ। ਪੀ.ਸੀ. ਅਲੈਗਜ਼ੈਂਡਰ ਨੇ ਇਸ ਸਲਾਹ ਨੂੰ ਰੱਦ ਕਰ ਦਿੱਤਾ ਅਤੇ ਰਾਜਪਾਲ ਨੂੰ ਨਿਰਦੇਸ਼ ਕੀਤਾ ਕਿ ਉਹ ਗ੍ਰਹਿ ਸਕੱਤਰ ਪਾਸੋਂ ਅਜਿਹਾ ਪੱਤਰ ਲਿਖਵਾਉਣ ਜਿਸ ਵਿਚ ਰਾਜ ਵਿਚ ਫੌਜੀ ਦਖਲ ਲਈ ਬੇਨਤੀ ਕੀਤੀ ਗਈ ਹੋਵੇ। ਗ੍ਰਹਿ ਸਕੱਤਰ ਏ.ਐਸ. ਪੂਨੀ, ਜਿਸਨੇ ਪਹਿਲਾਂ ਹੀ ਮੈਡੀਕਲ ਛੁੱਟੀ ਲਈ ਅਰਜ਼ੀ ਦਿੱਤੀ ਹੋਈ ਸੀ, ਨੂੰ ਮੈਡੀਕਲ ਛੁੱਟੀ ਤੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਪਰ ਛੁੱਟੀ ਮਨਜ਼ੂਰ ਕਰਨ ਤੋਂ ਪਹਿਲਾਂ ਉਸਤੋਂ ਉਸ ਪੱਤਰ ਤੇ ਦਸਤਖ਼ਤ ਕਰਵਾਏ ਗਏ ਜਿਸ ਵਿਚ ਸਿਵਲ ਪ੍ਰਸ਼ਾਸਨ ਦੀ ਮਦਦ ਲਈ ਫੌਜ ਨੂੰ ਬੁਲਾਉਣ ਦੀ ਬੇਨਤੀ ਕੀਤੀ ਗਈ ਸੀ। ਪੰਜਾਬ ਸਰਕਾਰ ਦੇ ਅਫ਼ਸਰਾਂ ਨੇ ਇਹ ਨੁਕਤਾ ਉਠਾਇਆ ਕਿ ਪੰਜਾਬ ਸਰਕਾਰ ਵਲੋਂ ਫੌਜ ਨੂੰ ਬੁਲਾਉਣ ਲਈ ਕੋਈ ਜਾਇਜ਼ਾ ਜਾਂ ਫੈਸਲਾ ਨਹੀਂ ਲਿਆ ਗਿਆ। ਰਾਜਪਾਲ ਨੇ ਉਨ੍ਹਾਂ ਨੂੰ ਦੱਸਿਆ ਕਿ ਫੌਜ ਨੂੰ ਪੰਜਾਬ ਵਿਚ ਬੁਲਾਉਣ ਦਾ ਫ਼ੈਸਲਾ ਕੇਂਦਰ ਵਲੋਂ ਪਹਿਲਾਂ ਹੀ ਲੈ ਲਿਆ ਗਿਆ ਹੈ। ਪੂਨੀ ਹਿਚਕਿਚਾਇਆ, ਪਰ ਉਹ ਹੁਕਮਾਂ ਦੀ ਅਵੱਗਿਆ ਨਹੀਂ ਸੀ ਕਰ ਸਕਦਾ। ਰਾਜਪਾਲ ਨੇ ਆਪਣੇ ਨਿਜੀ ਸਕੱਤਰ ਨੂੰ ਬੁਲਾਇਆ ਅਤੇ ਪੂਨੀ ਨੂੰ ਪੱਤਰ ਲਿਖਵਾਉਣ ਲਈ ਕਿਹਾ। ਫੌਜ ਦੇ ਕਮਾਂਡਰ ਨੂੰ ਸੰਬੋਧਿਤ ਕਰਦਾ ਹੋਇਆ ਪੂਨੀ ਦਾ ਪੱਤਰ ਕਹਿੰਦਾ ਹੈ: "ਰਾਜਪਾਲ ਦੇ ਹੁਕਮ ਤੇ ਮੈਨੂੰ ਤੁਹਾਡੇ ਕੋਲ ਸਿਵਲ ਪ੍ਰਸ਼ਾਸਨ ਦੀ ਮਦਦ ਲਈ ਫੌਜ ਭੇਜਣ ਦੀ ਬੇਨਤੀ ਕਰਨ ਲਈ ਕਿਹਾ ਗਿਆ ਹੈ ਕਿਉਂਕਿ ਰਾਜ ਵਿਚ ਕਾਨੂੰਨ ਅਤੇ

ਵਿਵਸਥਾ ਦੀ ਸਥਿਤੀ ਬੁਰੀ ਤਰ੍ਹਾਂ ਨਾਲ ਖ਼ਰਾਬ ਹੈ।"

ਇਕ ਹੋਰ ਪੱਤਰ ਡਿਪਟੀ ਕਮਿਸ਼ਨਰਾਂ ਨੂੰ ਭੇਜਿਆ ਗਿਆ ਜਿਸ ਵਿਚ ਉਨ੍ਹਾਂ ਨੂੰ ਨਿਰਦੇਸ਼ ਦਿੱਤਾ ਗਿਆ ਕਿ ਫੌਜ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

ਇਸ ਵਰਤਾਰੇ ਨਾਲ ਸੰਵਿਧਾਨ ਕਾਨੂੰਨ ਸਬੰਧੀ ਗੰਭੀਰ ਪ੍ਰਸ਼ਨ ਉਠਦੇ ਹਨ:

(1) ਕੀ ਇਕ ਦਬਾਓ ਅਧੀਨ ਅਫ਼ਸਰ ਦੇ ਕਹਿਣ ਤੇ ਫੌਜ ਨੂੰ ਬੁਲਾਇਆ ਜਾਣਾ ਕਾਨੂੰਨੀ ਤੌਰ ਤੇ ਸਹੀ ਅਤੇ ਜਾਇਜ਼ ਸੀ?

(2) ਕੀ ਪ੍ਰਧਾਨ ਮੰਤਰੀ ਦੇ ਦਫਤਰ ਪਾਸ ਇਕ ਰਾਜ ਦੇ ਰਾਜਪਾਲ ਨੂੰ ਫੌਜ ਬੁਲਾਉਣ ਲਈ ਸਿੱਧੇ ਤੌਰ ਤੇ ਕਹਿਣ ਲਈ ਸੰਵਿਧਾਨਕ ਅਧਿਕਾਰ ਸੀ?

ਪੰਜਾਬ ਦੇ ਗਵਰਨਰ ਨੇ ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਲਿਖਤੀ ਸਲਾਹ ਭੇਜੀ ਸੀ ਕਿ ਪੰਜਾਬ ਦਾ ਮਸਲਾ ਸਿਆਸੀ ਹੈ, ਫੌਜ ਰਾਹੀਂ ਇਸ ਦਾ ਹੱਲ ਨਾ ਲੱਭਿਆ ਜਾਵੇ। ਪੰਜਾਬ ਦੇ 13 ਜ਼ਿਲ੍ਹਿਆਂ ਵਿਚੋਂ ਕਿਸੇ ਇਕ ਵੀ ਡਿਪਟੀ ਕਮਿਸ਼ਨਰ ਨੇ ਇਸ ਤਰ੍ਹਾਂ ਦਾ ਕੋਈ ਸੰਕੇਤ ਨਹੀਂ ਸੀ ਦਿੱਤਾ ਕਿ ਕਾਨੂੰਨ ਅਤੇ ਵਿਵਸਥਾ ਨੂੰ ਖ਼ਤਰਾ ਹੈ ਅਤੇ ਨਾ ਹੀ ਉਨ੍ਹਾਂ ਨੇ ਫੌਜ ਦੀ ਸਹਾਇਤਾ ਲਈ ਕਿਹਾ ਸੀ। ਰਾਜ ਦੀ ਪੁਲਿਸ ਵਲੋਂ ਵੀ ਇਸ ਤਰ੍ਹਾਂ ਦੀ ਕੋਈ ਮੰਗ ਜਾਂ ਰਿਪੋਰਟ ਨਹੀਂ ਸੀ ਕੀਤੀ ਗਈ ਜਿਸ ਤੋਂ ਇਹ ਸੰਕੇਤ ਮਿਲਦਾ ਹੋਵੇ ਕਿ ਹਾਲਾਤ ਫੌਜ ਬੁਲਾਉਣ ਦੀ ਮੰਗ ਕਰਦੇ ਹਨ। ਡਿਪਟੀ ਕਮਿਸ਼ਨਰ ਜ਼ਿਲ੍ਹੇ ਦਾ ਮੁੱਖ ਪ੍ਰਸ਼ਾਸਕ ਹੁੰਦਾ ਹੈ ਜੋ ਕਿ ਪੁਲਿਸ ਦੀ ਸਹਾਇਤਾ ਨਾਲ ਕਾਨੂੰਨ ਅਤੇ ਵਿਵਸਥਾ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰ ਹੁੰਦਾ ਹੈ।

ਕੇਂਦਰ ਵਲੋਂ ਰਾਜਪਾਲ ਦੀ ਸਹਾਇਤਾ ਲਈ ਚਾਰ ਸਲਾਹਕਾਰ ਭੇਜੇ ਗਏ। ਜਿਨ੍ਹਾਂ ਵਿਚੋਂ ਦੋ ਸਿੱਖ ਸਨ। 'ਕਾਨੂੰਨ ਅਤੇ ਵਿਵਸਥਾ ਦਾ ਚਾਰਜ' ਜਲੰਧਰ ਦੇ ਇਕ ਗਰਮ ਖਿਆਲੀਏ ਹਿੰਦੂ ਗਰੁੱਪ ਨਾਲ ਸਬੰਧਤ ਆਈ.ਪੀ.ਐਸ. ਅਫ਼ਸਰ ਸੁਰਿੰਦਰ ਨਾਥ ਨੂੰ ਦਿੱਤਾ ਗਿਆ। ਸੁਰਿੰਦਰ ਨਾਥ, ਮੁੱਖ ਸਕੱਤਰ ਅਤੇ ਗ੍ਰਹਿ ਸਕੱਤਰ ਨੂੰ ਅਣਡਿੱਠਾ ਕਰ ਕੇ, ਪੁਲਿਸ ਅਫ਼ਸਰਾਂ ਨੂੰ ਸਿੱਧੇ ਤੌਰ ਤੇ ਹੁਕਮ ਦੇ ਕੇ, ਪੁਲਿਸ ਦੇ ਸੁਪਰ ਡਾਇਰੈਕਟਰ ਜਨਰਲ ਵਾਂਗ ਕੰਮ ਕਰਨ ਲੱਗਾ। ਚਾਰ ਸਲਾਹਕਾਰਾਂ ਵਿਚੋਂ ਕੋਈ ਵੀ ਰਾਜ ਕਾਡਰ ਨਾਲ ਸਬੰਧਤ ਨਹੀਂ ਸੀ ਸਗੋਂ ਬਾਹਰੋਂ ਲਿਆਂਦੇ ਗਏ ਸਨ। ਪੰਜਾਬ ਵਿਚ ਫੌਜ ਦੇ ਦਾਖਲੇ ਨੂੰ ਜਾਇਜ਼ ਕਰਾਰ ਦੇਣ ਦੇ ਹੁਕਮ ਰਾਜ ਪ੍ਰਸ਼ਾਸਨ ਵਲੋਂ ਨਹੀਂ ਸਗੋਂ ਕੇਂਦਰ ਦੇ ਡਿਪਟੀਆਂ ਤੋਂ ਆਏ ਸਨ। ਰਾਜਪਾਲ ਪਾਂਡੇ, ਜਿਹੜਾ ਕਿ ਓਪਰੇਸ਼ਨ ਬਲਿਊਸਟਾਰ ਦੇ ਵਿਰੁੱਧ ਸੀ, ਨੇ ਵੀ ਕੁਝ ਦਿਨਾਂ ਮਗਰੋਂ ਅਸਤੀਫਾ ਦੇ ਦਿੱਤਾ।

ਆਮ ਹਾਲਤ ਵਿਚ ਫੌਜ ਬੁਲਾਉਣਾ ਕਾਫੀ ਪੇਚੀਦਾ ਅਮਲ ਹੈ। ਡਿਸਟ੍ਰਿਕਟ ਮੈਜਿਸਟ੍ਰੇਟ ਰਾਜ ਸਰਕਾਰ ਨੂੰ ਸਲਾਹ ਦੇਣ ਅਤੇ ਸਹਿਮਤੀ

ਮਿਲਣ ਤੋਂ ਬਾਅਦ ਫੌਜ ਵਿਚ ਆਪਣੇ ਬਰਾਬਰ ਦੇ ਅਹੁਦੇ ਵਾਲੇ ਅਫ਼ਸਰ ਨੂੰ ਰਾਜ ਸਰਕਾਰ ਦੀ ਮਦਦ ਲਈ ਆਉਣ ਦੀ ਬੇਨਤੀ ਕਰਦਾ ਹੈ। ਸਬੰਧਤ ਫੌਜੀ ਅਫ਼ਸਰ ਇਹ ਬੇਨਤੀ ਆਪਣੇ ਉਪਰਲੇ ਅਫ਼ਸਰਾਂ ਤੱਕ ਪਹੁੰਚਾਉਂਦਾ ਹੈ ਅਤੇ ਇਸ ਦੌਰਾਨ ਉਹ ਹਾਲਾਤ ਦਾ ਖ਼ੁਦ ਜਾਇਜ਼ਾ ਲੈਂਦਾ ਹੈ ਤਾਂ ਕਿ ਉਹ ਫੌਜੀ ਕਮਾਂਡ ਨੂੰ ਸਲਾਹ ਦੇ ਸਕੇ ਕਿ ਹਾਲਾਤ ਨੂੰ ਸਥਿਰ ਕਰਨ ਲਈ ਕਿੰਨੀਆਂ ਕੁ ਟੁਕੜੀਆਂ ਦੀ ਲੋੜ ਪਵੇਗੀ। ਜੂਨ 1984 ਵਿਚ ਇਨ੍ਹਾਂ ਵਿਚੋਂ ਕਿਸੇ ਪ੍ਰਕ੍ਰਿਆ ਤੇ ਅਮਲ ਨਹੀਂ ਸੀ ਕੀਤਾ ਗਿਆ। ਗ੍ਰਹਿ ਸਕੱਤਰ ਤੋਂ ਸਿਰਫ ਇਕ ਸਾਧਾਰਨ ਜਿਹਾ ਪੱਤਰ ਲਿਆ ਗਿਆ ਸੀ। ਅਸਲ ਵਿਚ ਦਰਬਾਰ ਸਾਹਿਬ ਦੇ ਆਲੇ ਦੁਆਲੇ, ਅੰਮ੍ਰਿਤਸਰ ਦੇ ਅੰਦਰ ਅਤੇ ਆਲੇ ਦੁਆਲੇ ਦੀਆਂ ਸਾਰੀਆਂ ਨਾਜ਼ੁਕ ਥਾਵਾਂ ਤੇ ਅਤੇ ਸਰਹੱਦ ਤੇ ਫੌਜੀ ਟੁਕੜੀਆਂ ਪਹਿਲਾਂ ਤੋਂ ਹੀ ਤੈਨਾਤ ਸਨ ਅਤੇ ਪੰਜਾਬ ਦੇ ਜ਼ਿਲ੍ਹਿਆਂ ਵਿਚ ਫੈਲ ਰਹੀਆਂ ਸਨ। ਪੂੰਨੀ ਦਾ ਪੱਤਰ ਅਤੇ ਮਗਰੋਂ ਦੀਆਂ ਕਾਰਵਾਈਆਂ ਸਾਰੀ ਪ੍ਰਕ੍ਰਿਆ ਦੇ ਵਿਰੁੱਧ ਸਨ। ਪੰਜਾਬ ਦੇ ਅਧਿਕਾਰੀਆਂ ਦੇ ਅਨੁਸਾਰ ਜਿਹੜੇ ਵਿਅਕਤੀ ਸਰਗਰਮੀ ਨਾਲ ਫੌਜ ਵਿਰੁੱਧ ਲੜੇ ਉਨ੍ਹਾਂ ਦੀ ਗਿਣਤੀ 80 ਤੋਂ 150 ਦੇ ਦਰਮਿਆਨ ਸੀ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਹਰਿਮੰਦਰ ਸਾਹਿਬ ਵਿਚ ਹਾਜ਼ਰ ਵਿਅਕਤੀਆਂ ਵਿਚੋਂ ਬਹੁਤੇ ਸਿਰਫ 'ਨਜ਼ਾਰਾ ਵੇਖਣ ਵਾਲੇ' ਸਨ ਜਿਹੜੇ ਗੋਲੀਬਾਰੀ ਤੇਜ਼ ਹੋਣ ਤੇ ਹਰਿਮੰਦਰ ਸਾਹਿਬ ਦੁਆਲੇ ਦੀਆਂ ਤੰਗ ਗਲੀਆਂ ਰਾਹੀਂ ਖਿਸਕ ਗਏ। ਹਾਲਾਂਕਿ ਫੌਜ ਨੇ ਹਰਿਮੰਦਰ ਸਾਹਿਬ ਦੁਆਲੇ ਘੇਰਾ ਪਾਇਆ ਹੋਇਆ ਸੀ ਪਰ ਅੰਮ੍ਰਿਤਸਰ ਦੇ ਇਸ ਪੁਰਾਣੇ ਅਤੇ ਤੰਗ ਇਲਾਕੇ ਦੀ ਬਣਤਰ ਹੀ ਕੁਝ ਇਸ ਤਰ੍ਹਾਂ ਦੀ ਹੈ ਕਿ ਭਾਰਤੀ ਫੌਜ ਦੀ ਤਰ੍ਹਾਂ ਜੇ ਕਿਸੇ ਨੂੰ ਇਸ ਥਾਂ ਦੀ ਵਿਉਂਤ ਬਾਰੇ ਨਹੀਂ ਪਤਾ ਤਾਂ ਅਜਿਹਾ ਕੋਈ ਘੇਰਾ ਪੂਰੀ ਤਰ੍ਹਾਂ ਸਫ਼ਲ ਨਹੀਂ ਹੋ ਸਕਦਾ ਸੀ।

ਦਾਨੇਵਾਲੀਆ ਲਿਖਦੇ ਹਨ ਕਿ 4 ਜੂਨ ਨੂੰ ਇਕ ਇੰਟੈਲੀਜੈਂਸ ਬਿਊਰੋ ਦੇ ਅਫ਼ਸਰ ਨੇ ਲੈਫ਼ਟੀਨੈਂਟ ਜਨਰਲ ਬਰਾੜ ਨੂੰ ਦੱਸਿਆ ਕਿ ਲੌਂਗੋਵਾਲ ਅਤੇ ਟੌਹੜਾ ਗੱਲਬਾਤ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਕਰਫਿਊ ਕਾਰਣ ਇਹ ਪਤਾ ਨਹੀਂ ਲਗ ਰਿਹਾ ਕਿ ਉਹ ਹਰਿਮੰਦਰ ਕੰਪਲੈਕਸ ਤੋਂ ਬਾਹਰ ਕਿਵੇਂ ਆਉਣ। ਪਹਿਲਾਂ ਉਨ੍ਹਾਂ ਨੇ ਜ਼ੈਲ ਸਿੰਘ ਨੂੰ ਫ਼ੋਨ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਰਾਸ਼ਟਰਪਤੀ ਨੇ ਫ਼ੋਨ ਤੇ ਗੱਲ ਨਾ ਕੀਤੀ। ਉਹ ਪੰਜਾਬ ਦੇ ਰਾਜਪਾਲ ਬੀ.ਡੀ. ਪਾਂਡੇ ਨਾਲ ਗੱਲਬਾਤ ਕਰਨ ਵਿਚ ਕਾਮਯਾਬ ਹੋ ਗਏ ਪਰ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਹੁਕਮ ਦਿੱਲੀ ਤੋਂ ਆਏ ਹਨ ਇਸ ਲਈ ਉਹ ਮਜਬੂਰ ਸੀ। ਹੁਣ ਟੈਲੀਫੋਨ ਲਾਈਨਾਂ ਵੀ ਡੈੱਡ ਹੋ ਚੁਕੀਆਂ ਸਨ। ਬਰਾੜ ਨੇ ਸੋਚਿਆ ਕਿ ਕਰਫਿਊ ਹਟਾਉਣਾ ਖ਼ਤਰਨਾਕ ਸੀ।

4 ਜੂਨ ਨੂੰ ਫੌਜ ਨੇ ਬਿਨਾਂ ਕਿਸੀ ਚੇਤਾਵਨੀ ਦੇ ਸਵੇਰੇ ਤੜਕਸਾਰ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਹ ਭਿਆਨਕ ਹਮਲਾ ਦੋ ਦਿਨ ਬਾਅਦ 5 ਜੂਨ ਦੀ ਰਾਤ ਨੂੰ 7 ਵਜੇ ਦੇ ਕਰੀਬ ਆਪਣੀ ਚਰਮ ਸੀਮਾ ਤੇ ਪਹੁੰਚ ਗਿਆ।

ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪੂਰਨ ਸਿੰਘ ਇਸ ਸਾਰੇ ਸਮੇਂ ਦੌਰਾਨ ਉਥੇ ਮੌਜੂਦ ਸਨ। '**ਆਪਰੈੱਸ਼ਨ ਇਨ ਪੰਜਾਬ**' ਨੇ ਉਨ੍ਹਾਂ ਦੀ ਕਹਾਣੀ ਇੰਵ ਬਿਆਨ ਕੀਤੀ ਹੈ: "ਮੈਂ 5 ਤਾਰੀਖ ਨੂੰ ਸ਼ਾਮ 7.30 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਿਆ ਜਿੱਥੇ ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਮਿਲਿਆ, ਜਿਨ੍ਹਾਂ ਨਾਲ ਮੇਰੀ ਲੰਬੀ ਅਤੇ ਸੰਤੋਖਜਨਕ ਗੱਲਬਾਤ ਹੋਈ, ਜਦੋਂ ਕਿ ਬਾਹਰ ਗੋਲੀਬਾਰੀ ਜਾਰੀ ਸੀ। ਗਿਆਨੀ ਮੋਹਨ ਸਿੰਘ ਜੋ ਕਿ ਰਹਿਰਾਸ (ਸ਼ਾਮ ਦੀ ਪ੍ਰਾਰਥਨਾ) ਦੀ ਸੇਵਾ ਕਰਦੇ ਸਨ, ਗੋਲੀਬਾਰੀ ਕਾਰਣ ਹਰਿਮੰਦਰ ਸਾਹਿਬ ਪਹੁੰਚਣ ਵਿਚ ਸਫ਼ਲ ਨਹੀਂ ਹੋ ਸਕੇ ਸਨ। ਫਿਰ ਮੈਂ ਅਕਾਲ ਤਖ਼ਤ ਤੋਂ ਹੇਠਾਂ ਮੋਰਚੇ ਤੇ ਬੈਠੇ ਕੁਝ ਸਿੰਘਾਂ ਕੋਲ ਆਇਆ ਅਤੇ ਉਨ੍ਹਾਂ ਤੋਂ ਗਿਆਨੀ ਮੋਹਨ ਸਿੰਘ ਬਾਰੇ ਪੁੱਛਿਆ ਕਿ ਕੀ ਉਹ ਇਸ ਰਾਹ ਤੋਂ ਗੁਜ਼ਰੇ ਹਨ। ਪਰੰਪਰਾ ਅਨੁਸਾਰ ਅਕਾਲ ਤਖ਼ਤ ਤੇ ਰਹਿਰਾਸ ਹਰਿਮੰਦਰ ਸਾਹਿਬ ਤੋਂ ਪੰਜ ਮਿੰਟ ਬਾਅਦ ਸ਼ੁਰੂ ਹੁੰਦੀ ਹੈ ਪਰ ਉਸ ਦਿਨ ਅਕਾਲ ਤਖ਼ਤ ਤੇ ਪਾਠ ਪਹਿਲਾਂ ਹੀ ਸ਼ੁਰੂ ਹੋ ਚੁੱਕਿਆ ਸੀ। ਇਸ ਤੇ ਮੈਂ ਵਰ੍ਹਦੀਆਂ ਗੋਲੀਆਂ ਵਿਚ, ਦਰਸ਼ਨੀ ਡਿਓਢੀ ਤੇ ਇਕ ਪਲ ਲਈ ਰੁਕਦੇ ਹੋਏ, ਹਰਿਮੰਦਰ ਸਾਹਿਬ ਵੱਲ ਵੱਧਿਆ। ਉਥੇ ਪਹੁੰਚ ਕੇ ਮੈਂ ਪਾਠ ਸ਼ੁਰੂ ਕਰ ਦਿੱਤਾ। ਉਸੇ ਸਮੇਂ ਦੇ ਦੌਰਾਨ ਗਿਆਨੀ ਮੋਹਨ ਸਿੰਘ ਵੀ ਉਥੇ ਪਹੁੰਚ ਗਏ ਸਨ। ਹਰਿਮੰਦਰ ਸਾਹਿਬ ਵਿਚ ਕੁਝ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਮਿਲਾ ਕੇ ਅਸੀਂ ਲਗਭਗ 22 ਕੁ ਵਿਅਕਤੀ ਸਾਂ। ਜਿਸ ਸਮੇਂ ਤਕ ਪਾਠ ਖ਼ਤਮ ਹੋਇਆ, ਬਾਹਰ ਗੋਲੀਬਾਰੀ ਹੋਰ ਤੇਜ਼ ਹੋ ਚੁੱਕੀ ਸੀ। ਗੁਰੂ ਗ੍ਰੰਥ ਸਾਹਿਬ ਦਾ ਸੁਖਆਸਨ ਕੀਤਾ ਗਿਆ ਅਤੇ ਉਪਰ ਵਾਲੀ ਮੰਜ਼ਲ ਤੇ ਲਿਜਾਇਆ ਗਿਆ। ਰਾਤ 10 ਵਜੇ ਕੰਪਲੈਕਸ ਵਿਚ ਟੈਂਕ ਦਾਖਲ ਹੋਣੇ ਸ਼ੁਰੂ ਹੋਏ ਅਤੇ ਭਾਰੀ ਬਖਤਰਬੰਦ ਗੱਡੀਆਂ ਦੀ ਵਰਤੋਂ ਕਾਰਣ ਬਾਹਰੋਂ ਗੋਲੀਬਾਰੀ ਹੋਰ ਤੇਜ਼ ਹੋ ਗਈ। ਇਸ ਸਮੇਂ ਇਕ ਭਾਰੀ ਬਖਤਰਬੰਦ ਗੱਡੀ ਸਰੋਵਰ ਦੇ ਕੋਲ ਆ ਕੇ ਖੜ੍ਹੀ ਹੋ ਗਈ। ਜਦੋਂ ਇਸ ਗੱਡੀ ਤੇ ਲਗੀਆਂ ਹੋਈਆਂ ਲਾਈਟਾਂ ਨੂੰ ਜਗਾਇਆ ਗਿਆ ਤਾਂ ਸਾਰਾ ਕੰਪਲੈਕਸ ਤੇਜ਼ ਰੌਸ਼ਨੀ ਨਾਲ ਨਹਾਤਾ ਗਿਆ। ਅਸੀਂ ਇਸ ਸਭ ਕਾਸੇ ਨੂੰ ਹਰਿਮੰਦਰ ਸਾਹਿਬ ਦੇ ਮੁੱਖ ਗੁੰਬਦ ਵਿਚ ਬੈਠ ਕੇ ਦੇਖ ਰਹੇ ਸਾਂ, ਅਸੀਂ ਸੋਚਿਆ ਕਿ ਸ਼ਾਇਦ ਫਾਇਰ ਬ੍ਰਿਗੇਡ ਸ਼ਹਿਰ ਵਿਚ ਥਾਂ ਥਾਂ ਲੱਗੀ ਅੱਗ ਨੂੰ ਬੁਝਾਉਣ ਲਈ ਪਾਣੀ ਲੈਣ ਵਾਸਤੇ ਆਇਆ ਹੈ ਪਰ ਅਸੀਂ ਉਸ ਸਮੇਂ ਗਲਤ ਸਾਬਿਤ ਹੋਏ ਜਦੋਂ ਇਸਨੇ ਪਰਿਕਰਮਾ ਵਿਚ ਆ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਦੋਵੇਂ ਪਾਸੇ ਤੋਂ ਟੈਂਕ ਨੇੜੇ ਆਉਣ ਲੱਗੇ, ਘੰਟਾ ਘਰ ਤੋਂ ਲੈ ਕੇ ਬ੍ਰਹਮ ਬੂਟਾ ਤਕ ਟੈਂਕਾਂ ਨੇ ਸਾਰੇ ਕਮਰਿਆਂ ਨੂੰ ਅੱਗ ਲਗਾ ਦਿੱਤੀ, ਬੇਬਸ ਲੋਕ ਸਰੋਵਰ ਤੋਂ ਪਾਣੀ ਲੈ ਕੇ ਅੱਗ ਬੁਝਾਉਣ ਵਿਚ ਲੱਗੇ ਹੋਏ ਸਨ। ਭਾਰੀ ਲੜਾਈ ਹੋਈ ਅਤੇ 6 ਜੂਨ ਨੂੰ ਸਵੇਰੇ 10 ਵਜੇ ਤੱਕ ਦਰਸ਼ਨੀ ਡਿਓਢੀ, ਘੰਟਾ ਘਰ, ਆਟਾ ਮੰਡੀ ਅਤੇ ਸਰਾਂ ਫੌਜ ਦੇ ਕਬਜ਼ੇ ਹੇਠ ਆ ਚੁਕੇ ਸਨ। 40 ਜਾਂ 50 ਨੌਜਵਾਨ ਜਿਨ੍ਹਾਂ ਨੇ ਫੌਜ ਨੂੰ ਰੋਕਿਆ ਹੋਇਆ ਸੀ, ਉਹ ਉਦੋਂ ਤਕ ਬਹੁਤ

ਬਹਾਦਰੀ ਨਾਲ ਲੜੇ ਜਦ ਤਕ ਜਾਂ ਤਾਂ ਉਹ ਮਾਰੇ ਨਹੀਂ ਗਏ ਜਾਂ ਫਿਰ ਉਨ੍ਹਾਂ ਕੋਲ ਅਸਲਾ ਮੁੱਕ ਗਿਆ। 5 ਜੂਨ ਦੀ ਰਾਤ 10 ਵਜੇ ਤੋਂ ਲੈ ਕੇ ਅਗਲੀ ਸਵੇਰ 4.30 ਵਜੇ ਤਕ ਅਸੀਂ ਹਰਿਮੰਦਰ ਸਾਹਿਬ ਦੀ ਛੱਤ ਉੱਤੇ ਸਾਂ।"

ਮਾਰਕ ਟੂਲੀ ਗਿਆਨੀ ਮੋਹਨ ਸਿੰਘ ਦੇ ਬਿਆਨ ਅਨੁਸਾਰ ਦੱਸਦਾ ਹੈ ਕਿ ਪਰਿਕਰਮਾ ਵਿਚ 13 ਟੈਂਕ ਸਨ। ਆਪਣੇ ਲੇਖ, "ਓਪਰੇਸ਼ਨ ਬਲਿਊਸਟਾਰ, ਐਨ ਆਈ ਵਿਟਨੈਸ ਅਕਾਊਂਟ" (ਦਿ ਪੰਜਾਬ ਸਟੋਰੀ ਵਿਚ ਪ੍ਰਕਾਸ਼ਿਤ) ਵਿਚ ਸੁਭਾਸ਼ ਕਿਰਪੇਕਰ ਵੀ ਲਿਖਦਾ ਹੈ ਕਿ ਉਸ ਸ਼ਾਮ ਸੂਰਜ ਛਿਪਣ ਤੋਂ ਕਾਫੀ ਪਹਿਲਾਂ ਮੈਂ ਟੈਂਕਾਂ ਦੀ ਗੜਗੜਾਹਟ ਸੁਣੀ। ਸ਼ੁਰੂ ਵਿਚ ਇਹ ਇਕ ਟੈਂਕ ਅਤੇ ਇਕ ਏ. ਪੀ. ਸੀ. ਹੀ ਸਨ। ਪਰ ਇਕ ਘੰਟੇ ਬਾਅਦ ਉੱਥੇ ਇਕ ਦਰਜਨ ਟੈਂਕ ਅਤੇ ਇਕ ਦਰਜਨ ਏ ਪੀ ਸੀ ਸਨ।

ਭਾਵੇਂ ਵਾਈਟ ਪੇਪਰ ਇਹ ਦਾਅਵਾ ਕਰਦਾ ਹੈ ਕਿ ਫੌਜ ਨੇ ਇਸ ਗੱਲ ਦਾ ਬਹੁਤ ਧਿਆਨ ਰੱਖਿਆ ਕਿ ਹਰਿਮੰਦਰ ਸਾਹਿਬ ਦੀ ਦਿਸ਼ਾ ਵੱਲ ਕੋਈ ਗੋਲੀ ਨਾ ਚੱਲੇ, "ਓਪਰੈੱਸ਼ਨ ਇਨ ਪੰਜਾਬ" ਵਿਚ ਹਰਚਰਨ ਸਿੰਘ ਰਾਗੀ, ਜੋ ਕਿ ਪਵਿੱਤਰ ਸਥਾਨ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਨਾਲ ਬੈਠਦੇ ਸਨ, ਅਤੇ ਜਿਨ੍ਹਾਂ ਨੇ 3 ਜੂਨ ਤੋਂ ਲੈ ਕੇ 6 ਜੂਨ ਤੱਕ ਕੀਰਤਨ ਜਾਰੀ ਰੱਖਿਆ, ਦੇ ਬਿਆਨ ਦਰਜ ਕੀਤੇ ਹਨ ਕਿ ਉਨ੍ਹਾਂ ਦੇ ਉਸਤਾਦ ਅਮਰੀਕ ਸਿੰਘ, ਹਰਿਮੰਦਰ ਸਾਹਿਬ ਦੇ ਮੁੱਖ ਰਾਗੀ ਜੋ ਕਿ 65 ਸਾਲ ਦੇ ਨੇਤਰਹੀਨ ਸਨ, 5 ਜੂਨ ਨੂੰ 6.30 ਵਜੇ ਸਵੇਰੇ ਪਵਿੱਤਰ ਸਥਾਨ ਵਿਚ ਹੀ ਗੋਲੀ ਦਾ ਸ਼ਿਕਾਰ ਹੋ ਗਏ। ਥੋੜ੍ਹੀ ਹੀ ਦੇਰ ਮਗਰੋਂ ਇਕ ਹੋਰ ਰਾਗੀ ਅਵਤਾਰ ਸਿੰਘ ਜਾਨਲੇਵਾ ਗੋਲੀ ਦੇ ਸ਼ਿਕਾਰ ਹੋ ਗਏ।

ਉਸ ਰਾਤ ਦੀਆਂ ਘਟਨਾਵਾਂ ਦਾ ਹੋਰ ਵੇਰਵਾ ਐਸ.ਜੀ.ਪੀ.ਸੀ. ਦੇ ਇਕ ਮੈਂਬਰ ਦੀ ਨਾਬਾਲਿਗ ਬੇਟੀ ਜੋ ਕਿ ਬਾਹਰ ਆਉਣ ਵਿਚ ਸਫ਼ਲ ਹੋ ਗਈ, ਕੋਲੋਂ ਮਿਲਦਾ ਹੈ। ਜਸਟਿਸ ਵੀ.ਐਮ. ਤਾਰਕੁੰਡੇ ਦੁਆਰਾ ਨਿਰਧਾਰਿਤ ਟੀਮ ਉਸਦਾ ਹਵਾਲਾ ਦਿੰਦੀ ਹੈ। "ਫਿਰ ਟੈਂਕ ਅੰਦਰ ਦਾਖਿਲ ਹੋਏ। ਇਸ ਉਪਰ ਸ਼ਕਤੀਸ਼ਾਲੀ ਸਰਚਲਾਈਟ ਲੱਗੀ ਹੋਈ ਸੀ। ਮੈਂ ਸੋਚਿਆ ਕਿ ਮਰੇ ਹੋਏ ਅਤੇ ਜ਼ਖ਼ਮੀ ਲੋਕਾਂ ਲਈ ਐਮਬੁਲੈਂਸ ਆਈ ਹੈ ਪਰ ਇਸਦੇ ਬਿਲਕੁਲ ਉਲਟ ਹੋਇਆ। ਟੈਂਕ ਸਾਡੇ ਕੋਲੋਂ ਲੰਘਿਆ; ਟੈਂਕ ਵਿਚੋਂ ਇਕ ਅਨਾਉਂਸਮੈਂਟ ਹੋਈ: 'ਕ੍ਰਿਪਾ ਕਰਕੇ ਬਾਹਰ ਆ ਜਾਓ, ਰੱਬ ਦੀ ਤੁਹਾਡੇ ਤੇ ਮਿਹਰ ਹੈ, ਅਸੀਂ ਤੁਹਾਨੂੰ ਠੀਕ-ਠਾਕ ਘਰ ਪਹੁੰਚਾ ਦੇਵਾਂਗੇ।' ਸਾਡੇ ਵਿਚੋਂ ਕੁਝ ਪਾਣੀ ਲਈ ਬੇਚੈਨ ਸਨ ਅਤੇ ਉਹ ਖੁੱਲ੍ਹੇ ਵਿਚ ਬਾਹਰ ਆ ਗਏ। ਸਵੇਰੇ ਮੈਂ ਉਨ੍ਹਾਂ ਦੇ ਮ੍ਰਿਤਕ ਸ਼ਰੀਰ ਪਰਿਕਰਮਾ ਵਿਚ ਪਏ ਵੇਖੇ। ਇਹ ਸਭ ਤੋਂ ਬੁਰੀ ਕਿਸਮ ਦੀ ਗੱਦਾਰੀ ਸੀ।" (ਓਪਰੈੱਸ਼ਨ ਇਨ ਪੰਜਾਬ)।

ਬਰਾੜ ਲਿਖਦਾ ਹੈ: ਜਿੱਥੋਂ ਤੱਕ ਇਸ ਪਾਸੇ (ਹੋਸਟਲ ਕੰਪਲੈਕਸ) ਦਾ ਸੰਬੰਧ ਸੀ, ਮੈਨੂੰ ਮਿਲੇ ਨਿਰਦੇਸ਼ਾਂ ਦੀਆਂ ਸ਼ਰਤਾਂ ਇਹ ਸਨ ਕਿ ਉਨ੍ਹਾਂ ਨਾਲ

ਲੜਾਈ ਤਾਂ ਹੀ ਕਰਨੀ ਹੈ ਜੇ ਤੁਸੀਂ ਉਸ ਲਈ ਮਜਬੂਰ ਹੋ ਜਾਵੋ, ਤਾਂ ਕਿ ਵੱਧ ਤੋਂ ਵੱਧ ਲੋਕਾਂ ਦੀ ਜਾਨ ਬਚਾਈ ਜਾ ਸਕੇ ਅਤੇ ਸਾਰੇ ਭੋਲੇ ਭਾਲੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣਾ ਪੱਕਾ ਹੋ ਸਕੇ। ਮੈਨੂੰ ਖੁਸ਼ੀ ਹੈ ਕਿ ਇਸ ਖੇਤਰ ਨੂੰ ਮੁੱਖ ਕੰਪਲੈਕਸ ਨਾਲੋਂ ਵੱਖਰਾ ਰੱਖਣ ਕਰਕੇ ਅਸੀਂ ਇਸ ਟੀਚੇ ਨੂੰ ਪੂਰਾ ਕਰਨ ਵਿਚ ਕਾਮਯਾਬ ਹੋਏ। ਇਸ ਦਾ ਸਮਰਥਨ ਅੱਖੀਂ ਦੇਖੇ ਗਵਾਹ ਵਲੋਂ ਨਹੀਂ ਕੀਤਾ ਗਿਆ।

ਉਸ ਕੁੜੀ ਦੇ "**ਓਪਰੈੱਸ਼ਨ ਇਨ ਪੰਜਾਬ**" ਨੂੰ ਦਿੱਤੇ ਬਿਆਨ ਦੇ ਹਵਾਲੇ ਨੂੰ ਜਾਰੀ ਰੱਖਦਿਆਂ: "ਅਸੀਂ ਉੱਥੇ ਕੋਈ 27-28 ਬੰਦੇ ਸਾਂ। ਉਨ੍ਹਾਂ ਵਿਚ ਪੰਜ ਔਰਤਾਂ ਸਨ, ਕੁਝ ਬਜ਼ੁਰਗ ਆਦਮੀ, ਬਾਕੀ ਨੌਜਵਾਨ ਲੜਕੇ ਸਨ। ਬਾਕੀ ਬਚੇ ਨੌਜਵਾਨ ਲੜਕਿਆਂ ਵਿਚੋਂ ਉਨ੍ਹਾਂ ਨੇ ਚਾਰ ਨੌਜਵਾਨਾਂ ਨੂੰ ਪਕੜਿਆ ਅਤੇ ਉਨ੍ਹਾਂ ਦੀਆਂ ਪੱਗਾਂ ਲਾਹ ਕੇ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਕਰਕੇ ਬੰਨ੍ਹ ਦਿੱਤੇ। ਫਿਰ ਫੌਜੀ ਉਨ੍ਹਾਂ ਚਾਰ ਨੌਜਵਾਨਾਂ ਨੂੰ ਆਪਣੀਆਂ ਰਾਈਫਲਾਂ ਦੇ ਬਟਾਂ ਨਾਲ ਉਦੋਂ ਤੱਕ ਕੁੱਟਦੇ ਰਹੇ ਜਦੋਂ ਤੱਕ ਕਿ ਉਹ ਲਹੂ-ਲੁਹਾਣ ਹੋ ਕੇ ਜ਼ਮੀਨ ਉੱਤੇ ਡਿਗ ਨਹੀਂ ਗਏ। ਨਾਲ-ਨਾਲ ਉਹ ਉਨ੍ਹਾਂ ਲੜਕਿਆਂ ਨੂੰ ਇਹ ਵੀ ਕਹਿੰਦੇ ਰਹੇ ਕਿ "ਤੁਸੀਂ ਅਤਿਵਾਦੀ ਹੋ, ਤੁਹਾਨੂੰ ਗੋਲੀ ਮਾਰ ਦਿੱਤੀ ਜਾਵੇਗੀ।" ਇਨ੍ਹਾਂ ਲੜਕਿਆਂ ਨੂੰ ਮੇਰੇ ਸਾਹਮਣੇ ਗੋਲੀ ਮਾਰ ਦਿੱਤੀ ਗਈ।

ਰਾਮ ਨਰਾਇਣ ਕੁਮਾਰ ਅਤੇ ਜੌਰਜ ਸਾਈਬਰਰ ਆਪਣੀ ਕਿਤਾਬ '**ਦਿ ਸਿੱਖ ਸਟਰੱਗਲ**' ਵਿਚ ਲਿਖਦੇ ਹਨ: "ਫੌਜ, ਜਿਸ ਨੂੰ ਕਿ ਲੜਾਈ ਦੇ ਇਨ੍ਹਾਂ ਤਿੰਨ ਦਿਨਾਂ ਵਿਚ ਭਾਰੀ ਨੁਕਸਾਨ ਹੋਇਆ ਗੁੱਸੇ ਨਾਲ ਪਾਗਲ ਹੋ ਗਈ ਅਤੇ ਉਨ੍ਹਾਂ ਨੇ ਕੰਪਲੈਕਸ ਵਿਚ ਮਿਲੇ ਹਰ ਸਿੱਖ ਨੂੰ ਮਾਰ ਦਿੱਤਾ। ਉਨ੍ਹਾਂ ਨੂੰ ਕਮਰਿਆਂ ਵਿਚੋਂ ਬਾਹਰ ਕੱਢ ਕੇ ਦਰਬਾਰ ਸਾਹਿਬ ਦੇ ਘੇਰੇ ਅੰਦਰ ਗੈਲਰੀਆਂ ਵਿਚ ਲਿਆ ਕੇ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ ਕੇ ਬੇਦਰਦੀ ਨਾਲ ਗੋਲੀਆਂ ਮਾਰ ਦਿੱਤੀਆਂ ਗਈਆਂ। ਇਨ੍ਹਾਂ ਮਜ਼ਲੂਮਾਂ ਵਿਚ ਕਈ ਬਜ਼ੁਰਗ ਆਦਮੀ, ਔਰਤਾਂ ਅਤੇ ਬੱਚੇ ਵੀ ਸਨ।"

ਬ੍ਰਾਹਮ ਚੇਲਾਨੀ, ਜੋ ਕਿ ਵਿਦੇਸ਼ੀ ਪੇਪਰਾਂ ਦੇ ਪੱਤਰਕਾਰਾਂ ਨੂੰ ਅੰਮ੍ਰਿਤਸਰ ਤੋਂ ਬਾਹਰ ਚਲੇ ਜਾਣ ਦੇ ਸਰਕਾਰੀ ਹੁਕਮਾਂ ਤੋਂ ਮਗਰੋਂ ਅੰਮ੍ਰਿਤਸਰ ਵਿਚ ਰਹਿਣ ਵਿਚ ਕਾਮਯਾਬ ਹੋ ਸਕਣ ਵਾਲਾ ਇੱਕ ਇਕੱਲਾ ਵਿਦੇਸ਼ੀ ਪੱਤਰਕਾਰ ਸੀ, ਡਾਕਟਰਾਂ ਅਤੇ ਪੁਲਿਸ ਅਫ਼ਸਰਾਂ ਦੇ ਬਿਆਨਾਂ ਬਾਰੇ ਦੱਸਦਾ ਹੈ, ਕਿ ਹਮਲੇ ਵਿਚ ਮਾਰੇ ਗਏ ਸਿੱਖਾਂ ਨੂੰ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਬਹੁਤ ਨੇੜਿਉਂ ਗੋਲੀਆਂ ਮਾਰ ਕੇ ਮਾਰਿਆ ਗਿਆ ਸੀ। ਇਨ੍ਹਾਂ ਵਿਚੋਂ ਕੁਝ ਲਾਸ਼ਾਂ ਦੀਆਂ, ਜਿਨ੍ਹਾਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ, ਤਸਵੀਰਾਂ ਖਿੱਚੀਆਂ ਗਈਆਂ ਸਨ। ਇਸ ਦਾ ਸਮਰਥਨ ਵੀ ਬਚੇ ਹੋਏ ਲੋਕਾਂ ਦੀਆਂ ਗਵਾਹੀਆਂ ਦੁਆਰਾ ਕੀਤਾ ਗਿਆ ਹੈ।

ਹਵਾਈ ਫੌਜ ਦੇ ਅਫ਼ਸਰ ਜੋ ਹਮਲੇ ਤੋਂ ਤੁਰੰਤ ਬਾਅਦ ਹਵਾਈ ਫੌਜ

ਦੇ ਮੁਖੀ ਨਾਲ ਹਰਿਮੰਦਰ ਸਾਹਿਬ ਦੇ ਅੰਦਰ ਗਏ ਸਨ ਇਹ ਗੱਲ ਮੰਨਦੇ ਹਨ ਕਿ ਉਨ੍ਹਾਂ ਨੇ ਕੁਝ ਅਜਿਹੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਵੇਖੀਆਂ ਸਨ ਜਿਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ।

ਓਪਰੇਸ਼ਨ ਬਲਿਊਸਟਾਰ ਤੋਂ ਬਾਅਦ ਹਰਿਮੰਦਰ ਸਾਹਿਬ ਵਿਚ ਦਾਖਿਲ ਹੋਣ ਵਾਲੇ ਪਹਿਲੇ ਸਿਵਿਲੀਅਨ ਅਫ਼ਸਰ; ਪੰਜਾਬ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਫ਼ਸਰ: ਹਰਜੀਤ ਸਿੰਘ, ਸੁਪਰਿੰਟੈਂਡੈਂਟ ਪੁਲਿਸ, ਕ੍ਰਿਮੀਨਲ ਇਨਵੈਸਟੀਗੇਸ਼ਨ ਵਿਭਾਗ ; ਇੰਸਪੈਕਟਰ ਜਨਰਲ (ਇੰਟੈਲੀਜੈਂਸ) ਹਰਜੀਤ ਸਿੰਘ ਰੰਧਾਵਾ ਅਤੇ ਡਿਪਟੀ ਕਮਿਸ਼ਨਰ, ਰਮੇਸ਼ ਇੰਦਰ ਸਿੰਘ ਸਨ। ਉਨ੍ਹਾਂ ਵਿਚੋਂ ਇਕ ਨੇ ਉਥੋਂ ਦੇ ਦ੍ਰਿਸ਼ ਬਾਰੇ ਇੰਵ ਬਿਆਨ ਕੀਤਾ: "ਜਿਵੇਂ ਹੀ ਅਸੀਂ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦਾਖਿਲ ਹੋਏ ਅਸੀਂ ਕੁੱਤਿਆਂ ਨੂੰ ਕੁਝ ਲਾਸ਼ਾਂ ਖਾਂਦਿਆਂ ਹੋਇਆਂ ਵੇਖਿਆ।"

ਬਾਅਦ ਵਿਚ ਇਨ੍ਹਾਂ ਤਿੰਨ ਅਫ਼ਸਰਾਂ ਨੇ ਫੌਜ ਕੋਲ ਤਿੰਨ ਸ਼ਿਕਾਇਤਾਂ ਕੀਤੀਆਂ। ਜੋ ਕਿ ਇਸ ਤਰ੍ਹਾਂ ਸਨ: ਹਰਿਮੰਦਰ ਸਾਹਿਬ ਦੇ ਅੰਦਰ ਵੀ ਤੇ ਬਾਹਰ ਵੀ ਕੁਝ ਲਾਸ਼ਾਂ ਜਿਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ, ਵੇਖੀਆਂ ਗਈਆਂ। ਹਰਿਮੰਦਰ ਸਾਹਿਬ ਨਾਲ ਲਗਦੇ ਘਰਾਂ ਵਿਚੋਂ ਛੇ ਬਲਾਤਕਾਰ ਦੀਆਂ ਘਟਨਾਵਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀਆਂ ਗਈਆਂ (ਫੌਜ ਨੇ ਉਨ੍ਹਾਂ ਔਰਤਾਂ ਦਾ ਡਾਕਟਰੀ ਮੁਆਇਨਾ ਨਹੀਂ ਕਰਨ ਦਿੱਤਾ ਇਸ ਲਈ ਕੋਈ ਵੀ ਕੇਸ ਦਰਜ ਨਹੀਂ ਹੋ ਸਕਿਆ ) ਅਤੇ ਫੌਜੀਆਂ ਨੇ ਹਰਿਮੰਦਰ ਸਾਹਿਬ ਦਾ ਖਜ਼ਾਨਾ ਲੁੱਟਿਆ (ਜਦੋਂ ਇਹ ਸ਼ਿਕਾਇਤ ਦਰਜ ਕੀਤੀ ਗਈ ਤਾਂ ਕੁਝ ਚੋਰੀ ਹੋਈਆਂ ਵਸਤਾਂ ਫੌਜ ਦੁਆਰਾ ਮੁੜ ਬਰਾਮਦ ਕੀਤੀਆ ਗਈਆਂ )। ਪੰਜਾਬ ਸਰਕਾਰ ਦੇ ਅਫ਼ਸਰਾਂ ਦੁਆਰਾ ਪੱਕੇ ਤੌਰ ਤੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਸਗੋਂ ਉਨ੍ਹਾਂ ਨੇ ਕੁਝ ਗੱਲਾਂ ਸਿਰਫ਼ ਲਿਖ ਕੇ ਫੌਜ ਨੂੰ ਦੇ ਦਿੱਤੀਆਂ। ਇਹ ਅਸੰਭਵ ਹੈ ਕਿ ਉਸ ਨੋਟ ਨੂੰ ਸੰਭਾਲ ਕੇ ਰਖਿਆ ਗਿਆ ਹੋਵੇਗਾ।

'ਓਪਰੈੱਸ਼ਨ ਇਨ ਪੰਜਾਬ' ਵਿਚ ਸਿਟੀਜ਼ਨਜ਼ ਫਾਰ ਡੈਮੋਕਰੇਸੀ ਦੀ ਟੀਮ ਅਕਾਲ ਰੈੱਸਟ ਹਾਊਸ ਦੇ ਸੇਵਾਦਾਰ ਪ੍ਰਿਥੀਪਾਲ ਸਿੰਘ ਦਾ ਹਵਾਲਾ ਦਿੰਦੀ ਹੈ: ਫੌਜੀ ਰੈੱਸਟ ਹਾਊਸ ਵਿਚ ਆਏ। ਉਨ੍ਹਾਂ ਨੇ ਮੇਰੇ ਸਾਰੇ ਕਪੜੇ ਫਾੜ ਦਿੱਤੇ, ਮੈਨੂੰ ਨੰਗਾ ਕਰ ਦਿੱਤਾ, ਮੇਰੀ ਕਿਰਪਾਨ ਖੋਹ ਲਈ, ਮੇਰਾ ਪਟਕਾ ਲਾਹ ਕੇ ਮੇਰੇ ਹੱਥ ਮੇਰੀ ਪਿੱਠ ਪਿੱਛੇ ਬੰਨ੍ਹ ਦਿੱਤੇ। ਮੈਨੂੰ ਮੇਰੇ ਵਾਲਾਂ ਤੋਂ ਫੜ ਕੇ, ਪੰਜ ਹੋਰ ਬੰਦਿਆਂ ਜਿਹੜੇ ਕਿ ਯਾਤਰੂ ਸਨ, ਨਾਲ ਪਾਣੀ ਦੇ ਟੈਂਕ ਦੇ ਮਲਬੇ ਵੱਲ ਲਿਜਾਇਆ ਗਿਆ। ਉੱਥੇ ਸਾਨੂੰ ਸਭ ਨੂੰ ਨੰਗਿਆਂ ਇਕ ਲਾਈਨ ਵਿਚ ਇਕ ਘੰਟੇ ਲਈ ਖੜ੍ਹਾ ਰਖਿਆ ਗਿਆ। ਸਾਨੂੰ ਕਿਹਾ ਗਿਆ ਕਿ "ਹਿੱਲਿਓ ਨਾ ਨਹੀਂ ਤਾਂ ਗੋਲੀ ਮਾਰ ਦਿੱਤੀ ਜਾਵੇਗੀ।" ਉਹ ਸਾਨੂੰ ਰਾਈਫਲ ਦੇ ਕੁੰਦਿਆਂ ਨਾਲ ਮਾਰਦੇ ਰਹੇ। ਫਿਰ ਇਕ ਮੇਜਰ ਨੇ ਆ ਕੇ ਇੱਕ ਸਿਪਾਹੀ ਨੂੰ ਹੁਕਮ ਦਿੱਤਾ ਕਿ "ਇਨ੍ਹਾਂ ਨੂੰ ਗੋਲੀ ਮਾਰ ਦਿਉ।" ਫਿਰ ਉਹ ਸਾਡੇ ਤੇ ਚੀਕਿਆ "ਤੁਸੀਂ ਜ਼ਰੂਰ

ਭਿੰਡਰਾਂਵਾਲੇ ਦੇ ਚੇਲੇ ਹੋ। ਤੁਹਾਨੂੰ ਖਾਲਿਸਤਾਨ ਚਾਹੀਦਾ ਹੈ?" ਮੈਂ ਕਿਹਾ "ਮੈਂ ਤਾਂ ਇੱਥੇ ਆਪਣੀ ਨੌਕਰੀ ਕਰ ਰਿਹਾ ਹਾਂ। ਮੇਰਾ ਇਨ੍ਹਾਂ ਗੱਲਾਂ ਨਾਲ ਕੋਈ ਵਾਸਤਾ ਨਹੀਂ ਹੈ।"ਅਸੀਂ ਛੇ ਬੰਦੇ ਮੇਜਰ ਵੱਲ ਮੂੰਹ ਕਰਕੇ ਇਕ ਲਾਈਨ ਵਿਚ ਖੜ੍ਹੇ ਸਾਂ ਜਦ ਇਕ ਪਹਾੜੀ ਸਿਪਾਹੀ ਨੇ ਇਕ ਪਾਸਿਉਂ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਸਾਡੇ ਵਿਚੋਂ ਚਾਰ ਬੰਦਿਆਂ ਨੂੰ ਤਿੰਨ-ਤਿੰਨ ਗੋਲੀਆਂ ਮਾਰ ਕੇ ਮਾਰ ਦਿੱਤਾ। ਜਦੋਂ ਮੇਰੀ ਵਾਰੀ ਆਈ ਤਾਂ ਇਕ ਸਿੱਖ ਅਫ਼ਸਰ ਆਇਆ ਤੇ ਹੁਕਮ ਦਿੱਤਾ: "ਗੋਲੀ ਚਲਾਉਣੀ ਬੰਦ ਕਰੋ।" ਇਸ ਤਰ੍ਹਾਂ ਮੈਂ ਬਚ ਗਿਆ। ਸਿੱਖ ਅਫ਼ਸਰ ਨੂੰ ਇਹ ਕਿਹਾ ਗਿਆ "ਇਨ੍ਹਾਂ ਲੋਕਾਂ ਕੋਲ ਗੋਲੀ ਸਿੱਕਾ ਹੈ।" ਇਸਤੇ ਉਸਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਇਕ ਕਮਰੇ ਵਿਚ ਬੰਦ ਕਰ ਦਿਉ। ਸਾਨੂੰ ਦੋ ਬੰਦਿਆਂ ਨੂੰ ਗੁਰੂ ਰਾਮ ਦਾਸ ਸਰਾਂ ਦੇ ਇਕ ਕਮਰੇ ਵਿਚ ਬੰਦ ਕਰ ਦਿੱਤਾ ਗਿਆ। ਪਰ ਅਸੀਂ ਕੋਈ ਗੱਲ-ਬਾਤ ਨਹੀਂ ਕੀਤੀ ਅਤੇ ਨਾ ਹੀ ਮੈਂ ਦੂਜੇ ਬੰਦੇ ਦਾ ਨਾਂ ਪੁੱਛਿਆ। 7 ਜੂਨ ਨੂੰ ਸਵੇਰੇ 8 ਜਾਂ 9 ਵਜੇ ਦਰਵਾਜ਼ਾ ਖੋਲ੍ਹਿਆ ਗਿਆ। ਅਸੀਂ ਪਾਣੀ ਤੋਂ ਬਿਨਾਂ ਹੀ ਸਮਾਂ ਲੰਘਾਇਆ। ਫ਼ਰਸ਼ ਖ਼ੂਨ ਨਾਲ ਲੱਥਪੱਥ ਸੀ। ਮੈਨੂੰ ਜਾਣ ਦਿੱਤਾ ਗਿਆ।"

ਸਰਕਾਰ ਦੇ ਵਾਈਟ ਪੇਪਰ ਅਨੁਸਾਰ " 6 ਜੂਨ ਨੂੰ ਸਵੇਰੇ 1 ਵਜੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੀ ਜੀ. ਐਸ. ਟੌਹੜਾ ਵਲੋਂ 350 ਬੰਦਿਆਂ ਸਮੇਤ ਗੁਰੂ ਨਾਨਕ ਨਿਵਾਸ ਕੋਲ ਆਤਮ ਸਮਰਪਣ ਕੀਤਾ ਗਿਆ। ਅਤਿਵਾਦੀਆਂ ਵੱਲੋਂ ਉਨ੍ਹਾਂ ਨੂੰ ਆਤਮ-ਸਮਰਪਣ ਕਰਨ ਤੋਂ ਰੋਕਣ ਲਈ ਉਨ੍ਹਾਂ ਤੇ ਫ਼ਾਇਰਿੰਗ ਕੀਤੀ ਗਈ ਅਤੇ ਹੈਂਡ ਗਰਨੇਡ ਸੁੱਟੇ ਗਏ। ਨਤੀਜੇ ਵਜੋਂ, 70 ਬੰਦਿਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ।

ਲੌਂਗੋਵਾਲ ਅਤੇ ਟੌਹੜਾ ਕਹਿੰਦੇ ਹਨ ਕਿ ਉਨ੍ਹਾਂ ਨੂੰ 6 ਜੂਨ ਨੂੰ ਸਵੇਰੇ 5 ਵਜੇ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਲੈਫ਼. ਜਨਰਲ ਕੇ. ਐਸ. ਬਰਾੜ ਦੇ ਅਨੁਸਾਰ, ਇਕ ਮੇਜਰ ਪਲਟਾ ਉਨ੍ਹਾਂ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਬਾਹਰ ਕੱਢ ਕੇ ਲਿਆਇਆ, ਦੋਨੋਂ ਬੰਦੇ ਬੁਰੀ ਤਰ੍ਹਾਂ ਬੌਂਦਲੇ ਹੋਏ ਸਨ। ਲੌਂਗੋਵਾਲ ਰੋ ਰਿਹਾ ਸੀ। ਉਹ ਚੰਗਾ ਬੰਦਾ ਸੀ ਅਤੇ ਉਸ ਅੰਦਰ ਪਸ਼ਚਾਤਾਪ ਦੀ ਭਾਵਨਾ ਸੀ। ਉਸਨੇ ਫੌਜੀ ਅਫ਼ਸਰ ਨੂੰ ਇਹ ਕਹਿੰਦੇ ਹੋਏ ਫਿਟਕਾਰਿਆ, "ਤੁਸੀਂ ਇਕ ਬਹੁਤ ਬੁਰਾ ਕੰਮ ਕੀਤਾ ਹੈ।" ਬਰਾੜ ਨੇ ਉਨ੍ਹਾਂ ਦੇ ਬਾਅਦ ਵਿਚ ਪ੍ਰੈਸ ਨੂੰ ਦਿੱਤੇ ਇੰਟਰਵਿਊ ਤੇ ਨਾਰਾਜ਼ਗੀ ਪ੍ਰਗਟ ਕੀਤੀ: "ਮੈਨੂੰ ਕਾਫੀ ਦੇਰ ਬਾਅਦ ਵਿਚ ਇਹ ਪੜ੍ਹ ਕੇ ਹੈਰਾਨੀ ਹੋਈ ਕਿ ਵੱਖ-ਵੱਖ ਰਿਪੋਰਟਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਇੰਟਰਵਿਊਜ਼ ਵਿਚ ਉਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਕਰਨਾ ਸੀ ਕਿ ਉਨ੍ਹਾਂ ਨੇ ਫੌਜ ਅੱਗੇ ਆਤਮ-ਸਮਰਪਣ ਕੀਤਾ ਹੈ। ਮੈਂ ਇਸ ਦਾ ਇਹ ਹੀ ਸਿੱਟਾ ਕੱਢ ਸਕਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਬਚਾਉਣ ਲਈ ਕੋਈ ਢੰਗ ਚਾਹੀਦਾ ਸੀ .....।" ਖ਼ੈਰ, ਸਰਕਾਰ ਨੇ "ਆਤਮ-ਸਮਰਪਣ" ਸ਼ਬਦ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਿਵੇਂ ਕਿ ਲੌਂਗੋਵਾਲ

ਬੰਗਲਾਦੇਸ਼ ਦਾ ਜਨਰਲ ਨਿਆਜ਼ੀ ਸੀ ਜਿਹੜਾ ਹਥਿਆਰ ਸੁੱਟ ਰਿਹਾ ਹੋਵੇ। ਅਕਾਲੀ ਨੇਤਾਵਾਂ ਨੇ ਕਦੇ ਵੀ ਭਾਰਤ ਵਿਰੁੱਧ ਲੜਾਈ ਨਹੀਂ ਸੀ ਛੇੜੀ। ਉਹ ਭਗੌੜੇ ਨਹੀਂ ਸਨ ਅਤੇ ਨਾ ਹੀ ਕਿਸੇ ਕ੍ਰਿਮੀਨਲ ਕੇਸ ਵਿਚ ਲੋੜੀਂਦੇ ਸਨ।

"**ਬਲੱਡ, ਸਵੈੱਟ ਐਂਡ ਟੀਅਰਜ਼**" ਵਿਚ ਸ਼ੇਖਰ ਗੁਪਤਾ; ਇਕ ਜੂਨੀਅਰ ਅਫ਼ਸਰ, ਜਿਸਨੇ ਸਰਾਂ ਖਾਲੀ ਕਰਾਉਣ ਵਿਚ ਹਿੱਸਾ ਲਿਆ ਸੀ, ਦਾ ਹਵਾਲਾ ਦਿੰਦਾ ਹੈ: ਹਤਿਆਰੇ ਗਰੁੱਪ ਦੇ ਕੁਝ ਮੈਂਬਰਾਂ ਨੇ ਆਪਣੇ ਆਪ ਨੂੰ ਸਰਾਂ ਦੇ ਕੁਝ ਕਮਰਿਆਂ ਵਿਚ ਬੰਦ ਕਰ ਲਿਆ ਜਿਥੇ ਸੈਂਕੜੇ ਸ਼ਰਧਾਲੂ ਡਰ ਨਾਲ ਲੁਕੇ ਹੋਏ ਸਨ। ਜਿਵੇਂ ਹੀ ਜਵਾਨ ਉਨ੍ਹਾਂ ਕਮਰਿਆਂ ਤੱਕ ਪਹੁੰਚੇ, ਉਨ੍ਹਾਂ ਤੇ ਗੋਲੀਆਂ ਚਲਾਈਆਂ ਗਈਆਂ, ਜਿਸਦੇ ਸਿੱਟੇ ਵਜੋਂ ਮੌਤਾਂ ਹੋਈਆਂ। ਅਜਿਹੇ ਹਾਲਾਤ ਵਿਚ, ਜਦੋਂ ਓਪਰੇਸ਼ਨ ਨੂੰ ਕਾਮਯਾਬ ਬਣਾਉਣ ਲਈ ਸਰਾਂ ਨੂੰ ਜਲਦੀ ਤੋਂ ਜਲਦੀ ਖਾਲੀ ਕਰਾਉਣਾ ਜ਼ਰੂਰੀ ਹੋ ਗਿਆ ਸੀ, ਜਵਾਨਾਂ ਨੂੰ ਗਰਨੇਡ ਸੁੱਟਣੇ ਪਏ। ਇਕ ਜੂਨੀਅਰ ਅਫ਼ਸਰ ਨੇ ਕਿਹਾ "ਇਹ ਲੜਾਈ ਵਰਗੀ ਹਾਲਤ ਸੀ ਜਿੱਥੇ ਦੋਵੇਂ ਪਾਸੇ ਲੋਕ ਮਰ ਰਹੇ ਸਨ। ਉਥੇ ਅਸਲ ਵਿਚ ਅਨੁਸ਼ਾਸਨ ਲਈ ਕੋਈ ਮੌਕਾ ਜਾਂ ਸਮਾਂ ਨਹੀਂ ਸੀ।" ਅਤਿਵਾਦੀਆਂ ਦੇ ਹਿੱਟ ਸਕੁਐਡ ਵਲੋਂ ਸੁੱਟੇ ਅੰਧਾ-ਧੁੰਦ ਹੈਂਡ ਗਰਨੇਡਾਂ ਸਮੇਤ ਇਸ ਬੰਬਾਰੀ ਨਾਲ 500 ਦੇ ਲਗਭਗ ਬੇਕਸੂਰ ਆਮ ਲੋਕਾਂ ਦੀ ਹੱਤਿਆ ਹੋਈ।

ਸੰਗਰੂਰ ਜ਼ਿਲ੍ਹੇ ਦੇ ਬਲਰਾਂ ਪਿੰਡ ਦਾ ਮਹਿੰਦਰ ਸਿੰਘ ਉਸ ਸਮੇਂ ਐਸ.ਜੀ.ਪੀ.ਸੀ. ਵਿਚ ਸੇਵਾਦਾਰ ਸੀ ਅਤੇ ਉਨ੍ਹਾਂ 350 ਬੰਦਿਆਂ ਵਿਚ ਸ਼ਾਮਲ ਸੀ ਜਿਹੜੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਬਾਹਰ ਆਏ ਸਨ। ਉਹ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਅਤਿਵਾਦੀਆਂ ਨੇ ਸੁਰੱਖਿਆ ਬਲਾਂ ਤੇ ਗਰਨੇਡ ਸੁੱਟੇ ਸਨ। "ਜਦੋਂ ਅਸੀਂ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਬਾਹਰ ਨਿਕਲੇ ਤਾਂ ਸਾਨੂੰ ਥੱਲੇ ਬਿਠਾਇਆ ਗਿਆ। ਉਸ ਤਰ੍ਹਾਂ ਹੀ, ਸਿਪਾਹੀਆਂ ਨੇ ਸਾਡੇ ਤੇ ਗੋਲੀਆਂ ਚਲਾ ਦਿੱਤੀਆਂ। ਉਥੇ ਕੋਈ ਭੜਕਾਹਟ ਨਹੀਂ ਸੀ।" ਉਸ ਨੂੰ ਬਾਅਦ ਵਿਚ ਜੋਧਪੁਰ ਜੇਲ੍ਹ ਭੇਜ ਦਿੱਤਾ ਗਿਆ।

ਜਰਨਲ ਬਰਾੜ ਵਲੋਂ ਇਕ ਹੋਰ ਡਰਾਉਣੀ ਘਟਨਾ "ਓਪਰੇਸ਼ਨ ਬਲਿਊਸਟਾਰ" ਵਿਚ ਬਿਆਨ ਕੀਤੀ ਗਈ: ਸਵੇਰੇ 11 ਵਜੇ ਅਚਾਨਕ ਅਤੇ ਅਣ-ਕਿਆਸੀ ਸਥਿਤੀ ਪੈਦਾ ਹੋ ਗਈ। ਵੱਡੀ ਗਿਣਤੀ ਵਿਚ ਅੱਤਵਾਦੀ ਅਕਾਲ ਤਖ਼ਤ ਤੋਂ ਨਿਕਲ ਕੇ ਹੇਠਾਂ ਪਰਿਕਰਮਾ ਵੱਲ ਭੱਜ ਕੇ ਆਏ ਅਤੇ ਬਚ ਕੇ ਨਿਕਲ ਜਾਣ ਲਈ ਦਰਵਾਜ਼ਿਆਂ ਵੱਲ ਭੱਜੇ। ਉਨ੍ਹਾਂ ਵਿਚੋਂ ਕਈਆਂ ਨੇ ਆਪਣੇ ਹਥਿਆਰ ਸੁੱਟ ਕੇ ਸਰੋਵਰ ਵਿਚ ਛਾਲਾਂ ਮਾਰ ਦਿੱਤੀਆਂ ਅਤੇ ਹਰਿਮੰਦਰ ਸਾਹਿਬ ਵੱਲ ਤੈਰਨ ਲੱਗੇ, ਕਿਉਂਕਿ ਸਾਡੇ ਦਸਤੇ ਪਵਿੱਤਰ ਸਥਾਨ ਵੱਲ ਗੋਲੀਬਾਰੀ ਨਹੀਂ ਸੀ ਕਰ ਰਹੇ ਇਸ ਲਈ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਹ ਉਨ੍ਹਾਂ ਦੇ ਬਚਣ ਲਈ ਸਭ ਤੋਂ ਵਧੀਆ ਥਾਂ ਹੈ। ਉਨ੍ਹਾਂ ਸਭ ਤੇ ਜਿਹੜੇ ਬਚਣ ਦੀ ਕੋਸ਼ਿਸ਼ ਕਰ ਰਹੇ ਸਨ, ਜ਼ਮੀਨ ਉੱਤੇ ਅਤੇ ਪਾਣੀ ਵਿਚ ਇਕ

ਦਮ ਗੋਲੀਬਾਰੀ ਕੀਤੀ ਗਈ ਅਤੇ ਉਹ ਸਾਰੇ ਜਾਂ ਤਾਂ ਮਾਰੇ ਗਏ ਜਾਂ ਜ਼ਖ਼ਮੀ ਹੋ ਗਏ।

ਭਾਰਤ ਦੇ ਸਵਰਗੀ ਰਾਸ਼ਟਰਪਤੀ ਦੀ ਜੀਵਨੀ ("**ਮੈਮੋਇਰਜ਼ ਆਫ਼ ਗਿਆਨੀ ਜ਼ੈਲ ਸਿੰਘ** "ਹਰ-ਅਨੰਦ ਪਬਲੀਕੇਸ਼ਨਜ਼, ਨਵੀਂ ਦਿੱਲੀ, 1996) ਵਿਚ, ਫਸੇ ਹੋਏ ਬੇਕਸੂਰ ਲੋਕਾਂ ਅਤੇ ਆਤਮ-ਸਪਰਪਣ ਦੀਆਂ ਆਵਾਜ਼ਾਂ ਬਾਰੇ ਕੁਝ ਇੰਞ ਕਿਹਾ: "ਜਦੋਂ ਮੈਂ ਉਸਦਾ (ਸ੍ਰੀਮਤੀ ਇੰਦਰਾ ਗਾਂਧੀ ਦਾ) ਧਿਆਨ ਇਸ ਗੱਲ ਵੱਲ ਦਿਵਾਇਆ ਕਿ ਫੌਜੀ ਕਾਰਵਾਈ ਅਜਿਹੇ ਦਿਨ ਕੀਤੀ ਗਈ ਜਦੋਂ ਹਰਿਮੰਦਰ ਸਾਹਿਬ ਸ਼ਰਧਾਲੂਆਂ ਨਾਲ ਭਰਿਆ ਹੋਇਆ ਸੀ। ਆਦਮੀ, ਔਰਤਾਂ ਅਤੇ ਬੱਚੇ - ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਇਕੱਠੇ ਹੋਏ ਸਨ, ਉਨ੍ਹਾਂ ਵਿਚੋਂ ਬਹੁਤੇ ਫੌਜ ਅਤੇ ਅਤਿਵਾਦੀਆਂ ਦੀ ਆਪਸੀ ਗੋਲੀਬਾਰੀ ਵਿਚ ਮਾਰੇ ਗਏ, ਤਾਂ ਇਸ ਤਰ੍ਹਾਂ ਲਗਿਆ ਕਿ ਉਸ ਨੂੰ ਪਛਤਾਵਾ ਸੀ। ਮੈਂ ਉਸਨੂੰ ਕਿਹਾ ਕਿ ਜੇ ਇਨ੍ਹਾਂ ਸ਼ਰਧਾਲੂਆਂ ਨੂੰ ਰੇਡੀਓ, ਟੈਲੀਵਿਜ਼ਨ ਅਤੇ ਲਾਊਡ-ਸਪੀਕਰਾਂ ਤੇ ਨੋਟਿਸ ਦਿੱਤਾ ਜਾਂਦਾ ਤਾਂ ਇਨ੍ਹਾਂ ਵਿਚੋਂ ਕਾਫੀ ਸਾਰੇ, ਸਮੇਤ ਕੁਝ ਅਤਿਵਾਦੀਆਂ ਦੇ, ਆਤਮ-ਸਮਰਪਣ ਕਰਨ ਲਈ ਬਾਹਰ ਆ ਜਾਂਦੇ ....। ਮੈਂ ਸਰਕਾਰ ਨੂੰ ਪੁੱਛਿਆ ਕਿ ਕੀ ਉਨ੍ਹਾਂ ਨੇ ਕੰਪਲੈਕਸ ਅੰਦਰ ਮੌਜੂਦ ਲੋਕਾਂ ਨੂੰ ਲਾਊਡ-ਸਪੀਕਰ ਤੇ ਬਾਹਰ ਆ ਜਾਣ ਲਈ ਚਿਤਾਵਨੀ ਦਿੱਤੀ ਸੀ, ਤਾਂ ਉਨ੍ਹਾਂ ਦਾ ਜਵਾਬ ਹਾਂ ਵਿਚ ਸੀ। ਬਾਅਦ ਵਿਚ ਮੈਨੂੰ ਪਤਾ ਲੱਗਿਆ ਕਿ ਅਧਿਕਾਰੀਆਂ ਵਲੋਂ ਅਜਿਹੀ ਕੋਈ ਚਿਤਾਵਨੀ ਨਹੀਂ ਸੀ ਦਿੱਤੀ ਗਈ, ਓਪਰੇਸ਼ਨ ਅਚਾਨਕ ਹੀ ਸ਼ੁਰੂ ਕਰ ਦਿੱਤਾ ਗਿਆ ਸੀ।"

ਮਾਰਕ ਟੁਲੀ ਅਕਾਲੀ ਲੀਡਰਾਂ ਵਲੋਂ ਬਾਹਰ ਆਉਣ ਦੀ ਕੋਸ਼ਿਸ਼ ਬਾਰੇ ਇਸ ਤਰ੍ਹਾਂ ਦੱਸਦਾ ਹੈ: "ਲੌਂਗੋਵਾਲ ਅਤੇ ਟੌਹੜਾ ਨੇ ਕਾਰਵਾਈ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਤਮ-ਸਮਰਪਣ ਕਿਉਂ ਨਹੀਂ ਕੀਤਾ? ... ਦੋਵੇਂ ਰਾਜਨੀਤੀਵਾਨਾਂ ਨੇ ਪਹਿਲਾਂ ਆਤਮ-ਸਮਰਪਣ ਇਸ ਲਈ ਨਹੀਂ ਕੀਤਾ ਕਿਉਂਕਿ ਫੌਜ ਨੇ ਉਨ੍ਹਾਂ ਨੂੰ ਅਜਿਹਾ ਕਰਨ ਦਾ ਮੌਕਾ ਨਹੀਂ ਦਿੱਤਾ। ਜਰਨੈਲ ਬਾਅਦ ਵਿਚ ਕਹਿੰਦੇ ਰਹੇ ਕਿ ਉਨ੍ਹਾਂ ਨੇ ਹਰਿਮੰਦਰ ਨੂੰ ਘੇਰਾ ਪਾਉਣ ਤੋਂ ਬਾਅਦ ਬਹੁਤ ਅਪੀਲਾਂ ਕੀਤੀਆਂ ਸਨ। ਪਰ ਐਸ.ਜੀ.ਪੀ.ਸੀ. ਦੇ ਸਕੱਤਰ ਭਾਨ ਸਿੰਘ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਇਹ ਅਪੀਲਾਂ ਹੋਸਟਲ ਕੰਪਲੈਕਸ ਦੇ ਅੰਦਰ ਨਹੀਂ ਸੁਣੀਆਂ ਜਾ ਸਕੀਆਂ। ਇਕ ਮੌਕੇ ਤੇ, ਲੌਂਗੋਵਾਲ ਅਤੇ ਟੌਹੜਾ ਨੇ ਰੇਡੀਓ ਤੇ ਇਹ ਪ੍ਰਸਾਰਣ ਸੁਣਿਆ ਕਿ ਲੋਕਾਂ ਦੇ ਆਤਮ-ਸਮਰਪਣ ਕਰਨ ਲਈ ਦੋ ਘੰਟੇ ਲਈ ਕਰਫਿਊ ਹਟਾਇਆ ਜਾ ਰਿਹਾ ਹੈ। ਉਨ੍ਹਾਂ ਨੇ ਭਾਨ ਸਿੰਘ ਨੂੰ ਪੁਲਿਸ ਦੇ ਡਿਪਟੀ ਸੁਪਰਡੈਂਟ ਨੂੰ ਲੱਭਣ ਲਈ ਭੇਜਿਆ ਤਾਂ ਕਿ ਸ਼ਰਧਾਲੂਆਂ ਅਤੇ ਅਕਾਲੀ ਦਲ ਦੇ ਸਮਰਥਕਾਂ, ਜੋ ਕਿ ਇਕ ਨਵੇਂ ਮੋਰਚੇ ਵਿਚ ਹਿੱਸਾ ਲੈਣ ਆਏ ਸਨ, ਦੇ ਆਤਮ-ਸਮਰਪਣ ਬਾਰੇ ਗੱਲਬਾਤ ਕੀਤੀ ਜਾ ਸਕੇ। ਭਾਨ ਸਿੰਘ ਹੋਸਟਲ ਵਿਚੋਂ ਨਿਕਲ ਕੇ ਗਿਆ ਪਰ ਜਦੋਂ ਉਹ ਬਾਗਵਾਲੀ ਗਲੀ ਦੇ ਸਿਰੇ ਤੇ ਪੁੱਜਾ,

ਉਦੋਂ ਫਿਰ ਦੁਬਾਰਾ ਭਾਰੀ ਗੋਲੀਬਾਰੀ ਸ਼ੁਰੂ ਹੋ ਗਈ ਅਤੇ ਉਹ ਵਾਪਸ ਭੱਜ ਆਇਆ। ਦੋਵੇਂ ਨੇਤਾ ਆਤਮ-ਸਮਰਪਣ ਬਾਰੇ ਗੱਲ-ਬਾਤ ਨਹੀਂ ਕਰ ਸਕਦੇ ਸਨ ਕਿਉਂਕਿ ਹੁਣ ਸਿਰਫ ਆ ਰਹੇ ਫੋਨ ਹੀ ਸੁਣ ਸਕਦੇ ਸਨ।"

ਕੀ ਹਮਲਾਵਰ ਆਤਮ-ਸਮਰਪਣ ਚਾਹੁੰਦੇ ਸਨ? ਇਸ ਤਰ੍ਹਾਂ ਲਗਦਾ ਸੀ ਕਿ ਉਨ੍ਹਾਂ ਦੀ ਦਿਲਚਸਪੀ ਕੁਝ ਬੰਦਿਆਂ ਨੂੰ, ਜਿਹੜੇ ਸਿੱਖ ਭਾਈਚਾਰੇ ਬਾਰੇ ਬੋਲਣ ਦਾ ਦਾਅਵਾ ਕਰਦੇ ਸਨ, ਨੂੰ ਗ੍ਰਿਫਤਾਰ ਕਰਨ ਦੀ ਬਜਾਏ ਜਿੱਤ ਅਤੇ ਆਮ ਸਿੱਖਾਂ ਦੀ ਹੱਤਿਆ ਕਰਨ ਵਿਚ ਜ਼ਿਆਦਾ ਸੀ।

ਸੰਡੇ ਟਾਈਮਜ਼ ਦੀ ਮੇਰੀ ਐਨ ਵੀਵਰ ਨੇ ਕੂਟਨੀਤਕ ਸੋਮਿਆਂ ਨੂੰ ਸੰਪਰਕ ਕੀਤਾ ਤੇ ਜਾਣਿਆ ਕਿ ਹੋ ਸਕਦਾ ਹੈ ਕਿ ਫੌਜ 'ਕਿਸੇ ਨੂੰ ਕੈਦ ਨਹੀਂ ਕਰਨਾ' ਦੇ ਹੁਕਮਾਂ ਤਹਿਤ ਕੰਮ ਕਰ ਰਹੀ ਸੀ ਅਤੇ ਕੁਝ ਅਤਿਵਾਦੀਆਂ ਨੂੰ ਸਿਰਫ ਜ਼ਿੰਦਾ ਰੱਖਣਾ ਚਾਹੁੰਦੀ ਸੀ। (ਸੰਡੇ ਟਾਈਮਜ਼, ਜੂਨ 10, 1984)।

6 ਜੂਨ ਦੀ ਦੁਪਹਿਰ ਨੂੰ ਕਰਫਿਊ ਵਿਚ ਦੋ ਘੰਟੇ ਦੀ ਢਿੱਲ ਦਿੱਤੀ ਗਈ। ਉਸ ਸਮੇਂ ਫੌਜ ਨੇ ਬਹੁਤ ਬੁਰੀ ਤਰ੍ਹਾਂ ਜ਼ਖਮੀ 11 ਨੌਜਵਾਨਾਂ, ਜਿਨ੍ਹਾਂ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਫੜਿਆ ਸੀ, ਹਰਿਮੰਦਰ ਸਾਹਿਬ ਤੋਂ ਕੋਈ 400 ਮੀਟਰ ਦੂਰ ਸਥਿਤ ਕੋਤਵਾਲੀ ਵਿਚ ਲਿਆਂਦਾ। ਸੁਭਾਸ਼ ਕਿਰਪੇਕਰ ਦੱਸਦਾ ਹੈ ਕਿ ਉਸਨੇ ਦੇਖਿਆ; ਕੁਝ ਜਵਾਨ 11 ਸ਼ੱਕੀ ਅਤਿਵਾਦੀਆਂ, ਜੋ ਆਪਣੇ ਨੰਗੇ ਗੋਡਿਆਂ ਦੇ ਭਾਰ ਝੁਕੇ ਹੋਏ ਸਨ ਅਤੇ ਲਾਲ ਭਖਦੀ ਹੋਈ ਸੜਕ ਤੇ ਲੰਘ ਰਹੇ ਸਨ, ਨੂੰ ਲੱਤਾਂ ਮਾਰ ਰਹੇ ਸਨ। ਅੰਤ ਵਿਚ ਇਨ੍ਹਾਂ ਕੋਲੋਂ ਮਸ਼ੀਨ ਗਨ ਦੀ ਨੋਕ ਤੇ ਕੋਤਵਾਲੀ ਦੇ ਵਰਾਂਡੇ ਵਿਚ ਲਾਈਨ ਵਿਚ ਲਗਾ ਕੇ ਪੁੱਛ-ਗਿੱਛ ਕੀਤੀ ਗਈ। ਕਿਰਪੇਕਰ ਦੇ ਅਨੁਸਾਰ "ਇਨ੍ਹਾਂ ਨੂੰ ਉਸ ਸਮੇਂ ਨਹੀਂ ਮਾਰਿਆ ਗਿਆ, ਭਾਵੇਂ ਦੋ ਗਵਾਹ ਹਨ ਜੋ ਕਹਿੰਦੇ ਹਨ ਕਿ ਇਨ੍ਹਾਂ ਨੂੰ ਪੁੱਛ-ਗਿੱਛ ਦੇ ਅੰਤ ਵਿਚ ਮਾਰ ਦਿੱਤਾ ਗਿਆ ਸੀ।"

6 ਜੂਨ ਨੂੰ ਤੜਕਸਾਰ ਫੌਜੀ ਗੋਲਾਬਾਰੀ ਨਾਲ ਅਕਾਲ ਤਖ਼ਤ ਢਾਹ ਦਿੱਤਾ ਅਤੇ ਇਸਦੇ ਰਖਵਾਲਿਆਂ ਦੀਆਂ ਜ਼ਿੰਦਗੀਆਂ ਨੂੰ ਬੁਝਾ ਦਿੱਤਾ।

ਇਸ ਓਪਰੇਸ਼ਨ ਦੇ ਕਈ ਮਹੀਨਿਆਂ ਬਾਅਦ ਤੱਕ ਵੀ ਭਿੰਡਰਾਂਵਾਲੇ ਦੀ ਹੋਣੀ ਬਾਰੇ ਸ਼ੱਕ ਹੀ ਰਿਹਾ। ਇਕ ਧੁੰਦਲੀ ਅਤੇ ਕਾਲੀ ਜਿਹੀ ਤਸਵੀਰ, ਜਿਸ ਵਿਚ ਇਕ ਲਾਸ਼ ਨੂੰ ਬਰਫ਼ ਦੀ ਸਿੱਲੀ ਤੇ ਰਖਿਆ ਹੋਇਆ ਦਿਖਾਇਆ ਗਿਆ ਸੀ, ਜਾਰੀ ਕੀਤੀ ਗਈ। ਉਹ ਆਦਮੀ ਪਤਲਾ ਅਤੇ ਦਾੜ੍ਹੀ ਵਾਲਾ ਸੀ। ਪਰ ਕੀ ਉਹ ਭਿੰਡਰਾਂਵਾਲੇ ਸਨ, ਜਿਸ ਤਰ੍ਹਾਂ ਕਿ ਦਾਅਵਾ ਕੀਤਾ ਜਾਂਦਾ ਹੈ? ਸੰਦੇਹ ਬਣਿਆ ਰਿਹਾ।

"ਭਿੰਡਰਾਂਵਾਲੇ ਦੀ ਮੌਤ", ਜਿਵੇਂ ਕਿ ਫੌਜੀ ਹਲਕਿਆਂ ਵਿਚ ਦੱਸਿਆ ਗਿਆ ਅਤੇ ਸੰਗਤ ਸਿੰਘ ਵਲੋਂ ਬਿਆਨ ਕੀਤਾ ਗਿਆ ਕਿ ਸੰਤ ਤਸ਼ੱਦਦ ਨਾਲ ਮਰ ਗਿਆ, ਆਖਿਰ ਤੱਕ ਆਕੀ ਰਿਹਾ। ਇਸ ਭਾਗ ਵਿਚ ਦੱਸਿਆ ਕਿ ਸੰਤ ਭਿੰਡਰਾਂਵਾਲੇ ਨੂੰ ਜਦੋਂ ਫੌਜ ਵਲੋਂ ਪਕੜਿਆ ਗਿਆ ਤਾਂ ਉਹ ਜ਼ਿੰਦਾ ਪਰ ਬੁਰੀ

ਤਰ੍ਹਾਂ ਜ਼ਖ਼ਮੀ ਸਨ। ਫੌਜ ਨੂੰ ਦਿੱਲੀ ਤੋਂ ਨਿਰਦੇਸ਼ਾਂ ਦੀ ਉਡੀਕ ਸੀ ਕਿ ਕੀ ਉਸਨੂੰ ਡਾਕਟਰੀ ਸਹਾਇਤਾ ਦਿੱਤੀ ਜਾਵੇ ਜਾਂ ਖ਼ਤਮ ਕਰ ਦਿੱਤਾ ਜਾਵੇ। ਫੌਜ ਨੂੰ ਇੰਦਰਾ ਗਾਂਧੀ ਤੋਂ ਦੂਜਾ ਰਾਹ ਅਖ਼ਤਿਆਰ ਕਰਨ ਦਾ ਹੁਕਮ ਮਿਲਣ ਵਿਚ ਛੇ ਘੰਟੇ ਲਗ ਗਏ।

ਜਰਨਲ ਬਰਾੜ ਦੇ ਇਸ ਵਰਣਨ ਦਾ ਬਹੁਤ ਸਾਫ਼ ਨਤੀਜਾ ਹੈ: ਸਾਡੀ ਉਨ੍ਹਾਂ ਬੰਦਿਆਂ ਤੋਂ, ਜੋ ਉਸ ਦਿਨ ਅਕਾਲ ਤਖ਼ਤ ਤੋਂ ਬਾਹਰ ਨਿਕਲੇ ਸਨ, ਪੁੱਛ-ਗਿੱਛ ਦੇ ਬਾਵਜੂਦ ਭਿੰਡਰਾਂਵਾਲੇ ਦੇ ਥਹੁ-ਟਿਕਾਣੇ ਬਾਰੇ ਕੁਝ ਪਤਾ ਨਾ ਲਗ ਸਕਿਆ। ਉਥੇ ਪਰਸਪਰ ਵਿਰੋਧੀ ਵਿਚਾਰ ਸਨ। ਇਕ ਇਹ ਸੀ ਕਿ ਉਹ ਤਹਿਖਾਨੇ ਵਿਚ ਲੁਕੇ ਹੋਏ ਹਨ, ਇਕ ਹੋਰ ਇਹ ਸੀ ਕਿ ਉਹ ਮਰ ਗਏ ਹਨ, ਅਤੇ ਤੀਜਾ ਇਹ ਸੀ ਕਿ ਉਹ ਰਾਤ ਨੂੰ ਸੁਰੱਖਿਅਤ ਬਚ ਕੇ ਨਿਕਲ ਗਏ ਹਨ ਅਤੇ ਪਾਕਿਸਤਾਨ ਦੀ ਸੀਮਾ ਪਾਰ ਕਰ ਗਏ ਹਨ। 26 ਮਦਰਾਸ ਨੂੰ 6 ਦੀ ਰਾਤ ਨੂੰ ਅਕਾਲ ਤਖ਼ਤ ਨੂੰ ਸਾਫ਼ ਕਰਨ ਅਤੇ ਜੇ ਕੋਈ ਅਤਿਵਾਦੀ ਹਾਲੇ ਵੀ ਅੰਦਰ ਲੁਕੇ ਹੋਏ ਹਨ ਤਾਂ ਉਨ੍ਹਾਂ ਨੂੰ ਬਾਹਰ ਕੱਢਣ ਦਾ ਕੰਮ ਸੌਂਪਿਆ ਗਿਆ। ਇਸ ਸਮੇਂ ਦੌਰਾਨ ਅਕਾਲ ਤਖ਼ਤ ਦੇ ਆਮ ਖੇਤਰ ਵਿਚੋਂ ਕਦੀ ਕਦੀ ਰਾਈਫਲ ਅਤੇ ਲਾਈਟ ਮਸ਼ੀਨ ਗਨ ਦੇ ਫਾਇਰ ਹੋ ਰਹੇ ਸਨ ਜਿਹੜੇ ਬਹੁਤ ਅਸਰਦਾਰ ਨਹੀਂ ਸਨ। ਮਦਰਾਸੀ ਅਕਾਲ ਤਖ਼ਤ ਵਿਚ ਦਾਖਿਲ ਹੋਣ ਲਈ ਅਤੇ ਆਪਣੀ ਕਾਰਵਾਈ ਸ਼ੁਰੂ ਕਰਨ ਲਈ ਸਾਰੀਆਂ ਦਿਸ਼ਾਵਾਂ ਤੋਂ ਆ ਰਹੇ ਸਨ, ਤੇ ਕੋਈ ਮੁਕਾਬਲਾ ਨਹੀਂ ਸੀ ਹੋ ਰਿਹਾ ਪਰ ਫਿਰ ਵੀ ਅਜਿਹਾ ਕੋਈ ਖ਼ਤਰਾ ਨਹੀਂ ਸੀ ਉਠਾਇਆ ਜਾ ਸਕਦਾ ਜਿਸ ਨਾਲ ਕਿ ਬਟਾਲੀਅਨ ਆਪ ਵੀ ਕੁੜਿੱਕੀ ਵਿਚ ਫਸ ਜਾਂਦੀ। ਜਦੋਂ ਉਹ ਇਮਾਰਤ ਦੀ ਛਾਣਬੀਣ ਕਰ ਰਹੇ ਸਨ ਤਾਂ ਦੋ ਅਤਿਵਾਦੀ ਭੱਜਣ ਦੀ ਕੋਸ਼ਿਸ਼ ਕਰਦਿਆਂ, ਧਿਆਨ ਵਿਚ ਆਏ। ਮਦਰਾਸੀਆਂ ਨੇ ਉਨ੍ਹਾਂ ਉਤੇ ਗੋਲੀ ਚਲਾਈ ਅਤੇ ਉਨ੍ਹਾਂ ਵਿਚੋਂ ਇਕ ਫੜ ਲਿਆ ਜਦ ਕਿ ਦੂਜਾ ਮਾਰਿਆ ਗਿਆ। ਉਸ ਦੀ ਜਲਦੀ ਵਿਚ ਕੀਤੀ ਗਈ ਪੁੱਛ-ਗਿੱਛ ਦੌਰਾਨ ਪਤਾ ਲੱਗਾ ਕਿ ਭਿੰਡਰਾਂਵਾਲੇ ਮਾਰੇ ਗਏ ਸਨ। ਉਦੋਂ ਉਹ ਫੌਜ ਨੂੰ ਉਸ ਥਾਂ ਲੈ ਕੇ ਗਿਆ ਜਿੱਥੇ ਸੰਤ ਭਿੰਡਰਾਂਵਾਲੇ ਆਪਣੇ 40 ਸਾਥੀਆਂ ਨਾਲ ਮਰੇ ਪਏ ਸਨ। ਇਸ ਸਮੇਂ ਦੌਰਾਨ ਅਕਾਲ ਤਖ਼ਤ ਦੀ ਛਾਣ-ਬੀਣ ਜਾਰੀ ਰਹੀ। ਥੋੜੀ ਦੇਰ ਬਾਅਦ, ਜਨਰਲ ਸ਼ਬੇਗ ਸਿੰਘ ਦੀ ਲਾਸ਼ ਤਹਿਖਾਨੇ ਵਿਚੋਂ ਮਿਲੀ। ਉਸਨੇ ਅਜੇ ਵੀ ਆਪਣੀ ਕਾਰਬਾਈਨ ਪਕੜੀ ਹੋਈ ਸੀ ਅਤੇ ਵਾਕੀ-ਟਾਕੀ ਉਸ ਦੇ ਨਾਲ ਫ਼ਰਸ਼ ਤੇ ਪਿਆ ਸੀ। ਸਵੇਰ ਹੋਣ ਤੋਂ ਕਾਫੀ ਚਿਰ ਪਹਿਲਾਂ, ਅਕਾਲ ਤਖ਼ਤ ਪੂਰੀ ਤਰ੍ਹਾਂ ਸੁਰੱਖਿਅਤ ਹੋ ਚੁੱਕਾ ਸੀ ਅਤੇ ਚਾਰੇ ਪਾਸੇ ਚੁੱਪ ਛਾਈ ਹੋਈ ਸੀ। ਲਾਸ਼ਾਂ ਉੱਤਰੀ ਭਾਗ ਦੇ ਗਰਾਉਂਡ ਫਲੋਰ ਦੇ ਖੁਲ੍ਹੇ ਵਰਾਂਡੇ ਵਿਚ ਲਿਆਂਦੀਆਂ ਗਈਆਂ। ਜਿੱਥੇ ਸ਼ਬੇਗ ਸਿੰਘ ਅਤੇ ਭਿੰਡਰਾਂਵਾਲੇ ਦੀ ਪਛਾਣ ਕੁਝ ਏਜੰਸੀਆਂ ਵਲੋਂ ਜਿਨ੍ਹਾਂ ਵਿਚ ਪੁਲਿਸ, ਆਈ.ਬੀ. ਅਤੇ ਫੜੇ ਗਏ ਅਤਿਵਾਦੀ ਸ਼ਾਮਿਲ ਸਨ, ਨੇ ਕੀਤੀ।

ਜਨਰਲ ਸ਼ਬੇਗ ਸਿੰਘ ਦੀ ਲਾਸ਼ ਦੀ ਤਸਵੀਰ ਭਿੰਡਰਾਂਵਾਲੇ ਦੀ ਲਾਸ਼ ਦੀ ਤਸਵੀਰ ਨਾਲੋਂ ਜ਼ਿਆਦਾ ਸਪਸ਼ਟ ਸੀ: ਇਕ ਚਾਦਰ ਜਿਸਨੇ ਉਸ ਨਗਨ ਲਾਸ਼ ਨੂੰ ਅੱਧਾ ਢੱਕਿਆ ਹੋਇਆ ਸੀ, ਮੋਟੀ ਰੱਸੀ ਨਾਲ ਬੰਨ੍ਹੇ ਪੈਰ ਅਤੇ ਲਾਸ਼ ਦੀ ਸਥਿਤੀ ਅਤੇ ਇਸ ਨੂੰ ਘੜੀਸਣ ਨਾਲ ਜ਼ਮੀਨ ਤੇ ਪਏ ਨਿਸ਼ਾਨ ਤੋਂ ਇਹ ਪਤਾ ਲਗਦਾ ਹੈ ਕਿ ਇਸਨੂੰ ਚੁੱਕ ਕੇ ਨਹੀਂ ਸਗੋਂ ਧੂਹ ਕੇ ਲਿਆਂਦਾ ਗਿਆ ਹੈ। ਉਸਦੀਆਂ ਬਾਹਾਂ ਤੇ ਪਏ ਲਾਲ ਨੀਲ ਤੋਂ ਇਹ ਪਤਾ ਲਗਦਾ ਹੈ ਕਿ ਉਸਦੀਆਂ ਬਾਹਵਾਂ ਬੰਨ੍ਹੀਆਂ ਹੋਈਆਂ ਸਨ। ਇਹ ਬਹੁਤ ਦਿਲਚਸਪ ਗੱਲ ਹੈ ਕਿਉਂਕਿ ਇਕ ਮਰਿਆ ਹੋਇਆ ਬੰਦਾ ਇਸ ਤਰ੍ਹਾਂ ਦੀ ਕੋਈ ਅੜਚਣ ਪੈਦਾ ਨਹੀਂ ਕਰ ਸਕਦਾ ਜਿਸ ਲਈ ਉਸਦੀਆਂ ਬਾਹਵਾਂ ਬੰਨ੍ਹਣੀਆਂ ਪੈਣ। ਸ਼ਾਇਦ ਅੰਤ ਉੱਨਾ ਸਾਫ਼-ਸੁਥਰਾ ਨਹੀਂ ਹੈ ਜਿੰਨਾ ਜਨਰਲ ਬਰਾੜ ਸਾਨੂੰ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ।

ਓਪਰੇਸ਼ਨ ਬਲਿਊਸਟਾਰ ਬਾਰੇ ਕਈ ਵੇਰਵਿਆਂ, ਜਿਨ੍ਹਾਂ ਵਿਚ ਐਸ.ਜੀ.ਪੀ.ਸੀ. ਦਾ ਵਾਈਟ ਪੇਪਰ ਵੀ ਸ਼ਾਮਿਲ ਹੈ, ਵਿਚ ਦੱਸਿਆ ਗਿਆ ਹੈ ਕਿ ਰੈੱਡ ਕਰਾਸ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ ਅਤੇ ਜ਼ਖ਼ਮੀ ਲੋਕਾਂ ਨੂੰ ਕਈ ਦਿਨ ਉਸੇ ਤਰ੍ਹਾਂ ਹੀ ਪਏ ਰਹਿਣ ਦਿੱਤਾ। ਕਈ ਲੋਕ ਪਿਆਸ ਨਾਲ ਮਰ ਗਏ ਕਿਉਂਕਿ ਉਨ੍ਹਾਂ ਨੂੰ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।

ਭਾਨ ਸਿੰਘ ਨੇ **ਸਿਟੀਜ਼ਨਜ਼ ਆਫ ਡੈਮੋਕਰੇਸੀ** ਦੇ ਮੈਂਬਰਾਂ ਨੂੰ ਦੱਸਿਆ ਕਿ ਉਨ੍ਹਾਂ (ਫੌਜ) ਨੇ ਕੰਪਲੈਕਸ ਦੇ ਅੰਦਰਲੇ ਲੋਕਾਂ ਨਾਲ ਇਸ ਤਰ੍ਹਾਂ ਵਿਵਹਾਰ ਕੀਤਾ ਜਿਵੇਂ ਉਹ ਦੁਸ਼ਮਣ ਹੋਣ ਅਤੇ ਜਦੋਂ ਕੋਈ ਬੰਦਾ ਗੋਲੀ ਨਾਲ ਜ਼ਖ਼ਮੀ ਹੋ ਜਾਂਦਾ ਤਾਂ ਰੈੱਡ ਕਰਾਸ ਦੇ ਕਿਸੇ ਆਦਮੀ ਨੂੰ ਅੰਦਰ ਆਉਣ ਦੀ ਇਜਾਜ਼ਤ ਨਾ ਦਿੱਤੀ ਗਈ, ਸਗੋਂ ਰੈੱਡ ਕਰਾਸ ਦੇ ਕਰਮਚਾਰੀਆਂ ਨੂੰ ਜਲ੍ਹਿਆਂਵਾਲਾ ਬਾਗ, ਜੋ ਕਿ ਘੰਟਾ ਘਰ ਵਾਲੇ ਪਾਸਿਉਂ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੋਂ ਇਕ ਕਿਲੋਮੀਟਰ ਤੋਂ ਵੀ ਵੱਧ ਦੂਰ ਹੈ, ਕੋਲ ਰੋਕ ਕੇ ਰਖਿਆ ਗਿਆ।

ਸੀ.ਐਫ਼.ਡੀ. ਦੀ ਰਿਪੋਰਟ "**ਓਪਰੈਸ਼ਨ ਇਨ ਪੰਜਾਬ**" ਕਹਿੰਦੀ ਹੈ: ਯੂ.ਐਨ. ਦੇ ਮਨੁੱਖੀ ਹੱਕਾਂ ਬਾਰੇ ਅਧਿਕਾਰ ਪੱਤਰ ਦੇ ਅਨੁਸਾਰ ਰੈੱਡ ਕਰਾਸ ਨੂੰ ਜ਼ਖ਼ਮੀਆਂ ਦੀ ਸਹਾਇਤਾ ਲਈ ਦੁਸ਼ਮਣ ਦੇ ਇਲਾਕੇ ਵਿਚ ਜਾਣ ਦੀ ਵੀ ਇਜਾਜ਼ਤ ਹੈ। ਪਰ ਜੂਨ 1984 ਨੂੰ ਰੈੱਡ ਕਰਾਸ ਨੂੰ ਹਰਿਮੰਦਰ ਸਾਹਿਬ ਜੋ ਸਾਡੇ ਦੇਸ਼ ਦਾ ਇਕ ਸਤਿਕਾਰਯੋਗ ਅਤੇ ਪਵਿੱਤਰ ਹਿੱਸਾ ਹੈ, ਵਿਚ ਭਾਰਤੀ ਫੌਜ ਦੇ ਹਮਲੇ ਅਧੀਨ ਭਾਰਤੀਆਂ ਦੀ ਮਦਦ ਲਈ ਜਾਣ ਦੀ ਇਜਾਜ਼ਤ ਨਹੀਂ ਸੀ। ਇਸਦਾ ਇੱਕੋ ਅਰਥ ਹੈ ਕਿ ਹਮਲਾ ਇਤਨਾ ਭਿਆਨਕ ਅਤੇ ਲੜਾਈ ਦਾ ਦ੍ਰਿਸ਼ ਇਤਨਾ ਘਿਣਾਉਣਾ ਸੀ ਕਿ ਆਮ ਜਨਤਾ, ਇੱਥੋਂ ਤੱਕ ਕਿ ਰੈੱਡ ਕ੍ਰਾਸ ਜਿਹੀ ਨਿਰਪੱਖ ਸੰਸਥਾ ਦੀਆਂ ਨਜ਼ਰਾਂ ਤੋਂ ਛੁਪਾਉਣ ਲਈ ਕਾਫੀ ਕੁਝ ਸੀ। ਇਸ ਤੋਂ ਸ਼ਾਇਦ ਇਹ ਵੀ ਜ਼ਾਹਰ ਹੁੰਦਾ ਹੈ ਕਿ ਕਿਉਂ ਪਹਿਲਾਂ ਤੋਂ ਹੀ

ਪ੍ਰੈਸ ਸੈਂਸਰਸ਼ਿਪ ਲਗਾ ਦਿੱਤੀ ਗਈ ਸੀ, ਆਖਰੀ ਪੱਤਰਕਾਰ ਤੱਕ ਨੂੰ ਕੱਢ ਦਿੱਤਾ ਗਿਆ ਅਤੇ ਪ੍ਰੈਸ ਨੂੰ 10 ਜੂਨ, (ਜਦੋਂ ਲਗਭਗ ਇਕ ਹਫ਼ਤਾ ਪਹਿਲਾਂ ਸ਼ੁਰੂ ਹੋਏ ਫੌਜੀ ਓਪਰੇਸ਼ਨ ਤੋਂ ਬਾਅਦ ਪਹਿਲੀ ਵਾਰ ਉਨ੍ਹਾਂ ਨੂੰ ਕੰਪਲੈਕਸ ਦੇ ਗਾਈਡਿਡ ਟੂਰ ਤੇ ਲਿਜਾਇਆ ਗਿਆ) ਤੋਂ ਪਹਿਲਾਂ ਹਰਿਮੰਦਰ ਸਾਹਿਬ ਜਾਣ ਦੀ ਇਜਾਜ਼ਤ ਨਹੀਂ ਸੀ।

ਬੀ.ਐਸ. ਦਾਨੇਵਾਲੀਆ ਲਿਖਦਾ ਹੈ: "ਜਦੋਂ ਰਾਜ ਦੇ ਇੰਟੈਲੀਜੈਂਸ ਮੁਖੀ ਐਚ.ਐਸ. ਰੰਧਾਵਾ 6 ਜੂਨ, 1984 ਨੂੰ ਮ੍ਰਿਤਕਾਂ ਵਿਚੋਂ ਭਿੰਡਰਾਂਵਾਲੇ ਨੂੰ ਪਛਾਣਨ ਲਈ ਅੰਮ੍ਰਿਤਸਰ ਗਏ ਤਾਂ ਉਨ੍ਹਾਂ ਨੇ ਹਰ ਉਮਰ ਦੇ ਸਿੱਖਾਂ ਨੂੰ, ਜਿਨ੍ਹਾਂ ਦੇ ਹੱਥ ਉਨ੍ਹਾਂ ਦੀਆਂ ਹੀ ਪੱਗਾਂ ਨਾਲ ਪਿੱਠਾਂ ਪਿੱਛੇ ਬੰਨ੍ਹੇ ਹੋਏ ਸਨ, ਗੋਲੀਆਂ ਨਾਲ ਮਰੇ ਦੇਖਿਆ।" ਰੰਧਾਵਾ ਦੇ ਅਨੁਸਾਰ ਭਿੰਡਰਾਂਵਾਲਾ ਸ਼ਾਇਦ ਸਟੱਨ-ਬੰਬ ਨਾਲ ਫੱਟੜ ਹੋ ਗਿਆ ਸੀ। "ਉਸਦੇ ਸਿਰ ਵਿਚ ਜ਼ਖ਼ਮ ਸੀ, ਜਿਸ ਤੋਂ ਪਤਾ ਲਗਦਾ ਹੈ ਕਿ ਬਹੁਤ ਹੀ ਨੇੜੇ ਤੋਂ ਗੋਲੀ ਮਾਰੀ ਗਈ ਹੈ। ਗੋਲੀ ਸਿਰ ਵਿਚ ਵੱਜੀ ਅਤੇ ਹੇਠਾਂ ਨੂੰ ਲੰਘ ਗਈ। ਇਸ ਤਰ੍ਹਾਂ ਲਗਦਾ ਹੈ ਕਿ ਇਸ ਗੋਲੀ ਨਾਲ ਹੀ ਉਸਦੀ ਮੌਤ ਹੋਈ।" ਉਸਨੇ ਇਸ ਲੇਖਕ ਨੂੰ 1997 ਵਿਚ ਆਪਣੀ ਇੰਟਰਵਿਊ ਦੌਰਾਨ ਦੱਸਿਆ।

ਫੌਜ ਨੇ ਅਕਾਲ ਤਖ਼ਤ ਵਿਚੋਂ ਚਾਰ ਲਾਸ਼ਾਂ ਕੱਢੀਆਂ ਅਤੇ ਬਰਫ਼ ਦੀਆਂ ਸਿਲ੍ਹੀਆਂ ਤੇ ਰੱਖ ਦਿੱਤੀਆਂ। ਇਨ੍ਹਾਂ ਲਾਸ਼ਾਂ ਦੀ ਪਛਾਣ, ਠਾਰਾ ਸਿੰਘ, ਅਮਰੀਕ ਸਿੰਘ, ਸ਼ਬੇਗ ਸਿੰਘ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਵਜੋਂ ਹੋਈ। ਭਿੰਡਰਾਂਵਾਲੇ ਦੀ ਲਾਸ਼ ਬੁਰੀ ਤਰ੍ਹਾਂ ਕੁਚਲੀ ਹੋਈ ਸੀ, ਅਧਿਕਾਰੀ ਇਸਨੂੰ ਸਾਫ਼ ਤੌਰ ਤੇ ਨਹੀਂ ਪਹਿਚਾਣ ਸਕੇ। ਅਧਿਕਾਰੀਆਂ ਨੇ ਆਪਣੀ ਰਿਪੋਰਟ ਵਿਚ ਸਿਰਫ ਲਾਸ਼ ਬਾਰੇ ਆਮ ਵੇਰਵਾ ਦਿੱਤਾ ਹੈ ਪਰ ਕੋਈ ਨਾਂ ਨਹੀਂ ਦਿੱਤਾ।

ਸਿਵਲ ਅਫ਼ਸਰ ਬਾਹਰ ਗਏ ਅਤੇ ਇਕ ਦੁਕਾਨ ਖੁਲ੍ਹਵਾ ਕੇ ਲਾਸ਼ਾਂ ਨੂੰ ਢੱਕਣ ਲਈ ਕਫ਼ਨ ਖਰੀਦੇ। ਇਸ ਉੱਤੇ ਫੌਜ ਨੇ ਇਤਰਾਜ਼ ਕੀਤਾ ਕਿ ਮਰੇ ਹੋਇਆਂ ਨੂੰ ਅਣਉਚਿਤ ਆਦਰ ਦਿੱਤਾ ਜਾ ਰਿਹਾ ਹੈ। ਅਧਿਕਾਰੀਆਂ ਨੇ ਇਸ ਇਤਰਾਜ਼ ਬਾਰੇ ਰਾਜਪਾਲ ਪਾਂਡੇ ਨੂੰ ਦੱਸਿਆ, ਜਿਸਨੇ ਫਿਰ ਇਹ ਨਿਰਦੇਸ਼ ਦਿੱਤਾ ਕਿ ਸਸਕਾਰ ਦੇ ਸਮੇਂ ਸਾਰੀਆਂ ਲਾਸ਼ਾਂ ਢੱਕੀਆਂ ਹੋਣੀਆਂ ਚਾਹੀਦੀਆਂ ਹਨ। ਇਕ ਕਫ਼ਨ ਨਾਲ 25 ਤੋਂ 30 ਲਾਸ਼ਾਂ ਢੱਕੀਆਂ ਹੋਈਆਂ ਸਨ।

ਮਾਰਕ ਟੁਲੀ ਨੇ ਦਾਹ ਸਸਕਾਰ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ: " ਇਕ ਫੌਜੀ ਅਫ਼ਸਰ, ਜੋ ਦਾਹ ਸਸਕਾਰ ਦੇ ਸਮੇਂ ਡਿਊਟੀ ਤੇ ਸੀ, ਦੇ ਅਨੁਸਾਰ ਭਿੰਡਰਾਂਵਾਲੇ ਦਾ ਸਸਕਾਰ 7 ਜੂਨ ਦੀ ਸ਼ਾਮ ਨੂੰ 7.39 ਤੇ ਕੀਤਾ ਗਿਆ। 10,000 ਦੇ ਲਗਭਗ ਲੋਕਾਂ ਦੀ ਭੀੜ ਹਰਿਮੰਦਰ ਸਾਹਿਬ ਦੇ ਕੋਲ ਇਕੱਠੀ ਹੋ ਗਈ, ਪਰ ਫੌਜ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਭਿੰਡਰਾਂਵਾਲੇ, ਅਮਰੀਕ ਸਿੰਘ ਅਤੇ ਠਾਰਾ ਸਿੰਘ ਜੋ ਦਮਦਮੀ ਟਕਸਾਲ ਦਾ ਉਪ ਮੁਖੀ ਸੀ, ਦੀਆਂ ਲਾਸ਼ਾਂ ਹਰਿਮੰਦਰ ਸਾਹਿਬ ਦੇ ਬਾਹਰ ਚਿਤਾ ਤੇ ਲਿਆਂਦੀਆਂ ਗਈਆਂ। ਚਾਰ ਪੁਲਿਸ

ਅਫ਼ਸਰਾਂ ਨੇ ਭਿੰਡਰਾਂਵਾਲੇ ਦੀ ਲਾਸ਼, ਉਸ ਲਾਰੀ ਵਿਚੋਂ ਚੁੱਕੀ ਜਿਸ ਵਿਚ ਇਸ ਨੂੰ ਮੁਰਦਾਘਰ ਤੋਂ ਲਿਆਂਦਾ ਗਿਆ ਸੀ, ਅਤੇ ਆਦਰ ਨਾਲ ਚਿਤਾ ਤਕ ਲਿਆਂਦਾ। ਅਫ਼ਸਰ ਦੇ ਅਨੁਸਾਰ, ਉਨ੍ਹਾਂ ਵਿਚੋਂ ਕਈ ਰੋ ਰਹੇ ਸਨ।

ਉਨ੍ਹਾਂ ਵਿਚੋਂ ਇਕ ਨੇ, ਕੈਪਟਨ ਭਾਰਦਵਾਜ, ਜੋ ਕਿ ਇੰਚਾਰਜ ਅਫ਼ਸਰ ਸੀ, ਦੇ ਸਿਗਰਟ ਪੀਣ ਤੇ ਇਤਰਾਜ਼ ਕੀਤਾ। ਉਸ ਨੇ ਜਵਾਬ ਦਿੱਤਾ: " ਉਪਰ ਦੇਖੋ। ਘੱਟੋ-ਘੱਟ 30 ਬੰਦਿਆਂ ਨੇ ਮੇਰੀ ਹਿਫਾਜ਼ਤ ਲਈ ਬੰਦੂਕਾਂ ਤਾਣੀਆਂ ਹੋਈਆਂ ਹਨ। ਭਾਰਦਵਾਜ ਨੇ ਚਾਦਰ ਚੁੱਕਣ ਲਈ ਜ਼ੋਰ ਦਿੱਤਾ ਤਾ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਇਹ ਭਿਡਰਾਂਵਾਲਾ ਹੀ ਹੈ। ਇਸ ਅਫ਼ਸਰ ਨੇ ਭਾਰਦਵਾਜ ਨੂੰ ਪੁਲਿਸ ਵਾਲੇ ਤੋਂ ਇਹ ਪੁੱਛਦੇ ਸੁਣਿਆ ਕਿ ਸੰਤ ਦੀ ਲਾਸ਼ ਇੰਨੀ ਬੁਰੀ ਤਰ੍ਹਾਂ ਕੁਚਲੀ ਹੋਈ ਕਿਉਂ ਹੈ। ਪੁਲਿਸ ਵਾਲੇ ਨੇ (ਤਾਅਨੇ ਨਾਲ) ਜਵਾਬ ਦਿੱਤਾ ਕਿ "ਅਤਿਵਾਦੀਆਂ ਨੇ ਉਨ੍ਹਾਂ ਦੀਆਂ ਹੱਡੀਆਂ ਤੋੜ ਦਿੱਤੀਆਂ ਹਨ।" ਭਿੰਡਰਾਂਵਾਲੇ ਦੇ ਸਸਕਾਰ ਦੇ ਸਮੇਂ ਬਾਰੇ ਕੁਝ ਅਨਿਸ਼ਚਿਤਤਾ ਹੈ ਕਿਉਂਕਿ ਪੋਸਟ-ਮਾਰਟਮ ਰਿਪੋਰਟ ਦੇ ਅਨੁਸਾਰ ਲਾਸ਼ 7.30 ਵਜੇ ਤਕ ਮੁਰਦਾਘਰ ਵਿਚ ਨਹੀਂ ਲਿਆਂਦੀ ਗਈ ਸੀ ਅਤੇ 8.00 ਵਜੇ ਤਕ ਉਸਦੀ ਜਾਂਚ ਨਹੀਂ ਸੀ ਕੀਤੀ ਗਈ। ਰਿਪੋਰਟ ਕਹਿੰਦੀ ਹੈ ਕਿ ਭਿੰਡਰਾਂਵਾਲੇ ਦੀ ਮੌਤ 'ਕਥਿਤ ਤੌਰ ਤੇ ਬਾਰੂਦੀ ਹਥਿਆਰਾਂ ਦੇ ਜ਼ਖ਼ਮਾਂ' ਨਾਲ ਹੋਈ ਹੈ।

ਪੋਸਟ ਮਾਰਟਮ ਦੀਆਂ ਰਿਪੋਰਟਾਂ ਦੇ ਸਹੀ ਹੋਣ ਤੇ ਸ਼ੱਕ ਹੈ। ਮੇਜਰ ਜਨਰਲ ਸ਼ਬੇਗ ਸਿੰਘ ਦੀ ਪੋਸਟ ਮਾਰਟਮ ਰਿਪੋਰਟ ਅਨੁਸਾਰ, ਉਸਦੀ ਲਾਸ਼ ਮੁਰਦਾਘਰ ਵਿਚ 9 ਤਰੀਕ ਤਕ ਨਹੀਂ ਸੀ ਲਿਆਂਦੀ ਗਈ। ਰਿਪੋਰਟ ਕਹਿੰਦੀ ਹੈ ਕਿ ਗਲਣ-ਸੜਨ ਕਰਕੇ ਇਸਦਾ ਪੂਰਾ ਪੋਸਟ-ਮਾਰਟਮ ਕਰਨਾ ਸੰਭਵ ਨਹੀਂ ਸੀ। ਪਰ ਤਸਵੀਰਾਂ ਤੋਂ ਇਹ ਪਤਾ ਲਗਦਾ ਹੈ ਕਿ ਫੌਜ ਨੂੰ ਸ਼ਬੇਗ ਸਿੰਘ ਦੀ ਲਾਸ਼, ਕਾਫੀ ਦੇਰ ਪਹਿਲਾਂ, ਜਦੋਂ ਇਹ ਗਲਣੀ ਸ਼ੁਰੂ ਨਹੀਂ ਸੀ ਹੋਈ, ਮਿਲ ਗਈ ਸੀ। ਇਸ ਗੱਲ ਨੂੰ ਸਮਝਣਾ ਮੁਸ਼ਕਲ ਹੈ ਕਿ ਫੌਜ ਨੇ ਰਿਟਾਇਰਡ ਜਨਰਲ ਦੀ ਲਾਸ਼ ਇੰਨੀ ਦੇਰ ਕਿਉਂ ਰੱਖ ਛੱਡੀ ਜਦੋਂ ਤਕ ਕਿ ਉਹ ਗਲਣੀ ਸ਼ੁਰੂ ਨਹੀਂ ਹੋ ਗਈ। ਫੌਜ ਅਤੇ ਪੁਲਿਸ ਦੋਨਾਂ ਦੀ ਰੁਚੀ ਪੋਸਟ-ਮਾਰਟਮ ਰਿਪੋਰਟ ਜਿੰਨੀ ਹੋ ਸਕੇ ਉਨੀ ਸਹੀ ਹਾਸਿਲ ਕਰਨ ਵਿਚ ਹੁੰਦੀ ਹੈ। ਇਹ ਹੋ ਸਕਦਾ ਹੈ ਕਿ ਫੌਜ ਲਾਸ਼ਾਂ ਦੇ ਪਤਾ ਲੱਗਣ ਦੀ ਸੰਭਾਵਨਾ ਨੂੰ ਖ਼ਤਮ ਕਰਨ ਲਈ ਮੌਕਾ ਮਿਲਦੇ ਹੀ ਸਸਕਾਰ ਕਰ ਦੇਣਾ ਚਾਹੁੰਦੀ ਹੋਵੇ - ਫ਼ਸਾਦ ਲਈ ਇਕ ਲੋਥ ਨਾਲੋਂ ਵੱਧ ਸ਼ਕਤੀਸ਼ਾਲੀ ਕਾਰਣ ਹੋਰ ਕੋਈ ਨਹੀਂ ਹੈ - ਇਸ ਲਈ ਪੋਸਟ-ਮਾਰਟਮ ਦੀ ਓਪਚਾਰਿਕਤਾ ਤਿਆਗ ਦਿੱਤੀ ਗਈ। ਜੇਕਰ ਅਜਿਹਾ ਸੀ, ਤਾਂ ਉਹ ਰਿਪੋਰਟਾਂ ਜੋ ਬਾਅਦ ਵਿਚ ਵੇਖੀਆਂ ਗਈਆਂ ਅਤੇ ਜਿਨ੍ਹਾਂ ਦੀਆਂ ਫੋਟੋਕਾਪੀਆਂ ਕੀਤੀਆਂ ਗਈਆਂ, ਅਵੱਸ਼ ਹੀ ਸਹਿਜੇ ਹੀ ਪਿੱਛੋਂ ਸੁੱਝੀ ਕਾਰਵਾਈ ਹੋਣਗੀਆਂ।”

ਨਵੰਬਰ, 1984 ਦੇ **ਸੂਰਿਯਾ** ਰਸਾਲੇ ਵਿਚ ਸੰਤ ਭਿੰਡਰਾਂਵਾਲੇ ਅਤੇ ਮੇਜਰ ਜਨਰਲ ਸ਼ਬੇਗ ਸਿੰਘ ਦੀਆਂ ਪੋਸਟ-ਮਾਰਟਮ ਰਿਪੋਰਟਾਂ ਅਤੇ ਡਾਕਟਰ

ਜੇ.ਕੇ. ਜੈਨ ਦੁਆਰਾ ਰਿਪੋਰਟਾਂ ਦਾ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤਾ ਗਿਆ।

ਡਾਕਟਰ ਜੈਨ ਨੇ ਇਨ੍ਹਾਂ ਪੋਸਟ-ਮਾਰਟਮ ਰਿਪੋਰਟਾਂ ਨੂੰ ਗ਼ਲਤ ਦੱਸਿਆ ਅਤੇ ਪ੍ਰੇਖਣ ਕੀਤਾ ਕਿ "(1) ਰਿਪੋਰਟਾਂ ਵਿਚ ਰਦਸਾਇਆ ਗਿਆ ਸਮਾਂ ਸਪੱਸ਼ਟ ਰੂਪ ਵਿਚ ਗ਼ਲਤ ਹੈ; (2) ਰਿਪੋਰਟਾਂ ਵਿਚ ਇਹ ਗੱਲ ਮੰਨੀਂ ਗਈ ਹੈ ਕਿ ਦੋਵੇਂ ਵਿਅਕਤੀ ਮਾਰੂ ਹਥਿਆਰਾਂ ਦੇ ਸ਼ਿਕਾਰ ਹੋਏ ਸਨ ਪਰੰਤੂ ਉਨ੍ਹਾਂ ਵਿਚ ਅੱਗ ਅਤੇ ਧੂੰਏਂ ਦੇ ਪ੍ਰਭਾਵ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ; (3) ਰਿਪੋਰਟਾਂ ਵਿਚ ਇਸ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਉਨ੍ਹਾਂ ਦੇ ਸ਼ਰੀਰਾਂ ਵਿਚ ਕਿਸ ਕਿਸਮ ਦੀਆਂ ਗੋਲੀਆਂ ਲੱਗੀਆਂ; ਅਤੇ (4) ਰਿਪੋਰਟਾਂ ਵਿਚ ਇਨ੍ਹਾਂ ਵਿਅਕਤੀਆਂ ਦੇ ਸ਼ਰੀਰਾਂ ਦੇ ਕਪੜਿਆਂ ਤੇ ਗੋਲੀਆਂ ਜਾਂ ਕਿਸੇ ਹੋਰ ਨਿਸ਼ਾਨਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

ਪਹਿਲੀਆਂ ਫੋਟੋਆਂ ਵਿਚ ਉਨ੍ਹਾਂ ਦੇ ਸ਼ਰੀਰ ਨੰਗੇ ਵਿਖਾਏ ਗਏ ਸਨ। ਕੋਈ ਵੀ ਉਨ੍ਹਾਂ ਨੂੰ ਕਪੜੇ ਉਤਾਰਨ ਲਈ ਨਹੀਂ ਕਹਿ ਸਕਦਾ ਸੀ ਜੇਕਰ ਉਹ ਫ਼ੌਜ ਦੀ ਹਿਰਾਸਤ ਵਿਚ ਨਹੀਂ ਸਨ। **ਸੂਰਿਯਾ** ਦੇ ਪੱਤਰਕਾਰ ਆਰ.ਕੇ. ਬਜਾਜ ਨੇ ਤਸਦੀਕ ਕੀਤਾ ਕਿ "ਉਸਨੇ ਖ਼ੁਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫ਼ੋਟੋ ਵੇਖੀ ਸੀ ਜਦ ਉਹ ਫ਼ੌਜ ਦੀ ਹਿਰਾਸਤ ਵਿਚ ਸਨ ... ਉਹ ਸਪੱਸ਼ਟ ਹੀ ਉਸ ਸਮੇਂ ਜ਼ਖ਼ਮੀ ਸਨ। ਅਮਰੀਕ ਸਿੰਘ ਉਨ੍ਹਾਂ ਦੇ ਨਾਲ ਸਨ ਪਰ ਉਹ ਮੁਸ਼ਕਲ ਨਾਲ ਖੜ੍ਹੇ ਹੋ ਸਕਣ ਦੀ ਹਾਲਤ ਵਿਚ ਸਨ। ਉਨ੍ਹਾਂ ਦੇ ਸਾਹਮਣੇ ਇਕ ਆਰਮੀ ਕਮਾਂਡੋ ਬੰਦੂਕ ਤਾਣੀ ਖੜ੍ਹਾ ਸੀ, ਜਦ ਕਿ ਇਕ ਹੋਰ ਉਨ੍ਹਾਂ ਦੇ ਪਿੱਛੇ ਖੜ੍ਹਾ ਸੀ।"

ਫੌਜ ਨੇ ਘੱਟ "ਉੱਘੀਆਂ" ਲਾਸ਼ਾਂ ਦੇ ਨਿਪਟਾਰੇ ਲਈ ਕੁਝ ਵੀ ਕਰਨ ਤੋਂ ਇਨਕਾਰ ਕਰ ਦਿੱਤਾ। ਮਿਉਂਸਪਲ ਸਫ਼ਾਈ ਕਰਮਚਾਰੀਆਂ ਨੂੰ ਲਾਸ਼ਾਂ ਢੋਣ ਲਈ ਬੁਲਾਇਆ ਗਿਆ। ਇਹ ਇਕ ਘਿਨਾਉਣਾ ਕੰਮ ਸੀ, ਇਹ ਉਨ੍ਹਾਂ ਲੋਕਾਂ ਨੂੰ ਵੀ ਨਾਪਸੰਦ ਸੀ ਜੋ ਕਿ ਮਲੀਨ ਕੰਮ ਕਰਨ ਦੇ ਆਦੀ ਸਨ। ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਕੀ ਇਹ ਸਿਰਫ ਇਸ ਲਈ ਕਿ ਲਾਸ਼ਾਂ ਗਲ ਚੁਕੀਆਂ ਸਨ ਅਤੇ ਬਦਬੋ ਮਾਰ ਰਹੀਆਂ ਸਨ? ਸੰਭਵ ਹੈ ਕਿ ਇਹ ਸਫ਼ਾਈ ਕਰਮਚਾਰੀ ਅਜਿਹੀ ਸਥਿਤੀ ਤੋਂ ਪਿੱਛੇ ਹੱਟ ਰਹੇ ਸਨ ਜਿਸ ਵਿਚ ਮਨੁੱਖਾਂ ਦੀਆਂ ਲਾਸ਼ਾਂ ਕੂੜੇ ਦੇ ਢੇਰ ਵਾਂਗ ਇਕ ਦੂਜੇ ਉਪਰ ਸੁੱਟੀਆਂ ਜਾ ਰਹੀਆਂ ਸਨ, ਬਿਨਾਂ ਸਾਕ-ਸਬੰਧੀਆਂ ਦੇ ਸੋਗ ਮਨਾਉਣ ਦੇ, ਜਾਂ ਆਖਰੀ ਰਸਮਾਂ ਕਰਨ ਦੇ, ਬਿਨਾਂ ਕਿਸੇ ਆਦਰ-ਸਤਿਕਾਰ ਦੇ ... ਜਾਂ ਕਿਸੇ ਤਰ੍ਹਾਂ ਦੇ ਕਾਨੂੰਨੀ ਅਧਿਕਾਰ ਦੇ।

ਇਨ੍ਹਾਂ ਵਿਚੋਂ ਕਈ ਕਰਮਚਾਰੀ ਖ਼ੁਦ ਵੀ ਸ਼ਾਇਦ ਸਿੱਖ ਹੋਣ। ਆਖਿਰਕਾਰ, ਸੁਭਾਸ਼ ਕਿਰਪੇਕਰ ਦੇ ਅਨੁਸਾਰ ("**ਦਿ ਪੰਜਾਬ ਸਟੋਰੀ**" ਵਿਚ) ਇਨ੍ਹਾਂ ਵਿਚੋਂ ਕਈਆਂ ਨੂੰ ਲਾਸ਼ਾਂ ਹਟਾਉਣ ਲਈ ਰਿਸ਼ਵਤ ਦਿੱਤੀ ਗਈ, ਉਨ੍ਹਾਂ ਨੂੰ ਮੁਫ਼ਤ ਸ਼ਰਾਬ ਦਿੱਤੀ ਗਈ ਅਤੇ ਇਹ ਇਜਾਜ਼ਤ ਦਿੱਤੀ ਗਈ ਕਿ

ਜੋ ਵੀ ਕੀਮਤੀ ਸਮਾਨ ਉਨ੍ਹਾਂ ਨੂੰ ਮਿਲਦਾ ਹੈ, ਉਹ ਰੱਖ ਸਕਦੇ ਹਨ। ਕਈ ਸਦੀਆਂ ਤਕ, ਸਫ਼ਾਈ ਸੇਵਕਾਂ ਨੂੰ ਹਿੰਦੂ ਜਾਤੀ ਪ੍ਰਣਾਲੀ ਵਿਚ "ਨੀਵਿਆਂ ਨਾਲੋਂ ਵੀ ਨੀਵੇਂ" ਦੀ ਤਰ੍ਹਾਂ ਰਖਿਆ ਗਿਆ, ਪਰ ਉਹ ਮਨੁੱਖਤਾ ਅਤੇ ਕਾਨੂੰਨ ਤੋਂ ਅਣਜਾਣ ਨਹੀਂ ਹਨ।

ਸਿਵਲ ਪ੍ਰਸ਼ਾਸਨ ਦਾ ਇਕ ਸੀਨੀਅਰ ਅਧਿਕਾਰੀ ਜੋ 'ਓਪਰੇਸ਼ਨ ਬਲਿਊਸਟਾਰ' ਨਾਲ ਸਬੰਧਿਤ ਸੀ, ਨੇ ਦੱਸਿਆ ਕਿ ਡਾ. ਕੰਗ ਦੀ ਟੀਮ ਦੁਆਰਾ 673 ਪੋਸਟ-ਮਾਰਟਮ ਕੀਤੇ ਗਏ। ਸਫ਼ਾਈ ਸੇਵਕਾਂ ਨੂੰ ਪੋਸਟ-ਮਾਰਟਮ ਲਈ ਲਾਸ਼ਾਂ ਢੋਣ ਲਈ, 100 ਰੁਪਿਆ ਫ਼ੀ ਲਾਸ਼ ਦਿੱਤਾ ਗਿਆ। ਸਰਕਾਰ ਕੋਲ ਇਸ ਰਕਮ ਦੀਆਂ ਰਸੀਦਾਂ ਮੌਜੂਦ ਹਨ।

ਇਹ ਲਾਸ਼ਾਂ ਪਰਿਕਰਮਾ, ਸਰੋਵਰ ਦੇ ਆਲੇ-ਦੁਆਲੇ ਦੀ ਗੈਲਰੀ ਅਤੇ ਅਕਾਲ ਤਖ਼ਤ ਦੇ ਸਾਹਮਣੇ ਥੜ੍ਹੇ ਤੋਂ ਮਿਲੀਆਂ। ਇਸ ਵਿਚ ਉਨ੍ਹਾਂ ਨੇ ਉਹ ਲਾਸ਼ਾਂ ਸ਼ਾਮਲ ਨਹੀਂ ਕੀਤੀਆਂ ਜੋ ਹੋਰਨਾਂ ਥਾਵਾਂ ਤੋਂ ਮਿਲੀਆਂ ਸਨ, ਜਾਂ ਜਿਹੜੀਆਂ ਨਦੀਆਂ ਵਿਚ ਸੁੱਟ ਦਿੱਤੀਆਂ ਗਈਆਂ ਅਤੇ ਨਾ ਹੀ ਉਹ ਲਾਸ਼ਾਂ ਸ਼ਾਮਲ ਕੀਤੀਆਂ ਗਈਆਂ ਜਿਨ੍ਹਾਂ ਦਾ ਪੋਸਟ-ਮਾਰਟਮ ਨਹੀਂ ਕੀਤਾ ਗਿਆ ਅਤੇ ਇਕੱਠੀਆਂ ਕਰਕੇ ਸਸਕਾਰ ਕਰ ਦਿੱਤਾ ਗਿਆ। ਇਹ ਇਕ ਪ੍ਰਵਾਨਿਤ ਤੱਥ ਹੈ ਕਿ ਕਈ ਵਾਰ 25 ਤੋਂ 30 ਲਾਸ਼ਾਂ ਦਾ ਸਸਕਾਰ ਇਕੱਠੇ ਹੀ ਇਕੋ ਸਮੇਂ ਇਕੋ ਹੀ ਚਿਤਾ ਤੇ ਕਰ ਦਿੱਤਾ ਗਿਆ।

ਦਿੱਲੀ ਦੀ ਸਮਾਚਾਰ ਮੈਗਜ਼ੀਨ 'ਪ੍ਰੋਬ ਇੰਡੀਆ' ਦੱਸਦੀ ਹੈ ਕਿ, ਦਾਹ ਸਸਕਾਰ ਤੋਂ ਬਿਨਾਂ ਕੋਈ 1500 ਲਾਸ਼ਾਂ ਨਦੀਆਂ ਅਤੇ ਨਹਿਰਾਂ ਵਿਚ ਸੁੱਟੀਆਂ ਗਈਆਂ।

ਚੇਲਾਨੀ ਦੱਸਦਾ ਹੈ: "ਮੈਂ, ਹਰਿਮੰਦਰ ਸਾਹਿਬ ਵਿਚ ਹੋਈਆਂ ਮੌਤਾਂ ਦੀ ਗਿਣਤੀ ਜਾਣਨ ਲਈ, ਸ਼ਹਿਰ ਦੇ ਸ਼ਮਸ਼ਾਨ ਘਾਟ ਦੋ ਵਾਰੀ, 9 ਅਤੇ 11 ਜੂਨ ਨੂੰ ਗਿਆ। ਲਾਸ਼ਾਂ ਮਿਉਂਸਪਲ ਦੇ ਕੂੜਾ ਢੋਣ ਵਾਲੇ ਟਰੱਕਾਂ ਵਿਚ 6 ਜੂਨ ਤੋਂ ਲਗਾਤਾਰ ਲਿਆਂਦੀਆਂ ਜਾ ਰਹੀਆਂ ਸਨ। ਸ਼ਮਸ਼ਾਨ ਘਾਟ ਦੇ ਅਧਿਕਾਰੀ ਨੇ ਕਿਹਾ: "ਅਸੀਂ ਸਚਮੁਚ ਬਹੁਤ ਮਸਰੂਫ਼ ਹਾਂ, ਉਸ ਉਤੇ ਸਾਡੇ ਕੋਲ ਮੁਰਦਿਆਂ ਨੂੰ ਜਲਾਉਣ ਲਈ ਲੱਕੜਾਂ ਵੀ ਨਹੀਂ ਹਨ, ਇਸ ਲਈ ਅਸੀਂ 20 ਜਾਂ ਜ਼ਿਆਦਾ ਲਾਸ਼ਾਂ ਨੂੰ ਇਕੱਠੇ ਕਰਕੇ ਸਸਕਾਰ ਕਰ ਰਹੇ ਹਾਂ।" ਹਰਿਮੰਦਰ ਸਾਹਿਬ ਦੇ ਨੇੜੇ, ਮੈਂ ਇਕ ਕੂੜੇ ਵਾਲੀ ਗੱਡੀ ਜਿਸਦੇ ਬਾਹਰ ਅਜੇ ਵੀ ਮਲ ਲਗਿਆ ਹੋਇਆ ਸੀ, ਵਿਚ 50 ਦੇ ਕਰੀਬ ਲਾਸ਼ਾਂ ਵੇਖੀਆਂ। ਸਲੇਟੀ ਰੰਗ ਦੇ ਟਰੱਕ ਦੇ ਪਿਛਲੇ ਪਾਸਿਓਂ ਘੱਟੋ-ਘੱਟ ਦੋ ਮਰਦਾਨਾ ਲੱਤਾਂ ਬਾਹਰ ਲਟਕ ਰਹੀਆਂ ਸਨ; ਅਤੇ ਖੱਬੇ ਪਾਸਿਓਂ, ਬਿਨਾਂ ਪੱਗ ਵਾਲੇ ਸਿੱਖ ਦਾ ਲਟਕਦਾ ਸਿਰ ਨਜ਼ਰੀਂ ਪੈ ਰਿਹਾ ਸੀ। ਮੈਂ ਟਰੱਕ ਦੇ ਪਿਛਲੇ ਪਾਸਿਓਂ ਅੰਦਰ ਝਾਕ ਕੇ ਵੇਖਿਆ। ਮੈਨੂੰ ਘੱਟੋ-ਘੱਟ ਦੋ ਔਰਤਾਂ ਅਤੇ ਇਕ ਬੱਚੇ ਦੀਆਂ ਲਾਸ਼ਾਂ ਨਜ਼ਰ ਆਈਆਂ। ਉਸ ਰਾਤ ਮੇਰੇ ਲਈ ਸੌਣਾ ਬਹੁਤ ਮੁਸ਼ਕਲ ਸੀ, ਮੈਂ ਲਾਸ਼ਾਂ ਬਾਰੇ ਸੋਚਦਾ ਰਿਹਾ।"

("**ਐਨ ਆਈ ਵਿਟਨੈਸ ਅਕਾਊਂਟ**", ਸੈਮਿਊਦੀਨ, ਆਬਿਦਾ, ਵਿਚੋਂ ਲਿਆ ਗਿਆ)।

7 ਜੂਨ ਦੀ ਸਵੇਰ ਤਕ, ਕੁਝ ਕੁ ਲੁਕਵੀਂ ਥਾਂ ਤੋਂ ਫਾਇਰ ਕਰਨ ਵਾਲਿਆਂ ਨੂੰ ਛੱਡ ਕੇ ਬਾਕੀ ਸਾਰੇ ਬੰਦੇ ਜਿਨ੍ਹਾਂ ਨੇ ਤਿੰਨ ਦਿਨਾਂ ਤਕ ਫੌਜ ਦਾ ਡਟ ਕੇ ਮੁਕਾਬਲਾ ਕੀਤਾ, ਮਾਰੇ ਜਾ ਚੁੱਕੇ ਸਨ। ਦੁਪਹਿਰ ਤਕ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਜਿਸ ਵਿਚ ਬਹੁਤ ਦੁਰਲੱਭ ਅਤੇ ਮੁੱਲਵਾਨ ਦਸਤਾਵੇਜ਼ ਸਨ, ਨੂੰ ਅੱਗ ਲਗਾ ਦਿੱਤੀ ਗਈ। ਅਕਾਲ ਤਖ਼ਤ ਦੇ ਜੱਥੇਦਾਰ ਗਿਆਨੀ ਕਿਰਪਾਲ ਸਿੰਘ ਨੇ ਸੂਰਯਾ ਦੇ ਪੱਤਰ ਪ੍ਰੇਰਕ ਨੂੰ ਕਿਹਾ: "ਸਰਕਾਰ ਸਿੱਖ ਇਤਿਹਾਸ ਨੂੰ ਖ਼ਤਮ ਕਰਨਾ ਚਾਹੁੰਦੀ ਸੀ, ਨਹੀਂ ਤਾਂ ਸਿੱਖ ਲਾਇਬ੍ਰੇਰੀ ਵਿਚ ਅੱਗ ਲੱਗਣ ਬਾਰੇ ਕੀ ਕਿਹਾ ਜਾ ਸਕਦਾ ਹੈ? ਪੁਰਾਤਨ ਹੱਥ-ਲਿਖਤਾਂ ਨੂੰ ਫੌਜੀ ਕਾਰਵਾਈ ਤੋਂ ਦੋ ਦਿਨ ਬਾਅਦ ਅੱਗ ਲਗਾਈ ਗਈ।"

ਉਸ ਦਿਨ ਦੁਪਹਿਰ ਤਕ ਪ੍ਰਾਪੇਗੰਡਾ ਪੂਰੇ ਜ਼ੋਰਾਂ ਨਾਲ ਚਲ ਪਿਆ ਸੀ। ਦੂਰਦਰਸ਼ਨ ਦੇ ਕੈਮਰਿਆਂ ਨੇ ਗਿਆਨੀ ਕਿਰਪਾਲ ਸਿੰਘ, ਅਕਾਲ ਤਖ਼ਤ ਦੇ ਜੱਥੇਦਾਰ, ਨੂੰ "ਕੋਠਾ ਸਾਹਿਬ (ਅਕਾਲ ਤਖ਼ਤ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਥਾਨ) ਬਿਲਕੁਲ ਠੀਕ-ਠਾਕ ਹੈ" ਕਹਿੰਦੇ ਹੋਏ ਦਿਖਾਇਆ। ਉਸਦਾ ਇਸ ਪ੍ਰਸਾਰਣ ਬਾਰੇ ਇਹ ਕਹਿਣਾ ਹੈ ਕਿ ਉਸਦੀ ਬੇਟੀ ਨੂੰ ਉਨ੍ਹਾਂ ਨੇ ਕੈਮਰੇ ਦੇ ਨੇੜੇ ਹੀ ਬੰਦੂਕ ਦੀ ਨੋਕ ਤੇ ਰਖਿਆ ਹੋਇਆ ਸੀ। ਇਹੋ ਉਹ ਬੰਦਾ ਸੀ ਜਿਸ ਨਾਲ ਫੌਜ ਨੇ ਬਾਅਦ ਵਿਚ ਅਕਾਲ ਤਖ਼ਤ ਸੌਂਪਣ ਸਬੰਧੀ ਇਕਰਾਰਨਾਮਾ ਕੀਤਾ ਸੀ।

ਲੈਫ਼. ਜਨਰਲ ਬਰਾੜ ਹਰਿਮੰਦਰ ਸਾਹਿਬ ਦੇ ਨੇੜੇ ਰਹਿੰਦੇ ਹਿੰਦੂ ਵਪਾਰੀਆਂ ਦੇ, ਓਪਰੇਸ਼ਨ ਦੇ ਇਕਦਮ ਬਾਅਦ ਦੇ ਪ੍ਰਤੀਕਰਮ ਬਾਰੇ ਲਿਖਦਾ ਹੈ: "ਉਨ੍ਹਾਂ ਨੇ ਸੁੱਖ ਦਾ ਸਾਹ ਲਿਆ ਜਿਵੇਂ ਉਨ੍ਹਾਂ ਨੂੰ ਨਵਾਂ ਜੀਵਨ ਮਿਲਿਆ ਹੋਵੇ। ਕਿਉਂਕਿ ਉਹ ਬੰਦਾ ਜਿਸ ਤੋਂ ਉਹ ਡਰਦੇ ਸਨ ਅਤੇ ਜੋ ਇੰਨਾ ਤਾਕਤਵਰ ਸੀ ਕਿ ਜਿਸਨੂੰ ਚਾਹੇ ਜ਼ਿੰਦਗੀ ਅਤੇ ਮੌਤ ਦਾ ਹੁਕਮ ਦੇ ਸਕਦਾ ਸੀ, ਖੁਦ ਹੀ ਮਰ ਚੁੱਕਿਆ ਸੀ। ਮਸਲਾ ਇਕ ਗੰਭੀਰ ਫ਼ਿਰਕੂ ਰੁਖ ਅਖ਼ਤਿਆਰ ਕਰ ਗਿਆ ਜਦੋਂ ਇਕ ਫਿਰਕੇ ਦੇ ਲੋਕ ਸਾਡੀਆਂ ਟੁਕੜੀਆਂ ਨੂੰ ਮਠਿਆਈਆਂ ਦੇਣ ਲਈ ਘਰਾਂ ਤੋਂ ਬਾਹਰ ਨਿਕਲ ਆਏ ਅਤੇ ਗਰਮਾ ਗਰਮ ਰੋਟੀ ਖਵਾਉਣ ਲਈ ਜ਼ਿਦ ਕਰਨ ਲੱਗੇ। ਜਦੋਂ ਮੈਨੂੰ ਇਨ੍ਹਾਂ ਘਟਨਾਵਾਂ ਦਾ ਪਤਾ ਲੱਗਾ ਤਾਂ ਮੈਂ ਸਾਰੇ ਫੌਜੀਆਂ ਨੂੰ ਉਨ੍ਹਾਂ ਦੇ ਕਮਾਂਡਿੰਗ ਅਫ਼ਸਰਾਂ ਦੇ ਰਾਹੀਂ, ਕਿਸੇ ਵੀ ਤਰ੍ਹਾਂ ਦੀ ਖਾਤਿਰਦਾਰੀ ਨੂੰ ਸਵੀਕਾਰ ਨਾ ਕਰਨ ਅਤੇ ਅਜਿਹਾ ਕੋਈ ਵੀ ਕਦਮ ਨਾ ਚੁੱਕਣ ਦੀ ਸਖ਼ਤ ਹਦਾਇਤ ਕੀਤੀ ਜਿਸ ਨਾਲ ਕਿ ਫ਼ਿਰਕੂ ਪਾੜਾ ਪੈ ਜਾਵੇ। ਜਿਵੇਂ ਕਿਤੇ ਮਠਿਆਈਆਂ ਨੂੰ ਨਾਂਹ ਕਰਨ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਮਿਟਾਇਆ ਜਾ ਸਕਦਾ ਹੋਵੇ ! ਨਹੀਂ, ਬਰਾੜ ਅਤੇ ਉਸਦੇ ਫੌਜੀ ਤਾਂ, ਵੱਡੀ ਫੁੱਟ ਪਾਊ, ਜੋ ਦੂਰ ਦਿੱਲੀ ਵਿਚ ਬੈਠੀ ਸੀ, ਦੇ ਹੱਥਾਂ ਵਿਚ ਇਕ ਬਲੇਡ ਦੀ ਤਰ੍ਹਾਂ ਸਨ।

ਸ਼੍ਰੀਮਤੀ ਇੰਦਰਾ ਗਾਂਧੀ ਦੀ ਚਾਲ ਕੰਮ ਕਰ ਗਈ। ਸਾਰੇ ਉੱਤਰੀ ਭਾਰਤ ਵਿਚ ਇਹ ਚਾਲ ਅਸਰ ਕਰ ਗਈ। ਸ਼੍ਰੀਮਤੀ ਗਾਂਧੀ ਫਿਰ "ਦੁਰਗਾ" ਬਣ ਗਈ।

ਲੋਕਾਂ ਨੂੰ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਵੱਲ ਬੀਅਰ ਦੀਆਂ ਭਰੀਆਂ ਬਾਲਟੀਆਂ ਲਿਜਾਂਦੇ ਹੋਏ ਦੇਖਿਆ ਗਿਆ, ਜਿੱਥੇ ਉਹ ਫੌਜੀਆਂ ਨੂੰ ਖ਼ੁਸ਼ੀ ਨਾਲ ਮਗ ਭਰ ਭਰ ਕੇ ਪਿਆ ਰਹੇ ਸਨ। ਇਹ ਨਾ ਸਿਰਫ਼ ਆਮ ਲੋਕਾਂ ਦੀ ਸਗੋਂ ਫੌਜੀਆਂ ਦੇ ਦਿਮਾਗਾਂ ਦੀ ਹਾਲਤ ਦਾ ਨਮੂਨਾ ਹੈ।

ਆਖ਼ਰੀ ਵਾਰ ਹਰਿਮੰਦਰ ਸਾਹਿਬ ਤੇ ਫੌਜ ਵਲੋਂ ਬਲਿਊਸਟਾਰ ਤੋਂ ਪਹਿਲਾਂ ਹਮਲਾ 1762 ਈ. ਵਿਚ ਕੀਤਾ ਗਿਆ ਸੀ। ਇਹ ਹਮਲਾ ਭਾਰਤ ਤੋਂ ਧਨ ਅਤੇ ਹਿੰਦੂ ਔਰਤਾਂ ਨੂੰ ਲੁੱਟ ਕੇ ਅਫ਼ਗਾਨਿਸਤਾਨ ਲਿਜਾਣ ਲਈ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਤੇ ਕੀਤੇ ਹਮਲੇ ਦੇ ਬਦਲੇ ਵਜੋਂ ਕੀਤਾ ਗਿਆ ਸੀ। ਸਿੱਖਾਂ ਨੇ ਕੁਝ ਔਰਤਾਂ ਨੂੰ ਛੁਡਾਉਣ ਅਤੇ ਕੁਝ ਧਨ ਦੁਬਾਰਾ ਹਾਸਿਲ ਕਰਨ ਦੀ ਦਿਲੇਰੀ ਵਿਖਾਈ। ਅਹਿਮਦ ਸ਼ਾਹ ਨੇ ਬਾਅਦ ਵਿਚ ਸਿੱਖਾਂ ਵਿਰੁੱਧ ਮੁਹਿੰਮ ਛੇੜ ਦਿੱਤੀ ਅਤੇ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ ਅਤੇ ਪਵਿੱਤਰ ਸਰੋਵਰ ਨੂੰ ਕਤਲ ਕੀਤੇ ਗਏ ਸਿੱਖਾਂ ਦੀਆਂ ਲਾਸ਼ਾਂ ਨਾਲ ਭਰ ਦਿੱਤਾ। ਸਿੱਖਾਂ ਨੇ ਬਾਅਦ ਵਿਚ ਇਸਤੇ ਦੁਬਾਰਾ ਕਬਜ਼ਾ ਕਰ ਲਿਆ ਅਤੇ ਹਰਿਮੰਦਰ ਸਾਹਿਬ ਦੀ ਮੁੜ ਕੇ ਉਸਾਰੀ ਕੀਤੀ।

1984 ਵਿਚ ਇਹ ਮੁੜ ਦੁਹਰਾਇਆ ਗਿਆ: ਭਾਰਤੀ ਫੌਜ ਨੇ ਅਬਦਾਲੀ ਦੀ ਭੂਮਿਕਾ ਨਿਭਾਈ। ਦਰਬਾਰ ਸਾਹਿਬ ਤੇ ਕਬਜ਼ਾ ਕਰਨ ਮਗਰੋਂ, ਇਸ ਨੇ ਮੁੜ ਕੇ ਇਸਦਾ ਕਬਜ਼ਾ ਬਿਨਾਂ ਸ਼ਰਤ ਐਸ.ਜੀ.ਪੀ.ਸੀ. ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਸਿੱਖਾਂ ਵਿਚ ਵਿਚਾਰਕ ਮਤਭੇਦ ਸੀ। ਉਨ੍ਹਾਂ ਵਿਚ ਬਹੁਤੇ ਇਸਦੀ ਬਿਨਾਂ ਸ਼ਰਤ ਵਾਪਸੀ ਚਾਹੁੰਦੇ ਸਨ ਅਤੇ ਇਸਦੀ ਵਾਪਸੀ ਵਿਚ ਹੋ ਰਹੀ ਦੇਰੀ ਸਿੱਖ ਭਾਈਚਾਰੇ ਵਿਚ ਏਕੇ ਦਾ ਕਾਰਣ ਬਣ ਰਹੀ ਸੀ। ਫੌਜ ਨੇ ਇਸ ਨੂੰ ਮਹਿਸੂਸ ਕੀਤਾ ਅਤੇ ਐਸ.ਜੀ.ਪੀ.ਸੀ. ਨਾਲ ਇਕ ਸੰਧੀ ਕਰਨ ਦੀ ਕੋਸ਼ਿਸ਼ ਕੀਤੀ। ਐਸ.ਜੀ.ਪੀ.ਸੀ. ਦੁਆਰਾ ਨਾਮਜ਼ਦ ਕੀਤੇ ਗਏ ਜੱਥੇਦਾਰ, ਫੌਜ ਦੇ ਜਨਰਲਾਂ ਨੂੰ ਮਿਲੇ ਅਤੇ ਜੱਥੇਦਾਰਾਂ ਨੇ ਸ਼ਰਤਾਂ ਮੰਨ ਲਈਆਂ। ਇਹ ਸ਼ਰਤਾਂ ਇਸ ਤਰ੍ਹਾਂ ਸਨ:

(1) ਕੰਪਲੈਕਸ ਦੀ ਸੜਕ ਜਿਹੜੀ ਰਾਮਦਾਸ ਸਰਾਂ ਨੂੰ ਹਰਿਮੰਦਰ ਸਾਹਿਬ ਤੋਂ ਵੱਖਰਾ ਕਰਦੀ ਹੈ, ਨੂੰ ਲੋਕਾਂ ਦੀ ਆਵਾਜਾਈ ਲਈ ਖੋਲ੍ਹਿਆ ਜਾਵੇ।

(2) ਇਸ ਸੜਕ ਦੇ ਦੋਵੇਂ ਪਾਸੇ ਸੈਨਿਕ ਟੁਕੜੀਆਂ ਨਿਯੁਕਤ ਕੀਤੀਆਂ ਜਾਣਗੀਆਂ।

(3) ਕੰਪਲੈਕਸ ਅੰਦਰ ਬਾਰੂਦ ਵਾਲੇ ਹਥਿਆਰ ਨਹੀਂ ਜਾਣਗੇ।

(4) ਪੁਲਿਸ ਨੂੰ ਕੰਪਲੈਕਸ ਦੀ ਛਾਣਬੀਣ ਕਰਨ ਦੀ ਖੁਲ੍ਹ ਹੋਵੇਗੀ।

(5) ਇਕ ਗੁਪਤ ਸ਼ਰਤ ਇਹ ਸੀ ਕਿ ਐਸ.ਜੀ.ਪੀ.ਸੀ. ਸਰਕਾਰੀ ਵਾਈਟ ਪੇਪਰ ਨੂੰ ਚੈਲੰਜ ਨਹੀਂ ਕਰੇਗੀ ਅਤੇ ਹਰਿਮੰਦਰ ਸਾਹਿਬ ਅਤੇ ਹੋਰ

ਗੁਰਦਵਾਰਿਆਂ ਤੇ ਲੜਾਈ ਦੇ ਨਿਸ਼ਾਨਾਂ ਨੂੰ ਮਿਟਾ ਦੇਵੇਗੀ।

ਐਸ.ਜੀ.ਪੀ.ਸੀ. ਦੇ ਪ੍ਰਧਾਨ ਜੀ.ਐਸ. ਟੌਹੜਾ ਨੇ ਵਫਾਦਾਰੀ ਨਾਲ ਇਨ੍ਹਾਂ ਸ਼ਰਤਾਂ ਨੂੰ ਲਾਗੂ ਕੀਤਾ ਅਤੇ ਸਰਕਾਰ ਨਾਲ, ਭਾਈਚਾਰੇ ਵਲੋਂ ਬਾਰ-ਬਾਰ ਮੰਗ ਕਰਨ ਦੇ ਬਾਵਜੂਦ, ਕੀਤੇ ਵਾਅਦੇ ਤੇ ਪੱਕਾ ਰਿਹਾ ਅਤੇ 1984 ਦੀਆਂ ਘਟਨਾਵਾਂ ਤੇ ਨਿਰਪੱਖ ਵਾਈਟ ਪੇਪਰ ਜਾਰੀ ਕਰਨ ਵਿਚ ਰੋੜੇ ਅਟਕਾਏ। ਬਾਰਾਂ ਸਾਲ ਬਾਅਦ, ਬਹੁਤ ਦਬਾਅ ਦੇ ਅਧੀਨ, ਇਕ ਸਿੱਖ ਇਤਿਹਾਸਕਾਰ ਕੋਲੋਂ ਇਸ ਬਾਰੇ ਇਕ ਕਿਤਾਬ ਲਿਖਵਾਉਣ ਲਈ ਮੰਨਿਆ। ਉਹ ਜਨਤਕ ਖਪਤ ਲਈ ਸੀ। ਅਸਲ ਵਿਚ ਉਸਨੇ ਇਤਿਹਾਸਕਾਰ ਨੂੰ "ਸਿੱਖਾਂ ਦੀਆਂ ਸਮੱਸਿਆਵਾਂ ਉੱਪਰ ਵਾਈਟ ਪੇਪਰ" ਜਾਰੀ ਕਰਨ ਲਈ ਨਿਯੁਕਤ ਕੀਤਾ ਸੀ। ਇਸ ਨਾਲ ਸੁਭਾਵਕ ਤੌਰ ਤੇ "ਓਪਰੇਸ਼ਨ ਬਲਿਊਸਟਾਰ" ਤੋਂ ਧਿਆਨ ਘੱਟ ਗਿਆ। ਇਹ ਬੜੀ ਅਚੰਭੇ ਵਾਲੀ ਗੱਲ ਹੈ ਕਿ ਜਿੱਥੇ ਹਜ਼ਾਰਾਂ ਲੋਕ ਮਰ ਗਏ, 74 ਗੁਰਦਵਾਰਿਆਂ ਤੇ ਹਮਲਾ ਹੋਇਆ, ਕਈ ਹਜ਼ਾਰ ਕਰੋੜ ਰੁਪਏ ਦੀ ਸੰਪਤੀ ਬਰਬਾਦ ਹੋ ਗਈ, ਐਸ.ਜੀ.ਪੀ.ਸੀ. ਇਕ ਪ੍ਰੋਫੈਸਰ ਲਈ ਉਸਦੀ 500 ਸਾਲਾਂ ਦੇ ਸਮੇਂ ਦੀ ਖੋਜ ਕਰਨ ਲਈ ਸਿਰਫ 40,000 ਰੁਪਏ ਹੀ ਕੱਢ ਸਕੀ। "ਓਪਰੇਸ਼ਨ ਬਲਿਊਸਟਾਰ" ਤੋਂ ਧਿਆਨ ਹਟਾਉਣ ਦੀ ਸਪਸ਼ਟ ਕੋਸ਼ਿਸ਼ ਸੀ। ਪ੍ਰੋਫੈਸਰ ਜੀ.ਐਸ. ਢਿੱਲੋਂ ਨੇ ਰੁਪਏ ਮੋੜ ਦਿੱਤੇ।

ਕਾਨੂੰਨ ਦੇ ਮੁਤਾਬਿਕ, ਸਾਰੀਆਂ ਹਿੰਸਾਤਮਕ ਜਾਂ ਗੈਰ-ਕਾਨੂੰਨੀ ਘਟਨਾਵਾਂ ਜਾਂ ਦੁਰਘਟਨਾਵਾਂ ਦੀ ਖ਼ਬਰ ਨੇੜੇ ਦੇ ਪੁਲਿਸ ਸਟੇਸ਼ਨ ਵਿਚ ਦੇਣੀ ਜ਼ਰੂਰੀ ਹੁੰਦੀ ਹੈ, ਤਾਂ ਜੋ ਉਸਦੀ ਸਹੀ ਜਾਂਚ-ਪੜਤਾਲ ਸੰਭਵ ਹੋ ਸਕੇ। ਫੌਜ ਨੂੰ ਇਸਦੀ ਐਫ.ਆਈ.ਆਰ. ਪੁਲਿਸ ਕੋਲ ਦਰਜ ਕਰਵਾਉਣੀ ਚਾਹੀਦੀ ਸੀ। ਸ਼ੁਰੂ ਵਿਚ ਸਰਕਾਰ ਨੇ ਪੰਜਾਬ ਪੁਲਿਸ ਕੋਲ ਐਫ.ਆਈ.ਆਰ. ਦਰਜ ਕਰਵਾਉਣੀ ਸੀ, ਫਿਰ ਪੰਜਾਬ ਪੁਲਿਸ ਨੂੰ ਕਿਹਾ ਗਿਆ ਕਿ "ਇਹ ਕੰਮ ਤੁਹਾਡੇ ਲਈ ਬਹੁਤ ਵੱਡਾ ਹੈ" ਅਤੇ ਸੈਂਟਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਕੋਲ ਐਫ.ਆਈ.ਆਰ. ਦਰਜ ਕਰਵਾਈ ਗਈ।

ਕਾਰਣ ਸਪਸ਼ਟ ਹੈ: ਗ੍ਰਹਿ ਮੰਤਰਾਲੇ ਨੇ ਪੰਜਾਬ ਪੁਲਿਸ ਨੂੰ "ਨਾ-ਭਰੋਸੇਯੋਗ" ਮੰਨਦੇ ਹੋਏ ਇਸ ਦੁਆਰਾ ਐਫ.ਆਈ.ਆਰ. ਦਰਜ ਕਰਨਾ ਖਤਰੇ ਭਰਿਆ ਸਮਝਿਆ ਕਿਉਂਕਿ ਉਹ ਜਾਂਚ-ਪੜਤਾਲ ਕਰੇਗੀ ਅਤੇ ਰਿਪੋਰਟ ਸ਼ਾਇਦ ਸਰਕਾਰ ਦੇ ਅਨੁਕੂਲ ਨਾ ਹੋਵੇ।

ਓਪਰੇਸ਼ਨ ਤੋਂ 2 ਮਹੀਨੇ ਬਾਅਦ 10 ਅਗਸਤ, 1984 ਨੂੰ, ਪੰਜਾਬ ਪੁਲਿਸ ਨੇ ਲੰਬੇ ਸਮੇਂ ਤੋਂ ਲਟਕੀ ਹੋਈ ਰਿਪੋਰਟ ਨੂੰ ਬਿਨਾਂ ਕੁਝ ਕਹੇ ਸੁਣੇ ਮੰਨ ਲਿਆ। ਓਪਰੇਸ਼ਨ ਅਤੇ ਐਫ.ਆਈ.ਆਰ. ਦਰਜ ਕਰਨ ਦੇ ਵਿਚਾਲੇ ਦੇ 65 ਦਿਨ ਹਜ਼ਾਰਾਂ ਲੋਕਾਂ ਨੂੰ ਗੈਰ-ਕਾਨੂੰਨੀ ਤੌਰ ਤੇ ਹਿਰਾਸਤ ਵਿਚ ਲਿਆ ਗਿਆ। ਉਨ੍ਹਾਂ ਦੇ ਵਿਰੁੱਧ ਕੋਈ ਦੋਸ਼ ਨਹੀਂ ਬਣਿਆ, ਉਨ੍ਹਾਂ ਨੂੰ ਫੜ ਕੇ ਰੱਖਣ ਦਾ ਕੋਈ ਕਾਰਣ ਨਹੀਂ ਸੀ, ਕਿਸੇ ਮੈਜਿਸਟਰੇਟ ਨੇ ਉਨ੍ਹਾਂ ਵੱਲ ਧਿਆਨ ਨਾ ਦਿੱਤਾ। ਉਹ

ਤਾਂ ਸਿਰਫ ਬੰਧਕ (ਹੋਸਟੇਜਿਜ਼) ਸਨ।

ਅਗਸਤ ਵਿਚ, ਉਨ੍ਹਾਂ ਤੇ ਆਈ.ਪੀ.ਸੀ. ਦੀ ਧਾਰਾ 107 ਅਤੇ 151 ਦੇ ਤਹਿਤ (ਅਮਨ ਭੰਗ ਕਰਨ) ਦਾ ਦੋਸ਼ ਲਗਾਇਆ ਗਿਆ ਅਤੇ ਇਕ ਮੈਜਿਸਟਰੇਟ ਕੋਲੋਂ ਰਿਮਾਂਡ ਲਿਆ ਗਿਆ।

ਅਕਾਲ ਤਖ਼ਤ ਦੀ ਤੋੜ ਭੰਨ ਨੇ ਇਕ ਸਮੱਸਿਆ ਖੜ੍ਹੀ ਕਰ ਦਿੱਤੀ। ਸਰਕਾਰ ਇਸਨੂੰ ਖੁਦ ਬਣਾਉਣਾ ਚਾਹੁੰਦੀ ਸੀ ਤਾਂ ਜੋ ਬਾਅਦ ਵਿਚ ਉਹ ਇਸ ਉੱਪਰ ਕੁਝ ਨਿਯੰਤ੍ਰਣ ਰੱਖ ਸਕੇ। ਬਹੁਤ ਜ਼ਿਆਦਾ ਫੌਜੀ ਦਬਾਅ ਦੇ ਬਾਵਜੂਦ, ਸਿੱਖ ਭਾਈਚਾਰਾ ਇਸ ਗੱਲ ਲਈ ਨਾ ਮੰਨਿਆ। ਹਰਿਮੰਦਰ ਸਾਹਿਬ ਸਦੀਆਂ ਪਹਿਲਾਂ ਸ਼ਰਧਾਲੂਆਂ ਦੀ ਸ਼ਰਧਾ ਨਾਲ ਬਣਿਆ ਸੀ ਅਤੇ ਸਿੱਖ ਇਸਨੂੰ ਦੁਬਾਰਾ ਵੀ ਸ਼ਰਧਾਲੂਆਂ ਦੁਆਰਾ ਹੀ ਬਣਾਇਆ ਜਾਣਾ ਸਵੀਕਾਰ ਕਰਨਗੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਇਕ ਵਾਰ ਅਕਾਲ ਤਖ਼ਤ ਨੂੰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ ਅਤੇ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਇਹ ਕਹਿੰਦੇ ਹੋਏ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ ਕਿ ਸਿੱਖ ਤੇ ਸਿਰਫ ਸਿੱਖ ਹੀ ਇਸਨੂੰ ਬਣਾਉਣਗੇ।

ਜਦੋਂ ਸਰਕਾਰ ਅੜ ਗਈ ਅਤੇ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਦਾ ਭਾਰ ਬੁੱਢਾ ਅਕਾਲੀ ਦਲ ਦੇ ਮੁਖੀ ਸੰਤਾ ਸਿੰਘ (ਗਿਆਨੀ ਜ਼ੈਲ ਸਿੰਘ ਅਤੇ ਬੂਟਾ ਸਿੰਘ ਦਾ ਨੇੜਲਾ ਅਤੇ ਭਰੋਸੇਯੋਗ ਸਾਥੀ) ਨੂੰ ਸੌਂਪਿਆ, ਤਾਂ ਅਖੀਰਲੇ ਮਹਾਰਾਜਾ ਪਟਿਆਲਾ ਦੇ ਬੇਟੇ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਾਂ ਦੀ ਭਾਵਨਾ ਨੂੰ ਪ੍ਰਗਟਾਉਂਦਿਆਂ ਕਿਹਾ ਕਿ "ਜੇ ਕੋਈ ਹੋਰ ਇਸ ਨੂੰ ਨਹੀਂ ਗਿਰਾਏਗਾ ਤਾਂ ਮੈਂ ਇਸ ਨੂੰ ਗਿਰਾ ਦੇਵਾਂਗਾ...।"

## ਕਿੰਨੇ ਮਰੇ?

ਹਰਿਮੰਦਰ ਸਾਹਿਬ ਤੇ ਹੋਇਆ ਹਮਲਾ, 1919 ਦੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨਾਲ ਮੇਲ ਖਾਂਦਾ ਹੈ। ਉਸ ਬਦਨਾਮ ਸਾਕੇ ਵਿਚ ਹਜ਼ਾਰਾਂ ਲੋਕ ਉੱਚੀਆਂ ਉੱਚੀਆਂ ਕੰਧਾਂ ਨਾਲ ਘਿਰੇ ਇੱਕੋ ਇੱਕ ਰਾਹ ਵਾਲੇ ਮੈਦਾਨ ਵਿਚ ਇਕੱਠੇ ਹੋਏ ਹੋਏ ਸਨ। ਫੌਜ ਨੇ ਦਰਵਾਜ਼ੇ ਵਿਚ ਪੁਜ਼ੀਸ਼ਨ ਲੈ ਲਈ ਅਤੇ ਲੋਕਾਂ ਉੱਤੇ ਗੋਲੀ ਚਲਾ ਦਿੱਤੀ। ਹਰਿਮੰਦਰ ਸਾਹਿਬ ਨੂੰ ਵੀ ਉਸੇ ਤਰ੍ਹਾਂ ਬੰਦ ਕਰ ਦਿੱਤਾ ਗਿਆ ਸੀ ਅਤੇ ਗੋਲੀਬਾਰੀ ਨਾਲ ਹਜ਼ਾਰਾਂ ਲੋਕ ਮਰ ਗਏ।

ਫਿਰ ਵੀ, ਇਕ ਮਹੱਤਵਪੂਰਣ ਫਰਕ ਹੈ। ਸਾਨੂੰ ਪਤਾ ਹੈ ਕਿ ਜਲ੍ਹਿਆਂਵਾਲੇ ਬਾਗ ਵਿਚ ਕਿੰਨੇ ਲੋਕ ਮਰੇ: ਸਾਕੇ ਤੋਂ ਬਾਅਦ, ਬ੍ਰਿਟਿਸ਼ ਸਰਕਾਰ ਨੇ ਲਾਸ਼ਾਂ ਦੀ ਪਛਾਣ ਕੀਤੀ, ਉਨ੍ਹਾਂ ਨੂੰ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸੌਂਪਿਆ ਅਤੇ ਮੁਆਵਜ਼ੇ ਵੱਜੋਂ 2000 ਰੁਪਏ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਦਿੱਤੇ। ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਉਨ੍ਹਾਂ ਦੇ ਇਲਾਜ ਲਈ 500/- ਰੁਪਏ ਦਿੱਤੇ ਗਏ। ਜਨਰਲ ਡਾਇਰ ਨੇ ਸੰਬੰਧੀਆਂ ਨੂੰ ਲਾਸ਼ਾਂ ਲਿਜਾਣ ਦੀ ਆਗਿਆ ਦੇ ਦਿੱਤੀ। ਬ੍ਰਿਟਿਸ਼ ਸਰਕਾਰ ਵਲੋਂ ਜਨਰਲ ਨੂੰ ਵਾਪਸ ਬੁਲਾ ਲਿਆ ਗਿਆ

ਸੀ। ਉਹ ਬ੍ਰਿਟਿਸ਼ ਸੀ।

ਆਜ਼ਾਦ ਭਾਰਤ ਦੀ ਸਰਕਾਰ ਨੇ ਮ੍ਰਿਤਕਾਂ ਦੀਆਂ ਆਖਰੀ ਰਸਮਾਂ ਪੂਰੀਆਂ ਕਰਨ ਦੀ ਆਗਿਆ ਨਾ ਦਿੱਤੀ। ਜੋ ਓਪਰੇਸ਼ਨ ਵਿਚ ਮਾਰੇ ਗਏ ਜਾਂ ਗੁੰਮ ਹੋ ਗਏ, ਉਨ੍ਹਾਂ ਦੇ ਨਾਂ ਰਿਕਾਰਡ ਕਰਨ ਲਈ ਸਰਕਾਰ ਨੇ ਕੋਈ ਯਤਨ ਨਾ ਕੀਤਾ। ਆਖਿਰ ਵਿਚ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਜੋ ਗਿਣਤੀ ਛਪੀ ਉਹ ਬਹੁਤ ਘੱਟ ਦਿਖਾਈ ਗਈ ਸੀ ... ਸਿਰਫ 492 ਆਮ ਲੋਕ ਮਾਰੇ ਗਏ ਜਦੋਂ ਕਿ ਓਪਰੇਸ਼ਨ ਦੇ ਸਮੇਂ ਹਜ਼ਾਰਾਂ ਲੋਕ ਹਰਿਮੰਦਰ ਸਾਹਿਬ ਵਿਚ ਫਸੇ ਹੋਏ ਸਨ।

ਓਪਰੇਸ਼ਨ ਬਲਿਊਸਟਾਰ ਵਿਚ ਕਿੰਨੇ ਲੋਕ ਮਰੇ? ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸਦੇ ਅੰਕੜਿਆਂ ਨੂੰ ਮੰਨ ਰਹੇ ਹੋ।

ਸਰਕਾਰ ਦਾ ਵਾਈਟ ਪੇਪਰ ਜੋ ਜੁਲਾਈ 1984 ਵਿਚ ਜਾਰੀ ਹੋਇਆ ਸੀ, ਹਰਿਮੰਦਰ ਸਾਹਿਬ ਵਿਚ ਫੌਜੀਆਂ ਦੀਆਂ ਮੌਤਾਂ ਦੀ ਗਿਣਤੀ 83 ਅਤੇ ਆਮ ਲੋਕਾਂ ਦੀਆਂ ਮੌਤਾਂ ਦੀ ਗਿਣਤੀ 492 ਦੱਸਦਾ ਹੈ। 86 ਆਮ ਲੋਕਾਂ ਦੇ ਅਤੇ 249 ਫੌਜੀਆਂ ਦੇ ਜ਼ਖ਼ਮੀ ਹੋਣ ਬਾਰੇ ਦੱਸਿਆ ਗਿਆ ਹੈ। ਐਸੋਸਿਏਟਿਡ ਪ੍ਰੈਸ ਦੇ ਪੱਤਰ ਪ੍ਰੇਰਕ ਬ੍ਰਾਹਮ ਚੇਲਾਨੀ ਦੇ ਅੰਕੜੇ ਫੌਜੀਆਂ ਦੀਆਂ ਮੌਤਾਂ ਦੀ ਗਿਣਤੀ 200 ਦੱਸਦੇ ਹਨ। ਉਸੇ ਸਾਲ ਸਤੰਬਰ ਵਿਚ, ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 'ਓਪਰੇਸ਼ਨ ਬਲਿਊਸਟਾਰ' ਵਿਚ 700 ਫੌਜੀਆਂ ਦੀਆਂ ਜਾਨਾਂ ਗਈਆਂ (ਕੁਲਦੀਪ ਨਈਅਰ ਅਤੇ ਖੁਸ਼ਵੰਤ ਸਿੰਘ ਦੀ ਲਿਖੀ "**ਦਿ ਟਰੈਜਿਡੀ ਆਫ਼ ਪੰਜਾਬ**" ਵਿਚ ਦਰਜ ਹੈ।) ਭਾਰਤ ਦੀਆਂ ਚਾਰ ਜੰਗਾਂ ਜੋ ਕਿ 1948, 1962, 1965 ਅਤੇ 1971 ਵਿਚ ਹੋਈਆਂ, ਦੇ ਲਈ ਕੁਲ ਮਿਲਾ ਕੇ ਦਿੱਤੇ ਗਏ ਅਵਾਰਡਾਂ ਦੇ ਨਾਲੋਂ ਓਪਰੇਸ਼ਨ ਬਲਿਊਸਟਾਰ ਦੇ ਲਈ ਵਧੇਰੇ ਅਵਾਰਡ ਦਿੱਤੇ ਗਏ। ਇਹ ਏਅਰ ਮਾਰਸ਼ਲ ਮਲਹੋਤਰਾ ਦੀ ਪੁਸਤਕ ਵਿਚ ਦੱਸਿਆ ਗਿਆ ਹੈ।

ਵੇਦ ਮਰਵਾਹਾ ਨੇ ਆਪਣੀ ਕਿਤਾਬ '**ਅਨਸਿਵਿਲ ਵਾਰਜ਼**' ਵਿਚ ਮਰਹੂਮ ਪ੍ਰਧਾਨ ਮੰਤਰੀ ਦੇ ਅੰਕੜਿਆਂ ਵਿਚ ਇਜਾਫ਼ਾ ਕੀਤਾ, ਜਦੋਂ ਉਸਨੇ ਲਿਖਿਆ: ਪਰੰਤੂ ਡਿਵੀਜ਼ਨ-ਪੱਧਰ ਦੇ ਓਪਰੇਸ਼ਨ ਵਿਚ 35 ਪ੍ਰਤੀਸ਼ਤ ਮੌਤਾਂ ਹੋਣ ਤੇ ਉਸ ਨੂੰ ਚੰਗੀ ਤਰ੍ਹਾਂ ਯੋਜਨਾਬੱਧ ਅਤੇ ਚੰਗੀ ਤਰ੍ਹਾਂ ਨੇਪਰੇ ਚੜ੍ਹਾਇਆ ਗਿਆ ਨਹੀਂ ਕਹਿ ਸਕਦੇ (ਇਕ ਡਿਵੀਜ਼ਨ ਵਿਚ 16000 ਫੌਜੀ ਹੁੰਦੇ ਹਨ)। ਆਮ ਲੋਕਾਂ ਦੀ ਮੌਤ ਬਾਰੇ, ਮਰਵਾਹਾ ਨੇ 4,712 ਦੇ ਅੰਕੜੇ ਦਿੱਤੇ ਹਨ, ਇਹ ਕਹਿੰਦੇ ਹੋਏ "10,000 ਲੋਕ ਓਪਰੇਸ਼ਨ ਬਲਿਊਸਟਾਰ ਵਿਚ ਗ੍ਰਿਫਤਾਰ ਕੀਤੇ ਗਏ", ਉਨ੍ਹਾਂ ਵਿਚੋਂ ਬਹੁਤੇ ਹਰਿਮੰਦਰ ਸਾਹਿਬ ਤੋਂ ਸਨ।

ਦਿਲਚਸਪ ਗੱਲ ਇਹ ਹੈ ਕਿ ਵੇਦ ਮਰਵਾਹਾ ਨੇ ਆਪਣੇ ਅੰਕੜਿਆਂ ਦਾ ਸ੍ਰੋਤ ਸਰਕਾਰੀ ਵਾਈਟ ਪੇਪਰ ਨੂੰ ਦੱਸਿਆ - ਇਸ ਓਪਰੇਸ਼ਨ ਦੇ ਦੌਰਾਨ 4712 ਆਦਮੀ ਮਾਰੇ ਗਏ ਅਤੇ 10,000 ਨੂੰ ਗ੍ਰਿਫਤਾਰ ਕੀਤਾ ਗਿਆ "। ਕੀ

ਤੁਸੀਂ ਬੌਖਲਾ ਗਏ ਹੋ? ਕੁਝ ਸਤਰਾਂ ਪਹਿਲਾਂ ਤੁਸੀਂ ਪੜ੍ਹਿਆ ਕਿ " 492 ਆਮ ਲੋਕ ਅਤੇ 83 ਫੌਜੀ ਮਾਰੇ ਗਏ" -- ਇਹ ਵੀ ਸਰਕਾਰੀ ਵਾਈਟ ਪੇਪਰ ਹੀ ਦੱਸ ਰਿਹਾ ਸੀ। ਜਿਸ ਵਾਈਟ ਪੇਪਰ ਵਿਚੋਂ ਮੈਂ ਹਵਾਲਾ ਦਿੱਤਾ ਹੈ, ਉਹ ਲਾਇਬ੍ਰੇਰੀਆਂ ਵਿਚ ਉਪਲਬਧ ਹੈ, ਕੋਈ ਵੀ ਜਾ ਕੇ ਖੁਦ ਇਨ੍ਹਾਂ ਅੰਕੜਿਆਂ ਨੂੰ ਦੇਖ ਸਕਦਾ ਹੈ। ਅਤੇ ਵੇਦ ਮਰਵਾਹਾ ਇਸ ਤਰ੍ਹਾਂ ਦਾ ਆਦਮੀ ਨਹੀਂ ਹੈ ਕਿ ਉਹ ਆਪਣੇ ਦਿਮਾਗ ਤੋਂ ਹੀ ਇਹ ਅੰਕੜੇ ਬਣਾ ਦੇਵੇ। ਕੀ ਦੋ ਵਾਈਟ ਪੇਪਰ ਹਨ ... ਇਕ ਆਮ ਲੋਕਾਂ ਲਈ ਅਤੇ ਇਕ ਖਾਸ ਪ੍ਰਸਾਰ ਲਈ?

ਸੁਭਾਸ਼ ਕਿਰਪੇਕਰ '**ਓਪਰੇਸ਼ਨ ਬਲਿਊਸਟਾਰ**' ਵਿਚ ਲਿਖਦਾ ਹੈ: {ਮੈਨੂੰ ਅਕਸਰ ਪੁੱਛਿਆ ਜਾਂਦਾ ਹੈ ਕਿ ਅੰਮ੍ਰਿਤਸਰ ਵਿਚ ਓਪਰੇਸ਼ਨ ਬਲਿਊਸਟਾਰ ਵਿਚ ਕਿੰਨੇ ਲੋਕ ਮਰੇ}.... ਇਸਦਾ ਉੱਤਰ ਦੇਣਾ ਆਸਾਨ ਨਹੀਂ ਹੈ ਪਰ ਅੰਮ੍ਰਿਤਸਰ ਮਿਉਂਸਪਲ ਕਮੇਟੀ ਦੀਆਂ ਕੂੜਾ ਢੋਣ ਵਾਲੀਆਂ ਗੱਡੀਆਂ ਜੋ ਲਾਸ਼ਾਂ ਢੋ ਰਹੀਆਂ ਸਨ, ਦੀ ਆਵਾਜਾਈ ਤੋਂ ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਮੌਤਾਂ ਦੀ ਗਿਣਤੀ ਸਰਕਾਰੀ ਤੌਰ ਤੇ ਦੱਸੀ ਜਾਂਦੀ ਗਿਣਤੀ ਨਾਲੋਂ ਕਿਤੇ ਵੱਧ ਹੈ। ਅੰਮ੍ਰਿਤਸਰ ਵਿਚ ਫੈਲੀ ਅਫਵਾਹ ਦੇ ਅਨੁਸਾਰ ਮੌਤਾਂ ਦੀ ਗਿਣਤੀ 2000 ... ਤੋਂ ਉਪਰ ਹੈ .... ਪਰ ਮੇਰੇ ਕੋਲ ਇਸ ਨੂੰ ਸਿੱਧ ਕਰਨ ਦਾ ਕੋਈ ਢੰਗ ਨਹੀਂ ਹੈ, ਕਿਉਂਕਿ ਬਹੁਤੇ ਦਾਹ ਸਸਕਾਰ ਕਰਫਿਊ ਦੌਰਾਨ ਕੀਤੇ ਗਏ।

ਕਿਰਪੇਕਰ ਅੱਗੇ ਕਹਿੰਦਾ ਹੈ ਕਿ ਅੰਮ੍ਰਿਤਸਰ ਵਿਚ ਬਹੁਤ ਲੋਕ ਆਪਣੇ ਘਰਾਂ ਤੋਂ ਗੁੰਮ ਹੋਏ ਦੱਸੇ ਗਏ ਅਤੇ 26 ਸਾਲਾ ਰਮਨ ਇੰਦਰ, ਜੋ ਕਿ ਸਟੇਟ ਫੈਮਲੀ ਪਲੈਨਿੰਗ ਵਿਭਾਗ ਵਿਚ ਕਰਮਚਾਰੀ ਸੀ, ਦੇ ਕੇਸ ਬਾਰੇ ਦੱਸਦਾ ਹੈ। ਇਸ ਨੌਜਵਾਨ ਨੂੰ ਆਖਰੀ ਵਾਰ 25 ਜੂਨ, 1984 ਨੂੰ ਵੇਖਿਆ ਗਿਆ। ਉਸਦਾ ਸਕੂਟਰ ਸ਼ਹਿਰ ਦੇ ਬਾਹਰਵਾਰ ਪਾਇਆ ਗਿਆ, ਪਰ ਇਸ ਤੋਂ ਵੱਧ ਹੋਰ ਕੁਝ ਵੀ ਪਤਾ ਨਹੀਂ ਲਗਾਇਆ ਜਾ ਸਕਿਆ।

ਫੌਜ ਨੇ ਆਪਣੀਆਂ ਮੌਤਾਂ ਦੀ ਸਹੀ ਗਿਣਤੀ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਜ਼ਖ਼ਮੀਆਂ ਨੂੰ ਸਾਰੇ ਭਾਰਤ ਦੇ ਹਸਪਤਾਲਾਂ ਵਿਚ ਭੇਜਿਆ ਗਿਆ ਅਤੇ ਰਿਕਾਰਡ ਵਿਚ ਉਨ੍ਹਾਂ ਨੂੰ ਲੱਦਾਖ ਵਿਚ ਜ਼ਖ਼ਮੀ ਹੋਏ ਦਿਖਾਇਆ ਗਿਆ।

ਕਿਉਂਕਿ ਓਪਰੇਸ਼ਨ ਬਲਿਊਸਟਾਰ ਦੀ ਯੋਜਨਾ ਕਈ ਮਹੀਨਿਆਂ ਵਿਚ ਬਣੀ ਅਤੇ ਕੁਝ ਦਿਨਾਂ ਦੇ ਵਿਚ ਵਿਚ ਇਸ ਨੂੰ ਨੇਪਰੇ ਚੜ੍ਹਾਇਆ ਗਿਆ, ਥੋੜ੍ਹੇ ਜਿਹੇ ਅਸਲੇ ਨਾਲ ਲੈਸ ਅਤਿਵਾਦੀਆਂ ਦੇ ਵਿਰੁੱਧ ਭਾਰੀ ਸੈਨਿਕ ਸ਼ਕਤੀ ਤੈਨਾਤ ਕਰ ਕੇ ਅਤਿਵਾਦੀਆਂ ਅਤੇ ਫੌਜੀਆਂ ਦੀਆਂ ਮੌਤਾਂ ਦਾ ਅਨੁਪਾਤ ਪੰਜ ਇੱਕ ਦਾ ਹੋਣਾ ਚਾਹੀਦਾ ਹੈ। ਸਰਕਾਰੀ ਵਾਈਟ ਪੇਪਰ ਦੇ ਅਨੁਸਾਰ ਮੌਤਾਂ ਦੀ ਗਿਣਤੀ ਜ਼ਖ਼ਮੀਆਂ ਦੀ ਗਿਣਤੀ ਨਾਲੋਂ ਪੰਜ ਗੁਣਾ ਵੱਧ ਦਿਖਾਈ ਗਈ ਹੈ।

ਲੈਫ਼. ਜਨਰਲ ਬਰਾੜ ਇਹ ਅੰਕੜੇ ਪੇਸ਼ ਕਰਦਾ ਹੈ: ਫੌਜੀਆਂ ਵਿਚ ਮੌਤਾਂ ਦੀ ਗਿਣਤੀ 83 ਅਤੇ ਜ਼ਖ਼ਮੀਆਂ ਦੀ ਗਿਣਤੀ 248 ਸੀ ; ਅਤਿਵਾਦੀਆਂ

ਅਤੇ ਹੋਰ ਮੌਤਾਂ ਦੀ ਗਿਣਤੀ 492 ਅਤੇ ਜ਼ਖ਼ਮੀਆਂ ਦੀ ਗਿਣਤੀ 86 ਸੀ। ਫੌਜ ਨਾਲ ਸਬੰਧਤ ਅੰਕੜੇ ਇਹ ਦਰਸਾਉਂਦੇ ਹਨ ਕਿ ਤਿੰਨ ਜ਼ਖ਼ਮੀਆਂ ਪਿੱਛੇ ਇਕ ਮੌਤ ਹੋਈ ਅਤੇ ਆਮ ਲੋਕਾਂ ਨਾਲ ਸਬੰਧਤ ਅੰਕੜੇ ਇਹ ਦਰਸਾਉਂਦੇ ਹਨ ਕਿ ਇਕ ਜ਼ਖ਼ਮੀ ਪਿੱਛੇ ਛੇ ਮੌਤਾਂ ਹੋਈਆਂ। ਕੇਵਲ ਇਸੇ ਤੋਂ ਹੀ ਇਹ ਸ਼ੱਕ ਪੈਦਾ ਹੋ ਜਾਂਦਾ ਹੈ ਕਿ ਫੌਜ ਕਿਸੇ ਨੂੰ ਫੜਨਾ ਨਹੀਂ ਸੀ ਚਾਹੁੰਦੀ।

ਚਾਂਦ ਜੋਸ਼ੀ, ਜੋ ਕਿ ਸਿੱਧੀ-ਪੱਧਰੀ ਗਿਣਤੀ ਪਸੰਦ ਕਰਦਾ ਹੈ: ਉਸਦੇ ਅੰਦਾਜ਼ੇ ਮੁਤਾਬਿਕ 700 ਫੌਜੀ ਅਤੇ 5000 ਆਮ ਲੋਕ ਮਰੇ ('**ਭਿੰਡਰਾਂਵਾਲੇ, ਮਿੱਥ ਐਂਡ ਰਿਐਲਿਟੀ**', ਨਵੀਂ ਦਿੱਲੀ, 1984, ਵਿਚ)। ਉਹ ਇਹ ਵੀ ਦੱਸਦਾ ਹੈ ਕਿ ਇਸ ਓਪਰੇਸ਼ਨ ਦੌਰਾਨ 1000 ਦੇ ਕਰੀਬ ਲੋਕ ਹਰਿਮੰਦਰ ਸਾਹਿਬ ਦੇ ਇਰਦ-ਗਿਰਦ ਦੇ ਘੇਰੇ ਵਿਚ ਮਾਰੇ ਗਏ।

"**ਓਪਰੈੱਸ਼ਨ ਇਨ ਪੰਜਾਬ**" ਵਿਚ ਪੜਤਾਲੀਆ ਟੀਮ ਲਿਖਦੀ ਹੈ: "ਜਦੋਂ ਫੌਜ ਨੇ 4 ਜੂਨ ਦੀ ਸਵੇਰ ਨੂੰ ਹਰਿਮੰਦਰ ਸਾਹਿਬ ਤੇ ਸਾਰੇ ਪਾਸਿਓਂ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ, ਤਾਂ ਉੱਥੇ ਹਜ਼ਾਰਾਂ ਲੋਕ, ਸ਼ਾਇਦ 10,000, ਜਿਨ੍ਹਾਂ ਵਿਚ ਸ਼ਰਧਾਲੂ, ਐਸ.ਜੀ.ਪੀ.ਸੀ. ਦੇ ਕਰਮਚਾਰੀ, ਅਕਾਲੀ ਸਮੱਰਥਕ, ਜੋ ਅਦਾਲਤੀ ਗ੍ਰਿਫਤਾਰੀ ਲਈ ਆਏ ਹੋਏ ਸਨ, ਅਤੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਾਜ਼ਰ ਅਤਿਵਾਦੀ ਸਨ।" ਉਨ੍ਹਾਂ ਨੇ ਏ.ਆਈ.ਐਸ.ਐਸ.ਐਫ. ਦੇ ਇਕ ਮੈਂਬਰ ਦਾ ਹਵਾਲਾ ਦਿੱਤਾ ਜੋ ਕਹਿੰਦਾ ਹੈ: 3 ਜੂਨ ਨੂੰ ਗੁਰਪੁਰਬ ਸੀ। 10,000 ਦੇ ਲਗਭਗ ਲੋਕ ਬਾਹਰੋਂ ਆਏ ਹੋਏ ਸਨ, ਜਿਨ੍ਹਾਂ ਵਿਚ ਕਈ ਔਰਤਾਂ ਅਤੇ 4,000 ਦੇ ਕਰੀਬ ਨੌਜਵਾਨ ਸ਼ਾਮਲ ਸਨ। 3 ਜੂਨ ਨੂੰ ਜਿਹੜੇ ਵਿਅਕਤੀ ਅੰਦਰ ਸਨ ਉਨ੍ਹਾਂ ਨੂੰ ਰਾਤ 10 ਵਜੇ ਤੋਂ ਬਾਅਦ ਬਾਹਰ ਨਾ ਜਾਣ ਦਿੱਤਾ ਗਿਆ। ਜਿਹੜਾ ਜੱਥਾ ਮੁੱਖ ਤੌਰ ਤੇ ਸੰਗਰੂਰ ਤੋਂ ਆਇਆ ਸੀ, ਨੂੰ ਅਦਾਲਤੀ ਗ੍ਰਿਫਤਾਰੀ ਲਈ ਆਗਿਆ ਨਾ ਦਿੱਤੀ ਗਈ। ਭਾਨ ਸਿੰਘ ਇਸ ਨੂੰ ਪੁਖਤਾ ਕਰਦਾ ਹੈ: 3 ਜੂਨ ਨੂੰ ਗੁਰਪੁਰਬ ਹੋਣ ਕਰਕੇ ਹਜ਼ਾਰਾਂ ਤੀਰਥ ਯਾਤਰੀ ਆਏ ਹੋਏ ਸਨ, ਪਰ ਅਚਾਨਕ ਕਰਫਿਊ ਲਗਾ ਦਿੱਤਾ ਗਿਆ, ਇਸ ਲਈ ਸ਼ਰਧਾਲੂ ਅਤੇ 1300 ਅਕਾਲੀ ਵਰਕਰ ਜੋ ਕਿ ਧਰਮ ਯੁੱਧ ਮੋਰਚੇ ਵਿਚ ਭਾਗ ਲੈਣ ਅਤੇ ਅਦਾਲਤੀ ਗ੍ਰਿਫਤਾਰੀ ਲਈ ਆਏ ਸਨ, ਬਾਹਰ ਨਾ ਜਾ ਸਕੇ।

ਹਰਿਮੰਦਰ ਸਾਹਿਬ ਵਿਚ ਸ਼ਰਧਾਲੂਆਂ ਦੀ ਗਿਣਤੀ ਬਾਰੇ, ਉਸ ਸਮੇਂ ਰਾਜ ਦੇ ਸਭ ਤੋਂ ਸੀਨੀਅਰ ਪੁਲਿਸ ਅਫ਼ਸਰ ਨੇ ਲੇਖਕ ਨੂੰ ਦੱਸਿਆ ਕਿ ਉਸਦੀ ਜਾਣਕਾਰੀ ਦੇ ਅਨੁਸਾਰ ਗੁਰਦੁਆਰੇ ਦੀ ਲਗਭਗ 70 ਪ੍ਰਤੀਸ਼ਤ ਪਰਿਕਰਮਾ ਸ਼ਰਧਾਲੂਆਂ ਨਾਲ ਭਰੀ ਹੋਈ ਸੀ। ਹਰਿਮੰਦਰ ਸਾਹਿਬ, ਲਗਭਗ 150 ਮੀਟਰ ਗੁਣਾ 150 ਮੀਟਰ ਨਾਪ ਦੇ ਚੌਰਸ ਤਾਲਾਬ ਵਿਚਕਾਰ ਥੜ੍ਹੇ ਤੇ ਬਣਿਆ ਹੋਇਆ ਹੈ। ਇਸ ਤਾਲਾਬ ਦੇ ਚਾਰੇ ਪਾਸੇ 20 ਮੀਟਰ ਚੌੜੀ ਪਰਿਕਰਮਾ ਹੈ; ਇਸ ਤੋਂ ਇਲਾਵਾ ਅਕਾਲ ਤਖ਼ਤ ਦੇ ਸਾਹਮਣੇ ਕਾਫੀ ਖੁੱਲ੍ਹੀ ਥਾਂ ਹੈ। ਇਸ

ਸਾਰੀ ਥਾਂ ਵਿਚ ਲੋਕਾਂ ਦੀ ਗਿਣਤੀ 12000 ਤੋਂ ਵੱਧ ਹੀ ਹੋਵੇਗੀ।

3 ਜੂਨ ਦੀ ਸਵੇਰ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਦਿਨ, ਅੰਮ੍ਰਿਤਸਰ ਵਿਚ ਕਰਫਿਊ ਨਹੀਂ ਲੱਗਾ ਹੋਇਆ ਸੀ, ਅਤੇ ਜਨਰਲ ਬਰਾੜ ਦੇ ਅਨੁਸਾਰ "ਨਤੀਜੇ ਵਜੋਂ, ਸਾਰਾ ਦਿਨ ਸ਼ਰਧਾਲੂ ਲਗਾਤਾਰ ਗੁਰਦੁਆਰੇ ਆਉਂਦੇ ਰਹੇ।" ਇਸ ਦਿਨ ਦੀਆਂ ਪਰੰਪਰਿਕ ਰਵਾਇਤਾਂ ਰਾਤ ਨੂੰ 10 ਵਜੇ ਤੋਂ ਬਾਅਦ ਸਮਾਪਤ ਹੁੰਦੀਆਂ ਹਨ, ਜਦੋਂ ਗੁਰੂ ਗ੍ਰੰਥ ਸਾਹਿਬ (ਪਵਿੱਤਰ ਪੁਸਤਕ) ਨੂੰ ਮਰਯਾਦਾ-ਪੂਰਬਕ ਢੰਗ ਨਾਲ ਲਿਜਾਇਆ ਜਾਂਦਾ ਹੈ, ਅਤੇ ਸ਼ਰਧਾਵਾਨ ਸਿੱਖ ਇਸ ਸੇਵਾ ਵੇਲੇ ਜ਼ਰੂਰ ਹਾਜ਼ਰ ਹੁੰਦੇ ਹਨ। ਪਰ ਰਾਤ ਨੂੰ ਨੌਂ ਵਜੇ ਸਾਰੇ ਪੰਜਾਬ ਵਿਚ 36 ਘੰਟਿਆਂ ਲਈ ਕਰਫਿਊ ਫਿਰ ਲਗਾ ਦਿੱਤਾ ਗਿਆ। ਹਜ਼ਾਰਾਂ ਲੋਕ ਗੁਰਦੁਆਰੇ ਵਿਚ ਫਸ ਗਏ। ਸੰਗਰੂਰ ਤੋਂ ਆਇਆ ਅਕਾਲੀ ਜੱਥਾ ਅਦਾਲਤੀ ਗ੍ਰਿਫਤਾਰੀ ਲਈ ਬਾਹਰ ਆਉਣਾ ਚਾਹੁੰਦਾ ਸੀ ਪਰ ਉਸਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਗਿਆ। ਹਜ਼ਾਰਾਂ ਹੋਰ ਲੋਕ ਅੰਦਰ ਫਸ ਗਏ।

ਜਦੋਂ ਗੋਲੀਬਾਰੀ ਸ਼ੁਰੂ ਹੋਈ, ਬਹੁਤੇ ਲੋਕ ਦੁਬਾਰਾ ਹਰਿਮੰਦਰ ਸਾਹਿਬ ਵਿਚ ਵਾਪਸ ਭੱਜ ਗਏ, ਇਹ ਸੋਚਦਿਆਂ ਕਿ ਗੋਲੀਬਾਰੀ ਖ਼ਤਮ ਹੋਣ ਤਕ ਇਹ ਸਭ ਤੋਂ ਸੁਰੱਖਿਅਤ ਥਾਂ ਹੈ।

ਆਪਣੀ ਕਿਤਾਬ "**ਅੰਮ੍ਰਿਤਸਰ: ਮਿਸਿਜ਼ ਗਾਂਧੀ'ਜ਼ ਲਾਸਟ ਬੈਟਲ**", ਵਿਚ ਮਾਰਕ ਟੂਲੀ ਅਤੇ ਸਤੀਸ਼ ਜੈਕਬ ਅੰਦਾਜ਼ਾ ਲਗਾਉਂਦੇ ਹਨ ਕਿ 80 ਗ੍ਰੰਥੀ, ਸੇਵਾਦਾਰ ਅਤੇ ਗੁਰਦੁਆਰੇ ਦੇ ਹੋਰ ਸੇਵਕ, ਕੋਈ 300 ਐਸ.ਜੀ.ਪੀ.ਸੀ. ਦੇ ਕਰਮਚਾਰੀ ਅਤੇ ਗੁਰਦੁਆਰੇ ਦੇ ਕੰਪਲੈਕਸ ਵਿਚ ਹੀ ਰਹਿੰਦੇ ਉਨ੍ਹਾਂ ਦੇ ਪਰਿਵਾਰ ਅਤੇ 1700 ਦੇ ਕਰੀਬ ਅਕਾਲੀ ਦਲ ਦੇ ਹਮਾਇਤੀ, ਜਿਹੜੇ ਕਿ ਧਰਮ ਯੁੱਧ ਮੋਰਚੇ ਵਿਚ ਹਿੱਸਾ ਲੈਣ ਆਏ ਸਨ, ਦੇ ਸਮੇਤ 950 ਤੀਰਥ ਯਾਤਰੀ ਗੁਰਦੁਆਰੇ ਦੇ ਅੰਦਰ ਸਨ। ਕੋਈ 500 ਦੇ ਕਰੀਬ ਬੰਗਲਾਦੇਸ਼ੀ, ਜਿਹੜੇ ਭਾਰਤ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਏ ਸਨ, ਵੀ ਮਿਲੇ। ਇਹ ਲੋਕ ਸੰਤ ਭਿੰਡਰਾਂਵਾਲੇ ਦੇ ਸਾਥੀਆਂ ਅਤੇ ਬੱਬਰ ਖਾਲਸਾ ਵਾਲਿਆਂ ਨਾਲੋਂ ਇਕਦਮ ਵੱਖਰੇ ਸਨ। ਇਨ੍ਹਾਂ ਅੰਕੜਿਆਂ ਨੂੰ ਜੋੜ ਕੇ, ਅਸੀਂ ਦੇਖਦੇ ਹਾਂ ਕਿ ਘੱਟੋ-ਘੱਟ 4,180 ਲੋਕ ਕੰਪਲੈਕਸ ਦੇ ਅੰਦਰ ਸਨ।

ਹੈੱਡ ਗਰੰਥੀ ਸਾਹਿਬ ਸਿੰਘ ਦੇ ਅਨੁਸਾਰ, ਜਿਵੇਂ ਕਿ **ਪਰੋਬ** ਰਸਾਲੇ ਦੇ ਅਗਸਤ 1984 ਅੰਕ ਵਿਚ ਹਵਾਲਾ ਦਿੱਤਾ ਗਿਆ ਹੈ, "ਤਕਰੀਬਨ 6-7,000 ਲੋਕ ਹਰਿਮੰਦਰ ਸਾਹਿਬ ਪਰਿਸਰ ਵਿਚ ਫਸ ਗਏ ਸਨ।" ਜਸਟਿਸ ਤਾਰਕੁੰਡੇ ਦੀ ਟੀਮ ਜਿਸ ਨੇ ਕਿ ਓਪਰੇਸ਼ਨ ਦੇ ਤੁਰੰਤ ਬਾਅਦ ਅੰਮ੍ਰਿਤਸਰ ਦਾ ਦੌਰਾ ਕੀਤਾ, ਦੇ ਅਨੁਸਾਰ ਪਰਿਸਰ ਦੇ ਅੰਦਰ ਫਸ ਗਏ ਯਾਤਰੂਆਂ ਦੀ ਗਿਣਤੀ 10,000 ਦੇ ਕਰੀਬ ਸੀ।

ਜਦੋਂ ਪਿੰਡਾਂ ਦੇ ਲੋਕਾਂ ਨੂੰ ਦਰਬਾਰ ਸਾਹਿਬ ਤੇ ਹਮਲੇ ਦਾ ਪਤਾ

ਲੱਗਿਆ ਤਾਂ ਉਨ੍ਹਾਂ ਵਿਚੋਂ ਹਜ਼ਾਰਾਂ ਆਪਣੇ ਪਿੰਡ ਛੱਡ ਕੇ ਆਪਣੇ ਸਭ ਤੋਂ ਪਵਿੱਤਰ ਗੁਰਦੁਆਰੇ ਨੂੰ ਬਚਾਉਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਚੱਲ ਪਏ। ਇਨ੍ਹਾਂ ਲੋਕਾਂ ਨੂੰ ਰੋਕਣ ਲਈ, ਇਨ੍ਹਾਂ ਨੂੰ ਹਵਾਈ ਬੰਬਾਰੀ, ਮਸ਼ੀਨ ਗੰਨਾਂ ਅਤੇ ਜ਼ਮੀਨੀ ਗੋਲੀਬਾਰੀ ਦਾ ਸ਼ਿਕਾਰ ਬਣਾਇਆ ਗਿਆ।

ਕਈ ਥਾਵਾਂ ਤੇ ਨਿਹੱਥੇ ਭਗੌੜੇ ਸਿੱਖ ਫੌਜੀਆਂ ਨੂੰ ਰਾਹ ਵਿਚ ਫੜਿਆ ਗਿਆ ਅਤੇ ਮਾਰ ਦਿੱਤਾ ਗਿਆ।

ਪੰਜਾਬ ਪੁਲਿਸ ਦੇ ਇਕ ਇੰਸਪੈਕਟਰ ਜਨਰਲ, ਐਚ.ਐਸ. ਰੰਧਾਵਾ, ਜੋ ਉਸ ਸਮੇਂ ਇੰਟੈਲੀਜੈਂਸ ਮੁਖੀ ਸਨ, ਦੇ ਅਨੁਸਾਰ ਪੰਜਾਬ ਪੁਲਿਸ ਦੀ ਜਾਣਕਾਰੀ ਦੇ ਮੁਤਾਬਿਕ, 1800 ਤੋਂ ਵੱਧ ਆਮ ਲੋਕ ਗੁਰਦੁਆਰਾ ਕੰਪਲੈਕਸ ਵਿਚ ਮਾਰੇ ਗਏ।

ਸਾਡਾ ਅੰਦਾਜ਼ਾ ਹੈ ਕਿ ਦਰਬਾਰ ਸਾਹਿਬ ਤੇ ਹੋਏ ਇਸ 'ਓਪਰੇਸ਼ਨ' ਵਿਚ ਘੱਟੋ-ਘੱਟ 5000 ਲੋਕਾਂ ਦੀ ਮੌਤ ਹੋਈ, ਸੰਭਵ ਹੈ ਕਿ ਇਸ ਤੋਂ ਵੀ ਵੱਧ ਹੀ ਹੋਈ ਹੋਵੇ।

***ਪ੍ਰਸ਼ਨ***

ਆਪਣੀ ਕਿਤਾਬ, "**ਪੁਲਿਸ ਐਂਡ ਪੌਲਿਟਿਕਸ ਇਨ ਟਵੈਂਟੀਅਥ ਸੈਂਚਰੀ ਪੰਜਾਬ**" ਵਿਚ ਪੁਲਿਸ ਦੇ ਸਾਬਕਾ ਇੰਸਪੈਕਟਰ ਜਨਰਲ ਬੀ.ਐਸ. ਦਾਨੇਵਾਲੀਆ ਪੁੱਛਦਾ ਹੈ: ਮਿਸਿਜ਼ ਗਾਂਧੀ ਨੇ ਕਿਹਾ ਕਿ ਉਸਨੇ ਪੰਜਾਬ ਨੂੰ ਫੌਜ ਦੇ ਹੱਥ ਸੌਂਪ ਦਿੱਤਾ ਸੀ, ਕਿਸੇ ਕਾਨੂੰਨ-ਦਾਨ ਨੇ ਇਹ ਨਹੀਂ ਪੁੱਛਿਆ ਕਿ ਕਿਸ ਕਾਨੂੰਨ ਦੇ ਤਹਿਤ ਮਿਸਿਜ਼ ਗਾਂਧੀ ਕੋਲ ਅਜਿਹਾ ਕਰਨ ਦੀ ਸ਼ਕਤੀ ਸੀ। ਇਸ 'ਸੌਂਪਣਾ' ਤੋਂ ਬਾਅਦ ਫੌਜ ਨੇ ਕਿਸ ਕਾਨੂੰਨ ਦੇ ਤਹਿਤ ਅਤੇ ਕਿਸਦੇ ਖਿਲਾਫ ਕੀ ਕਰਨਾ ਸੀ? ਕੀ ਫੌਜ ਦੇ ਜਰਨੈਲਾਂ ਨੇ ਆਪਣੀ ਕਾਨੂੰਨੀ ਸਥਿਤੀ ਸਪਸ਼ਟ ਕਰਨ ਸਬੰਧੀ ਪੁੱਛਿਆ ਸੀ?"

ਕਾਨੂੰਨ ਇਹ ਉਪਬੰਧ ਕਰਦਾ ਹੈ ਕਿ ਫੌਜ ਨੂੰ ਸਿਵਲ ਅਧਿਕਾਰੀਆਂ ਦੀ ਮਦਦ ਲਈ ਬੁਲਾਇਆ ਜਾ ਸਕਦਾ ਹੈ। ਅਜਿਹੇ ਕੇਸਾਂ ਵਿਚ ਇਹ ਜ਼ਿਲ੍ਹਾ ਜੱਜ ਦੇ ਅਧੀਨ ਕੰਮ ਕਰਦੀ ਹੈ। ਗੁਰਦੇਵ ਸਿੰਘ ਜੁਲਾਈ 1983 ਤੋਂ ਜੂਨ 1984 ਤਕ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ। ਜਨਰਲ ਬਰਾੜ ਉਸਨੂੰ 'ਭਿੰਡਰਾਂਵਾਲੇ ਦਾ ਇਕ ਪ੍ਰਸਿੱਧ ਹਮਾਇਤੀ' ਦੱਸਦਾ ਹੈ, ਪਰ ਜਦੋਂ ਗੁਰਦੇਵ ਸਿੰਘ ਆਪਣੇ ਬਾਰੇ ਦੱਸਦਾ ਹੈ ਤਾਂ ਉਸਦਾ ਅਲੱਗ ਹੀ ਪ੍ਰਭਾਵ ਪੈਂਦਾ ਹੈ। ਰਾਮ ਨਰਾਇਣ ਉਸ ਬਾਰੇ ਆਪਣੀ ਕਿਤਾਬ ਵਿਚ ਵੇਰਵੇ ਸਹਿਤ ਲਿਖਦਾ ਹੈ। ਉਸ ਨੇ ਨਰਾਇਣ ਨੂੰ ਦੱਸਿਆ: " ਮੈਂ ਚੰਡੀਗੜ੍ਹ ਵਿਚ ਸਰਕਾਰ ਨੂੰ ਕਿਹਾ ਸੀ ਕਿ ਜੇ ਉਹ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਹਨ ਤਾਂ ਇਸ ਵਿਚ ਕੋਈ ਖ਼ਾਸ ਮੁਸ਼ਕਿਲ ਨਹੀਂ ਹੈ। ਮੇਰੀ ਜਾਣਕਾਰੀ ਦੇ ਅਨੁਸਾਰ ਹਰਿਮੰਦਰ ਸਾਹਿਬ ਵਿਚਲੇ ਅਤਿਵਾਦੀਆਂ ਕੋਲ 200-300 ਤੋਂ ਵੱਧ ਬੰਦੂਕਾਂ ਨਹੀਂ ਹਨ। ਉਨ੍ਹਾਂ ਦੀਆਂ

ਬੰਦੂਕਾਂ ਜ਼ਿਆਦਾ ਵਧੀਆ ਵੀ ਨਹੀਂ ਸਨ। ਫੌਜ ਨੇ ਬਾਅਦ ਵਿਚ ਅਧੂਰੀ ਜਾਣਕਾਰੀ ਬਾਰੇ ਸ਼ਿਕਾਇਤ ਕੀਤੀ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਕਿਹੜੀ ਜਾਣਕਾਰੀ ਵਰਤੀ। ਉਂਜ ਕੋਈ ਅੱਧੀ ਦਰਜਨ ਜਾਂ ਉਸ ਤੋਂ ਵੀ ਵੱਧ ਏਜੰਸੀਆਂ ਸੁਤੰਤਰ ਰੂਪ ਵਿਚ ਕੰਮ ਕਰ ਰਹੀਆਂ ਸਨ - ਅਤੇ ਜ਼ਿਆਦਾਤਰ ਪਰਸਪਰ ਵਿਰੋਧੀ ਉਦੇਸ਼ਾਂ ਨਾਲ। ਮੈਨੂੰ ਮੇਰੀ ਸੀ.ਆਈ.ਡੀ. ਉੱਤੇ ਵਿਸ਼ਵਾਸ ਸੀ। ਮੈਂ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਲਈ ਇਕ ਓਪਰੇਸ਼ਨ ਸੰਗਠਿਤ ਕਰ ਲੈਣਾ ਸੀ। ਮੁੱਖ ਮੰਤਰੀ ਦਰਬਾਰਾ ਸਿੰਘ, ਰਾਜਪਾਲ ਬੀ.ਡੀ. ਪਾਂਡੇ ਅਤੇ ਪੰਜਾਬ ਦੇ ਮੁੱਖ ਸਕੱਤਰ ਕੇ.ਡੀ.ਵਾਸੁਦੇਵਾ ਨੇ ਇਹ ਸਪਸ਼ਟ ਕੀਤਾ ਕਿ ਭਿੰਡਰਾਂਵਾਲੇ ਦੇ ਖਿਲਾਫ ਕਾਰਵਾਈ ਕਰਨ ਲਈ ਪਹਿਲ-ਕਦਮੀ ਚੰਡੀਗੜ੍ਹ ਤੋਂ ਹੋਣੀ ਹੈ। ਚੰਡੀਗੜ੍ਹ ਆਪਣੇ ਆਦੇਸ਼ ਦਿੱਲੀ ਤੋਂ ਪ੍ਰਾਪਤ ਕਰ ਰਿਹਾ ਸੀ। ਅਸੀਂ ਅਪ੍ਰੈਲ, 1983 ਵਿਚ ਡੀ.ਆਈ.ਜੀ. ਅਟਵਾਲ ਦੇ ਕਤਲ ਤੋਂ ਬਾਅਦ ਫੋਰਸ ਵਰਤਣ ਦੀ ਲੋੜ ਬਾਰੇ ਗੱਲਬਾਤ ਕਰ ਰਹੇ ਸਾਂ। ਮੈਂ ਫੌਜ ਬੁਲਾਉਣ ਦੇ ਪ੍ਰਸਤਾਵ ਦੇ ਵਿਰੁੱਧ ਸੀ। ਕਾਰਣ ਬਹੁਤ ਸਿੱਧਾ ਸੀ: ਹਰਿਮੰਦਰ ਸਾਹਿਬ ਤੇ ਹਮਲੇ ਦੀ ਕਾਮਯਾਬੀ ਲਈ ਸਥਾਨਕ ਪੁਲਿਸ ਦੀ ਸ਼ਮੂਲੀਅਤ ਬਹੁਤ ਮਹੱਤਵਪੂਰਣ ਸੀ। ਪੁਰਾਣੇ ਸ਼ਹਿਰ ਤੋਂ ਹਰਿਮੰਦਰ ਸਾਹਿਬ ਨੂੰ ਜਾਣ ਦੇ ਬੇਸ਼ੁਮਾਰ ਰਸਤੇ ਹਨ। ਫੌਜ ਜਾਂ ਪੈਰਾ-ਮਿਲਿਟਰੀ ਦਸਤਿਆਂ, ਜਿਨ੍ਹਾਂ ਨੂੰ ਉਥੋਂ ਦੇ ਰਸਤਿਆਂ ਦੀ ਕੋਈ ਜਾਣਕਾਰੀ ਨਹੀਂ ਹੈ, ਅਤਿਵਾਦੀਆਂ ਨੂੰ ਗੁਰਦੁਆਰੇ ਦੇ ਕੰਪਲੈਕਸ ਤੋਂ ਆਉਣ ਜਾਣ ਤੋਂ ਨਹੀਂ ਰੋਕ ਸਕਣਗੇ। ਮੈਂ ਉਨ੍ਹਾਂ ਨੂੰ ਇਹ ਵੀ ਦੱਸਿਆ ਸੀ ਕਿ ਪੰਜਾਬ ਦੇ ਸਿੱਖ, ਪੁਲਿਸ ਦੁਆਰਾ ਕਾਰਵਾਈ ਨਾਲੋਂ ਫੌਜ ਦੀ ਕਾਰਵਾਈ ਦਾ ਜ਼ਿਆਦਾ ਬੁਰਾ ਮਨਾਉਣਗੇ। ਉਨ੍ਹਾਂ ਨੂੰ ਇਹ ਸਹਿਜੇ ਹੀ ਯਕੀਨ ਦਿਵਾਇਆ ਜਾ ਸਕਦਾ ਸੀ ਕਿ ਪੁਲਿਸ ਕਾਰਵਾਈ ਜ਼ਰੂਰੀ ਹੋ ਗਈ ਸੀ ਕਿਉਂਕਿ ਬਦਮਾਸ਼ਾਂ ਅਤੇ ਮੁਜਰਿਮਾਂ ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਲਿਆ ਸੀ। ਜੇ ਅਸੀਂ ਫੌਜ ਭੇਜੀ ਤਾਂ ਸਿੱਖਾਂ ਦੇ ਮੁੱਖ ਧਾਰਮਿਕ ਸਥਾਨ ਉੱਤੇ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਦੀ ਯਾਦ ਮੁੜ ਤਾਜ਼ਾ ਹੋ ਜਾਵੇਗੀ। ਜਦੋਂ ਮੈਂ ਇਹ ਨੁਕਤਾ ਉਠਾਇਆ, ਤਾਂ ਉਨ੍ਹਾਂ ਮੈਨੂੰ ਕਿਹਾ, 'ਦੇਖੋ ਗੁਰਦੇਵ, ਅਜਿਹੀ ਕੋਈ ਯੋਜਨਾ ਨਹੀਂ ਹੈ'। ਮੈਂ ਰਾਜਪਾਲ ਨੂੰ ਸ਼ਾਇਦ ਕਈ ਵਾਰ ਆਪਣੇ ਵਿਚਾਰਾਂ ਤੋਂ ਜਾਣੂੰ ਕਰਵਾਉਂਦਾ ਰਿਹਾ ਹਾਂ। ਮੈਂ ਉਸ ਵੇਲੇ ਸੁਚੇਤ ਹੋ ਗਿਆ ਜਦੋਂ ਪੁਲਿਸ ਦੇ ਡਾਇਰੈਕਟਰ ਜਨਰਲ ਭਿੰਡਰ ਅਤੇ ਮੇਰੇ ਐਸ.ਐਸ.ਪੀ. ਅਜੇ ਪਾਲ ਸਿੰਘ ਮਾਨ ਨੇ ਮੈਨੂੰ ਸਲਾਹ ਦਿੱਤੀ ਕਿ ਬਾਰ-ਬਾਰ ਆਪਣੇ ਵਿਚਾਰ ਨੂੰ ਦੁਹਰਾਉਣਾ ਸਿਆਣਪ ਵਾਲੀ ਗੱਲ ਨਹੀਂ ਹੈ। ਬਾਰ-ਬਾਰ ਦੁਹਰਾਉਣ ਨਾਲ ਤੁਹਾਡੇ ਨੁਕਤੇ ਨੂੰ ਗ਼ਲਤ ਵੀ ਸਮਝਿਆ ਜਾ ਸਕਦਾ ਹੈ।

2 ਜੂਨ ਨੂੰ, ਫੌਜ ਦੀ ਵਰਤੋਂ ਬਾਰੇ ਪਤਾ ਲੱਗਣ ਤੇ ਗੁਰਦੇਵ ਸਿੰਘ ਨੇ ਰਾਜਪਾਲ ਨੂੰ ਫੋਨ ਤੇ ਕਿਹਾ ਕਿ ਉਸਦੀ ਜ਼ਮੀਰ ਉਸਨੂੰ ਇਸਦਾ ਹਿੱਸਾ ਬਣਨ ਦੀ ਇਜਾਜ਼ਤ ਨਹੀਂ ਦਿੰਦੀ। ਰਾਜਪਾਲ ਨੇ ਪਹਿਲਾਂ ਹੀ ਮਿੱਥੇ ਫ਼ੈਸਲੇ ਅਨੁਸਾਰ

ਤੁਰੰਤ ਉਸਨੂੰ ਡਿਊਟੀ ਤੋਂ ਰਿਲੀਵ ਕਰ ਦਿੱਤਾ ਅਤੇ ਤਿੰਨ ਮਹੀਨੇ ਦੀ ਛੁੱਟੀ ਤੇ ਚਲੇ ਜਾਣ ਲਈ ਹੀ ਨਹੀਂ ਕਿਹਾ, ਸਗੋਂ ਦੇਸ਼ ਛੱਡ ਜਾਣ ਅਤੇ ਪ੍ਰੈਸ ਨੂੰ ਕੁਝ ਨਾ ਦੱਸਣ ਲਈ ਕਿਹਾ। ਬੰਗਾਲ ਕੇਡਰ ਦੇ ਇਕ ਅਫ਼ਸਰ ਰਮੇਸ਼ ਇੰਦਰ ਸਿੰਘ ਨੂੰ ਉਸਦੀ ਜਗ੍ਹਾ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਗਿਆ।

ਕਾਨੂੰਨ ਮੁਤਾਬਿਕ, ਰਮੇਸ਼ ਇੰਦਰ ਸਿੰਘ, ਇਕ ਨੌਜਵਾਨ ਅਫ਼ਸਰ ਸੀ ਜਿਸਦੀ ਕਿ ਪਹਿਲੀ ਵਾਰ ਡੀ.ਸੀ. ਵਜੋਂ ਨਿਯੁਕਤੀ ਹੋਈ ਸੀ, ਨੇ ਫੌਜ ਨੂੰ ਨਿਰਦੇਸ਼ਿਤ ਕਰਨਾ ਸੀ। ਕਾਨੂੰਨ ਅਨੁਸਾਰ, ਅਜਿਹੀ ਸਥਿਤੀ ਜਿਸ ਵਿਚ ਸੁਰੱਖਿਆ ਅਮਲੇ ਲਈ ਗੋਲੀ ਚਲਾਉਣੀ ਜ਼ਰੂਰੀ ਹੋ ਜਾਵੇ, ਤਾਂ ਜ਼ਿਲ੍ਹਾ ਮੈਜਿਸਟਰੇਟ ਅਤੇ ਕੇਵਲ ਜ਼ਿਲ੍ਹਾ ਮੈਜਿਸਟਰੇਟ ਹੀ ਉਨ੍ਹਾਂ ਨੂੰ ਅਜਿਹਾ ਕਰਨ ਦਾ ਹੁਕਮ ਦੇ ਸਕਦਾ ਹੈ। ਇਸ ਕੇਸ ਵਿਚ ਫੌਜ ਕਿਸੇ ਪ੍ਰਤੀ ਵੀ ਜਵਾਬਦੇਹ ਨਹੀਂ ਸੀ। ਹੁਣ ਸਵਾਲ ਇਹ ਉੱਠਦਾ ਹੈ ਕਿ: ਸਰਕਾਰੀ ਮਨਜ਼ੂਰੀ ਤੋਂ ਬਿਨਾਂ ਬਲਿਊਸਟਾਰ ਜਿਹਾ 'ਅਮਲੀ ਕਾਰਜ' ਕਾਨੂੰਨੀ ਹੈ ਜਾਂ ਇਹ ਆਮ ਲੋਕਾਂ ਵਿਰੁੱਧ ਫੌਜ ਦੀ ਮੁਜਰਿਮਾਨਾ ਵਰਤੋਂ ਹੈ?

ਪੰਜਾਬ ਵਿਚ ਮਾਰਸ਼ਲ ਲਾਅ ਨਹੀਂ ਸੀ ਲਾਗੂ ਕੀਤਾ ਗਿਆ ਅਤੇ ਫਿਰ ਵੀ, ਮਾਰਸ਼ਲ ਲਾਅ ਤੋਂ ਬਿਨਾਂ ਹੀ ਫੌਜ ਨੇ ਸਰਸਰੀ ਮੌਤ ਦੀ ਸਜ਼ਾ ਲਾਗੂ ਕਰ ਦਿੱਤੀ। ਫੌਜ ਨੇ ਪਹਿਲਾਂ ਦੇਖਦੇ ਹੀ ਗੋਲੀ ਮਾਰਨ ਦਾ ਹੁਕਮ ਜਾਰੀ ਕਰ ਦਿੱਤਾ ਪਰ ਬਾਅਦ ਵਿਚ, ਪੰਜਾਬ ਦੇ ਮੁੱਖ ਸਕੱਤਰ ਕੇ.ਡੀ. ਵਾਸੁਦੇਵਾ, ਅਤੇ ਪੁਲਿਸ ਦੇ ਇੰਸਪੈਕਟਰ ਜਨਰਲ ਦੇ ਕਿੰਤੂ ਕਰਨ ਤੇ ਇਹ ਹੁਕਮ ਰੱਦ ਕਰ ਦਿੱਤਾ ਗਿਆ। ਇਸ ਗ਼ੈਰ-ਕਾਨੂੰਨੀ ਹੁਕਮ ਨਾਲ ਕਿੰਨੇ ਲੋਕ ਮਰੇ ਇਹ ਇਕ ਚੰਗੀ ਤਰ੍ਹਾਂ ਛੁਪਾ ਕੇ ਰਖਿਆ ਗਿਆ ਭੇਦ ਹੀ ਬਣਿਆ ਰਿਹਾ ਹੈ।

ਕਾਰਵਾਈ ਤੋਂ ਤਿੰਨ ਦਿਨ ਬਾਅਦ, ਹਰਿਮੰਦਰ ਸਾਹਿਬ ਦੇ ਅੰਦਰੋਂ ਫੜੇ ਹੋਏ ਸ਼ਰਧਾਲੂਆਂ ਨੂੰ ਫੌਜੀ ਕੈਂਪਾਂ ਅਤੇ ਨਜ਼ਰਬੰਦੀ ਕੇਂਦਰਾਂ ਵਿਚ 'ਜੰਗੀ ਕੈਦੀਆਂ' ਵਾਂਗ ਰਖਿਆ ਗਿਆ। ਕਾਫੀ ਦੇਰ ਬਾਅਦ, ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਸਲਾਹ ਤੇ ਉਨ੍ਹਾਂ ਨੂੰ 'ਜੰਗੀ ਕੈਦੀ' ਕਹਿਣਾ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ "ਅਤਿਵਾਦੀ ਅਤੇ ਅਤਿਵਾਦੀਆਂ ਦੇ ਹਮਦਰਦ" ਕਹਿਣਾ ਸ਼ੁਰੂ ਕਰ ਦਿੱਤਾ ਗਿਆ। ਕਿਹੜਾ ਠੱਪਾ ਜ਼ਿਆਦਾ ਬੁਰਾ ਸੀ? ਕਿਸੇ ਵੀ ਹਾਲਤ ਵਿਚ "ਜੰਗੀ ਕੈਦੀ" ਦਾ ਨਾਂ ਕੈਦੀਆਂ ਦਾ ਕੋਈ ਭਲਾ ਨਾ ਕਰ ਸਕਿਆ ਕਿਉਂਕਿ ਉਨ੍ਹਾਂ ਨੂੰ ਜਨੇਵਾ ਕਨਵੈਨਸ਼ਨ ਦੀਆਂ ਰਿਆਇਤਾਂ ਦਿੱਤੇ ਜਾਣ ਤੋਂ ਇਨਕਾਰ ਕਰ ਦਿੱਤਾ ਗਿਆ।

ਦਲੀਲ ਦੇ ਲਈ, ਚਲੋ ਅਸੀਂ ਮੰਨ ਲੈਂਦੇ ਹਾਂ ਕਿ ਭਾਰਤ ਦੀ ਸਰਕਾਰ, ਜਿਸਦਾ ਕਿ ਮਿਸਿਜ਼ ਇੰਦਰਾ ਗਾਂਧੀ ਦੁਆਰਾ ਪ੍ਰਤੀਨਿਧੀਤਵ ਕੀਤਾ ਜਾ ਰਿਹਾ ਸੀ, ਅਕਾਲੀਆਂ ਵਲੋਂ ਚਲਾਏ ਜਾ ਰਹੇ ਸਿਵਲ ਨਾਫੁਰਮਾਨੀ ਅੰਦੋਲਨ ਨੂੰ ਸਹਿ ਨਾ ਸਕੀ। ਅਕਾਲੀ ਪਾਰਟੀ ਦੇ ਨੇਤਾ ਜੀ. ਐਸ. ਟੌਹੜਾ ਅਤੇ ਹਰਚੰਦ ਸਿੰਘ ਲੌਂਗੋਵਾਲ, ਗੁਰੂ ਰਾਮਦਾਸ ਸਰਾਂ ਵਿਚ ਠਹਿਰੇ ਹੋਏ ਸਨ। ਪਰ ਫੌਜ ਨੇ ਉਨ੍ਹਾਂ

ਵੱਲ ਗੋਲੀ ਨਾ ਚਲਾਈ। ਜੁਲਾਈ 1984 ਵਿਚ ਜਾਰੀ ਕੀਤੇ ਗਏ ਫੌਜ ਦੇ ਪਬਲੀਕੇਸ਼ਨ 'ਬਾਤਚੀਤ' ਦੇ ਸ਼ਬਦਾਂ ਵਿਚ, ਉਨ੍ਹਾਂ ਦਾ ਸਿੱਧਾ ਨਿਸ਼ਾਨਾ ਅਕਾਲ ਤਖ਼ਤ ਵਿਚ ਭਿੰਡਰਾਂਵਾਲਾ, ਅਤੇ ਇਸਤੋਂ ਵੀ ਮਹੱਤਵਪੂਰਣ ਗੱਲ ਇਹ ਹੈ ਕਿ ਸਗੋਂ ਹਰ ਅੰਮ੍ਰਿਤਧਾਰੀ - ਜਿਸ ਵਿਚ ਸਾਰਾ ਸਿੱਖ ਭਾਈਚਾਰਾ ਆ ਜਾਂਦਾ ਹੈ - ਖੁੱਲ੍ਹੀ ਦਾੜ੍ਹੀ, ਇਕ ਕਿਰਪਾਨ, ਕੇਸਰੀ ਰੰਗ ਦੀ ਪੱਗ - ਜਾਂ ਕੋਈ ਵੀ ਜਿਸ ਦੀ ਦਿੱਖ ਕਿਸੇ ਫੌਜੀ ਨੂੰ ਪਸੰਦ ਨਾ ਆਵੇ, ਨੂੰ ਭਾਰੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਸੀ।

{ ਨੋਟ: ਇਹ ਫੌਜੀ 'ਬਾਤਚੀਤ' ਦਾ ਭਾਗ ਹੈ: "ਭਾਵੇਂ ਕਿ ਕਾਫੀ ਸਾਰੇ ਅਤਿਵਾਦੀਆਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਭਾਰੀ ਗਿਣਤੀ ਵਿਚ ਹਥਿਆਰ ਅਤੇ ਗੋਲੀ-ਸਿੱਕਾ ਬਰਾਮਦ ਕਰ ਲਿਆ ਗਿਆ ਹੈ, ਪਰ ਫਿਰ ਵੀ ਉਨ੍ਹਾਂ ਦੀ ਕਾਫੀ ਵੱਡੀ ਗਿਣਤੀ ਬਚੀ ਹੋਈ ਹੈ। ਦੇਸ਼ ਵਿਚ ਸ਼ਾਂਤੀ ਕਾਇਮ ਕਰਨ ਦੇ ਟੀਚੇ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਕਾਬੂ ਕਰਨਾ ਜ਼ਰੂਰੀ ਹੈ। ਕਿਸੇ ਅੰਮ੍ਰਿਤਧਾਰੀ, ਜੋ ਕਿ ਖ਼ਤਰਨਾਕ ਅਤੇ ਖ਼ੂਨ ਕਰਨ, ਅੱਗਾਂ ਲਗਾਉਣ ਅਤੇ ਦਹਿਸ਼ਤਗਰਦੀ ਲਈ ਵਚਨਬੱਧ ਹੁੰਦੇ ਹਨ, ਦੀ ਜਾਣਕਾਰੀ ਮਿਲਣ ਤੇ ਤੁਰੰਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਜਾਵੇ। ਇਹ ਲੋਕ ਬਾਹਰੋਂ ਭਾਵੇਂ ਨਿਰਦੋਸ਼ ਦਿੱਸਣ ਪਰ ਅਸਲ ਵਿਚ ਇਹ ਲੋਕ ਦਹਿਸ਼ਤਗਰਦੀ ਲਈ ਵਚਨਬੱਧ ਹੁੰਦੇ ਹਨ। ਆਪਣੇ ਸਭ ਦੇ ਭਲੇ ਲਈ ਇਨ੍ਹਾਂ ਦੀ ਪਛਾਣ ਅਤੇ ਥਾਂ-ਟਿਕਾਣੇ ਦਾ ਪਤਾ ਲਗਾਣਾ ਜ਼ਰੂਰੀ ਹੈ।"}[2]

ਐਸ.ਜੀ.ਪੀ.ਸੀ. ਦਾ ਵਾਈਟ ਪੇਪਰ ਪੁੱਛਦਾ ਹੈ: ਸਰਕਾਰ ਨੇ ਇਹ ਕਿਸ ਤਰ੍ਹਾਂ ਮਨ ਲਿਆ ਕਿ ਹਰਿਮੰਦਰ ਸਾਹਿਬ ਦੇ ਅੰਦਰ ਜੋ ਲੋਕ ਹਨ, ਉਹ ਅਤਿਵਾਦੀ ਹਨ? ਉਨ੍ਹਾਂ ਦੇ ਨਾਂ ਕਦੀ ਵੀ ਨਹੀਂ ਜਾਰੀ ਕੀਤੇ ਗਏ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਕਦੇ ਵੀ ਵਰੰਟ ਜਾਰੀ ਨਹੀਂ ਸੀ ਕੀਤੇ ਗਏ। ਭਾਰਤੀ ਫੌਜ ਨੇ ਸ਼ਰਧਾਲੂਆ ਅਤੇ ਅਤਿਵਾਦੀਆਂ ਵਿਚ ਫ਼ਰਕ ਕਰਨ ਲਈ ਕੀ ਕਸੌਟੀ ਅਪਣਾਈ? ਸਰਕਾਰ ਨੂੰ ਇਕ ਪਵਿੱਤਰ ਦਿਹਾੜੇ, ਜਦੋਂ ਕਿ ਹਜ਼ਾਰਾਂ ਸ਼ਰਧਾਲੂ ਮੱਥਾ ਟੇਕਣ ਆਏ ਹੋਏ ਸਨ, ਹਮਲਾ ਕਰਨ ਦੀ ਕੀ ਮਜਬੂਰੀ ਆਣ ਪਈ ਸੀ। ਕੀ ਹਰਿਮੰਦਰ ਸਾਹਿਬ ਵਿਚ ਖ਼ੂਨ-ਖ਼ਰਾਬਾ, ਹੈਵਾਨੀਅਤ ਅਤੇ ਤੋੜ-ਭੰਨ ਕਰਨਾ ਜ਼ਰੂਰੀ ਸੀ? ਕਿਉਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅਤੇ ਤੋਸ਼ਾਖਾਨਾ, ਜਿਸ ਵਿਚ ਦੁਰਲੱਭ ਲਿਖਤਾਂ ਅਤੇ ਗੁਰੂ ਸਾਹਿਬਾਨ ਦੇ ਚਿਨ੍ਹਾਂ ਅਤੇ ਦਸਤਖ਼ਤਾਂ ਵਾਲੇ ਹੁਕਮਨਾਮੇ ਸਨ, ਨੂੰ ਅੱਗ ਲਗਾਈ ਗਈ, ਜਦੋਂ ਕਿ ਹਮਲਾ ਖ਼ਤਮ ਹੋ ਚੁੱਕਾ ਸੀ। ਇਹ ਕਿਵੇਂ ਹੋਇਆ ਕਿ ਵੱਡੀ ਗਿਣਤੀ ਵਿਚ ਸਿੱਖਾਂ ਦੀਆਂ ਲਾਸ਼ਾਂ, ਜਿਨ੍ਹਾਂ ਨੂੰ ਪੋਸਟ-ਮਾਰਟਮ ਲਈ ਲਿਆਂਦਾ ਗਿਆ ਸੀ, ਦੇ ਹੱਥ ਪਿੱਠਾਂ ਪਿੱਛੇ ਬੰਨ੍ਹ ਕੇ ਉਨ੍ਹਾਂ ਦੀਆਂ ਛਾਤੀਆਂ ਜਾਂ ਸਿਰਾਂ ਵਿਚ ਨੇੜੇ ਤੋਂ ਗੋਲੀਆਂ ਮਾਰੀਆਂ ਗਈਆਂ ਸਨ? ਸਰਕਾਰ ਨੇ ਮੌਤਾਂ ਦੀ ਗਿਣਤੀ ਅੱਜ ਤਕ ਕਿਉਂ ਨਹੀਂ ਜਾਰੀ ਕੀਤੀ? ਜਿਹੜੇ ਲੋਕ ਗੁਰਦੁਆਰੇ ਦੇ ਅੰਦਰ ਮਾਰੇ ਗਏ ਉਨ੍ਹਾਂ ਦੀਆਂ ਲਾਸ਼ਾਂ

ਸੰਬੰਧੀਆਂ ਨੂੰ ਕਿਉਂ ਨਹੀਂ ਸਨ ਦਿੱਤੀਆਂ ਗਈਆਂ? ਸਰਕਾਰ ਨੂੰ ਪੰਜਾਬ ਅਤੇ ਬਾਹਰ ਦੇ 74 ਹੋਰ ਗੁਰਦੁਆਰਿਆਂ ਤੇ ਹਮਲਾ ਕਰਨ ਦੀ ਕੀ ਲੋੜ ਸੀ, ਖ਼ਾਸ ਕਰਕੇ ਜਦੋਂ ਕਿ ਇਨ੍ਹਾਂ ਵਿਚ ਰਹਿਣ ਵਾਲਿਆਂ ਵਲੋਂ ਕੋਈ ਰੁਕਾਵਟ ਪੇਸ਼ ਨਹੀਂ ਸੀ ਕੀਤੀ ਗਈ?

ਜੂਨ, 1984 ਵਿਚ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਕੀ ਵਾਪਰਿਆ? ਅਜਿਹੇ ਕਿਹੜੇ ਹਾਲਾਤ, ਉਦੇਸ਼, ਕਾਰਣ ਅਤੇ ਘਟਨਾਵਾਂ ਦੀ ਲੜੀ ਸੀ ਜਿਸਨੇ ਕਿ ਹਮਲੇ ਲਈ ਮਜਬੂਰ ਕਰ ਦਿੱਤਾ? ਭਾਵੇਂ, ਪਿਛਲੇ ਪੰਨਿਆਂ ਵਿਚ ਜਿਨ੍ਹਾਂ ਲੇਖਕਾਂ ਦਾ ਹਵਾਲਾ ਦਿੱਤਾ ਗਿਆ ਹੈ, ਉਹ ਇਸ ਨਾਟਕ ਦੇ ਪਾਤਰ ਸਨ, ਪਰ ਅਸੀਂ ਦੇਖਦੇ ਹਾਂ ਕਿ ਹਰ ਕੋਈ ਆਪਣੀ ਕਹਾਣੀ ਸੁਣਾ ਰਿਹਾ ਹੈ। ਸੱਚ ਕੀ ਹੈ? ਓਪਰੇਸ਼ਨ ਬਲਿਊਸਟਾਰ ਪਿੱਛੋਂ, ਵੁੱਡਰੋਜ਼ ਪਿੱਛੋਂ, ਨਵੰਬਰ ਦੀ ਕਤਲੋਗਾਰਤ ਪਿੱਛੋਂ ਸਰਕਾਰ ਦਾ ਰਵੱਈਆ 'ਭੁੱਲ ਜਾਓ", 'ਮਿੱਟੀ ਪਾ ਦਿਓ", ਵਾਲਾ ਸੀ। ਪਰ ਨਿਰਦੋਸ਼ ਸ਼ਹਿਰੀਆਂ ਦੀ, ਉਨ੍ਹਾਂ ਦੇ ਆਪਣੇ ਦੇਸ਼ ਵਿਚ ਅਜਿਹੀ ਕਤਲੋਗਾਰਤ ਆਸਾਨੀ ਨਾਲ ਭੁਲਾਈ ਨਹੀਂ ਜਾ ਸਕਦੀ; ਨਾ ਹੀ ਸਹਿਜੇ ਹੀ ਮਾਫ਼ ਕਰਨ ਯੋਗ ਹੈ। ਇਸ ਅਧਿਆਏ ਨੂੰ "ਬੰਦ ਕਰਨ" ਲਈ ਜਵਾਬਦੇਹੀ ਜ਼ਰੂਰੀ ਹੈ।

ਨੈਲਸਨ ਮੰਡੇਲਾ ਦਾ "**ਟਰੁੱਥ ਐਂਡ ਰੀਕੰਸੀਲਿਏਸ਼ਨ ਕਮਿਸ਼ਨ**" ਇਸ ਦੁਖਾਂਤਕ ਕਤਲੋਗਾਰਤ ਪ੍ਰਤੀ ਸੂਝ ਭਰੀ ਅਤੇ ਮਾਨਵਵਾਦੀ ਪਹੁੰਚ ਹੈ। ਪਰ ਮੁਆਫ਼ੀ ਲਈ ਪੁਨਰਮੇਲ ਅਤੇ ਕੁਝ ਜਵਾਬਦੇਹੀ ਅਤੇ ਹਰਜਾਨੇ ਤੋਂ ਪਹਿਲਾਂ ਸੱਚਾਈ ਜ਼ਰੂਰੀ ਹੈ।

ਭਾਰਤ ਦੀ ਵਰਤਮਾਨ ਸਰਕਾਰ (ਅਜਿਹਾ ਨਾ ਹੋਣ ਦੀ ਸੂਰਤ ਵਿਚ, ਪੰਜਾਬ ਸਰਕਾਰ) ਓਪਰੇਸ਼ਨ ਬਲਿਊਸਟਾਰ ਦੀ ਨਿਰਪੱਖ ਅਤੇ ਵਿਆਪਕ ਜਾਂਚ-ਪੜਤਾਲ ਦਾ ਹੁਕਮ ਦੇਵੇ। ਪ੍ਰਾਪਤ ਸਬੂਤਾਂ ਦੇ ਆਧਾਰ ਤੇ ਸੁਪਰੀਮ ਕੋਰਟ ਨੂੰ ਇੰਨੀ ਵੱਡੀ ਗਿਣਤੀ ਵਿਚ ਹੋਏ ਕਤਲਾਂ ਦਾ ਖ਼ੁਦ ਬਖ਼ੁਦ ਨੋਟਿਸ ਲੈਣ ਦੇ ਯੋਗ ਹੋਣਾ ਚਾਹੀਦਾ ਹੈ। ਵਰਤਮਾਨ ਸਰਕਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਦੇਸ਼ ਸਾਹਮਣੇ ਸੱਚ ਨੂੰ ਸਥਾਪਿਤ ਕਰੇ। ਨਿਆਂ ਪ੍ਰਤੀ ਅਜਿਹੀ ਸਪਸ਼ਟ ਵਚਨਬੱਧਤਾ ਇਹ ਨਿਸ਼ਚਿਤ ਕਰਨ ਲਈ ਕਿ ਹਿੰਸਾ ਦਾ ਇਕ ਹੋਰ ਦੌਰ ਮੁੜ ਨਾ ਸ਼ੁਰੂ ਹੋਏ ਅਤੇ ਬਦਲਾ ਲਊ ਭਾਵਨਾ ਨੂੰ ਸ਼ਾਂਤ ਕਰਨ ਵਿਚ ਮਦਦਗਾਰ ਸਾਬਤ ਹੋਵੇਗੀ। ਤਾਂ ਜੋ ਪੰਜਾਬ ਤੇ ਹਮਲਾ ਅਤੇ ਸਿੱਖਾਂ ਦੀ ਕਤਲੋਗਾਰਤ ਨੂੰ ਦੁਬਾਰਾ ਨਾ ਦੁਹਰਾਇਆ ਜਾਵੇ।

## *ਜੋਧਪੁਰ ਕੈਦੀ*

ਪੰਜਾਬ ਪੁਲਿਸ ਦਾ ਮੁੱਖੀ ਜੂਲੀਓ ਰੈਬੀਰੋ ਆਪਣੀ ਪੁਸਤਕ "**ਮਾਈ ਲਾਈਫ ਐਜ਼ ਏ ਪੁਲਿਸ ਆਫ਼ੀਸਰ**" ਵਿਚ ਜੋਧਪੁਰ ਕੈਦੀਆਂ ਦੇ ਸਬੰਧ

ਵਿਚ ਲਿਖਦਾ ਹੈ : "ਇਹ ਉਹ ਲੋਕ ਸਨ ਜੋ ਓਪਰੇਸ਼ਨ ਬਲਿਊਸਟਾਰ ਸਮੇਂ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਸਨ ਅਤੇ ਜਿਨ੍ਹਾਂ ਨੂੰ ਫ਼ੌਜ ਨੇ ਬੰਦੀ ਬਣਾਇਆ ਸੀ। ਉਨ੍ਹਾਂ 'ਚੋਂ ਕਈਆਂ ਦਾ ਭਿੰਡਰਾਂਵਾਲੇ ਜਾਂ ਦਹਿਸ਼ਤਗਰਦਾਂ ਨਾਲ ਕੋਈ ਸਬੰਧ ਨਹੀਂ ਸੀ। ਉਹ ਤਾਂ ਸਿਰਫ਼ ਉਥੇ ਪੰਜਵੇਂ ਗੁਰੂ ਸਾਹਿਬ ਦੇ ਸ਼ਹੀਦੀ ਦਿਵਸ ਦੇ ਮੌਕੇ ਤੇ ਮੱਥਾ ਟੇਕਣ ਆਏ ਹੋਏ ਸਨ। ਇਹ ਬਦਕਿਸਮਤੀ ਸੀ ਕਿ ਇਹ ਹਮਲਾ (ਓਪਰੇਸ਼ਨ) ਉਸੇ ਦਿਨ ਕੀਤਾ ਗਿਆ ਸੀ। ਜਿਹੜੇ ਲੋਕ ਗਿਰਫ਼ਤਾਰ ਕੀਤੇ ਗਏ ਸਨ, ਉਹ ਫ਼ੌਜ ਨੂੰ ਹਰਿਮੰਦਰ ਸਾਹਿਬ ਅੰਦਰੋਂ ਮਿਲੇ ਸਨ ਅਤੇ ਉਨ੍ਹਾਂ ਸਾਰਿਆਂ ਨੂੰ ਸਾਜਿਸ਼ ਦੇ ਕੇਸ ਵਿਚ ਅੰਦਰ ਡੱਕ ਦਿੱਤਾ ਗਿਆ ਅਤੇ ਉਨ੍ਹਾਂ ਸਿਰ 'ਰਾਜ ਵਿਰੁੱਧ ਯੁੱਧ ਛੇੜਨ' ਦਾ ਦੋਸ਼ ਮੜ੍ਹ ਦਿੱਤਾ ਗਿਆ। ਕਿਉਂਕਿ ਚਾਰਜ-ਸ਼ੀਟ ਦਾਇਰ ਕਰਨ ਤੋਂ ਬਾਅਦ ਤਫ਼ਤੀਸ਼ ਦੇ ਆਖ਼ਰੀ ਪੜਾਅ ਤੇ ਦੋਸ਼ੀਆਂ ਨੂੰ ਵੱਖ ਕਰਨਾ ਸੰਭਵ ਨਹੀਂ ਸੀ, ਭੋਲੇ-ਭਾਲੇ ਲੋਕਾਂ ਨੂੰ ਵੀ ਕੱਟੜ ਉਗਰਵਾਦੀਆਂ ਦੇ ਨਾਲ ਹਿਰਾਸਤ ਵਿਚ ਰੱਖਿਆ ਗਿਆ ਸੀ। ਇਨ੍ਹਾਂ ਕਾਨੂੰਨੀ ਬਰੀਕੀਆਂ ਦੀ ਸਾਧਾਰਨ ਨਾਗਰਿਕਾਂ ਨੂੰ ਆਸਾਨੀ ਨਾਲ ਸਮਝ ਨਹੀਂ ਸੀ ਆ ਸਕਦੀ। ਉਹ ਜਾਣਨਾ ਚਾਹੁੰਦੇ ਸਨ ਕਿ ਸਰਕਾਰ ਦੁਆਰਾ ਏਨੇ ਸਮੇਂ ਲਈ ਬਹੁਤ ਸਾਰੇ ਭੋਲੇ-ਭਾਲੇ ਲੋਕਾਂ ਨੂੰ ਕਿਉਂ ਪਕੜੀ ਰੱਖਿਆ ਜਾ ਰਿਹਾ ਹੈ। ਤਿੰਨ ਸਾਲ ਬੀਤ ਚੁੱਕੇ ਹਨ ਅਤੇ ਮੁਕੱਦਮਾ ਇਸ ਆਧਾਰ ਤੇ ਲਮਕਾਇਆ ਜਾ ਰਿਹਾ ਹੈ ਕਿ ਇਕ ਜਾਂ ਦੂਜਾ ਦੋਸ਼ੀ ਬਿਮਾਰ ਹੈ ਅਤੇ ਅਦਾਲਤ ਵਿਚ ਹਾਜ਼ਰ ਨਹੀਂ ਹੋ ਸਕਦਾ ਜਿਸ ਕਰਕੇ ਅਦਾਲਤਾਂ ਤਰੀਕਾਂ ਪਾਉਣ ਲਈ ਮਜਬੂਰ ਹੋ ਜਾਂਦੀਆਂ ਹਨ। ਲੇਕਿਨ ਕੇਸ ਦਾ ਮੁਕੱਦਮਾ ਬਿਲਕੁਲ ਚਲਾਇਆ ਹੀ ਨਹੀਂ ਗਿਆ ਕਿਉਂਕਿ 200 ਤੋਂ ਵੱਧ ਦੋਸ਼ੀ ਸਨ ਅਤੇ ਉਨ੍ਹਾਂ ਦੀ ਪੈਰਵੀ ਕਈ ਵਕੀਲ ਕਰ ਰਹੇ ਹਨ ਅਤੇ ਹਰ ਇਕ ਮੁਕੱਦਮੇ ਦੇ ਗਵਾਹਾਂ ਦੀ ਜਿਰਹਾ ਕਰਨ ਦਾ ਹੱਕ ਸੀ।

...

ਸਿਰਫ਼ ਇੱਕੋ ਕਰਮਚਾਰੀ ਜਿਹੜਾ ਰੋਜ਼ ਮੀਟਿੰਗਾਂ ਵਿਚ ਬੋਲਦਾ ਸੀ ਅਤੇ ਜਿਸ ਨੂੰ ਸੁਣਿਆਂ ਜਾਂਦਾ ਸੀ ਉਹ ਸੀ ਐਮ.ਕੇ. ਨਾਰਾਇਣਨ, ਆਈ. ਬੀ. ਦਾ ਡਾਇਰੈਕਟਰ। ਉਹ ਤਾਮਿਲ ਨਾਡੂ ਕਾਡਰ ਦਾ ਇਕ ਲਾਇਕ ਪੁਲਿਸ ਅਫ਼ਸਰ ਸੀ ਜਿਹੜਾ ਕਿ ਸਰਵਿਸ ਵਿਚ ਮੇਰੇ ਤੋਂ ਦੋ ਸਾਲ ਜੂਨੀਅਰ ਸੀ। ਉਸ ਅੰਦਰ ਕੁਦਰਤੀ ਰਾਜਨੀਤਕ ਸੂਝ ਸੀ ਅਤੇ ਉਸ ਦੀਆਂ ਅੱਖਾਂ ਅਤੇ ਕੰਨ ਮਾਮਲੇ ਦੀ ਤਹਿ ਤਕ ਜਾਂਦੇ ਸਨ। ਉਸ ਨੇ ਪੰਜਾਬ ਸਮੱਸਿਆ ਤੇ ਸਲਾਹ ਦਿੱਤੀ ਸੀ ਕਿ ਵੱਖ-ਵੱਖ ਮੌਕਿਆਂ ਤੇ ਕੁਝ ਕੁ ਰਿਆਇਤਾਂ ਦਿੱਤੀਆਂ ਜਾਣ ਅਤੇ ਇਨ੍ਹਾਂ ਰਿਆਇਤਾਂ ਦੇ ਪ੍ਰਭਾਵ ਦੀ ਨਿਗਰਾਨੀ ਅਤੇ ਜਾਇਜ਼ ਲਿਆ ਜਾਵੇ। ਮਿਸਾਲ ਦੇ ਤੌਰ ਤੇ, ਜੋਧਪੁਰ ਵਿਖੇ ਨਜ਼ਰਬੰਦੀਆਂ ਸਬੰਧੀ, ਐਮ. ਕੇ. ਦੀ ਤਰਕੀਬ ਸੀ, ਮੈਂ ਸਮਝਦਾ ਹਾਂ ਕਿ ਬਿਲਕੁਲ ਸਾਲਸੀ ਤੌਰ ਤੇ ਚੁਣ ਕੇ ਕੁਝ ਵਿਅਕਤੀਆਂ ਨੂੰ ਰਿਹਾ ਕੀਤਾ ਜਾਵੇ। ਇਸ ਮਾਮਲੇ ਵਿਚ ਚਿਦੰਬਰਮ ਨੇ ਉਸ

ਦਾ ਸਮਰਥਨ ਕੀਤਾ ਅਤੇ ਇਸੇ ਤਰ੍ਹਾਂ ਕਿਹਾ। ਮੈਂ ਮਹਿਸੂਸ ਕੀਤਾ ਕਿ ਵੀਹ ਜਾਂ ਤੀਹ ਕੱਟੜ ਉਗਰਵਾਦੀਆਂ ਨੂੰ ਛੱਡ ਕੇ ਬਾਕੀ ਸਾਰੇ ਦੇ ਸਾਰੇ ਵਿਅਕਤੀ ਰਿਹਾਅ ਕਰ ਦਿੱਤੇ ਜਾਣੇ ਚਾਹੀਦੇ ਹਨ। ਮੇਰੀ ਦਲੀਲ ਇਹ ਸੀ ਕਿ ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਸ਼ਾਂਤ ਹੋਣਗੀਆਂ ਅਤੇ ਸਾਡੀ ਆਤਮਾ ਨੂੰ ਵੀ ਸ਼ਾਂਤੀ ਮਿਲੇਗੀ ਕਿਉਂਕਿ ਬਹੁਤ ਸਾਰੇ ਨਜ਼ਰਬੰਦਾਂ ਦਾ ਅਸਲ ਵਿਚ ਖਾਲਿਸਤਾਨੀਆਂ ਨਾਲ ਕੋਈ ਵਾਸਤਾ ਨਹੀਂ ਸੀ। ਇਸ ਨਾਲ ਮੈਦਾਨ ਵਿਚ ਦਹਿਸ਼ਤਗਰਦਾਂ ਵਿਰੁੱਧ ਜੂਝਣ ਵਿਚ ਮਦਦ ਵੀ ਮਿਲੇਗੀ।

ਸਰਲਾ ਗਰੇਵਾਲ ਸਪੱਸ਼ਟ ਤੌਰ ਤੇ ਮੇਰੇ ਵਿਚਾਰ ਨਾਲ ਸਹਿਮਤ ਸੀ। ਪ੍ਰੰਤੂ ਕੁਝ ਕਾਰਣਾਂ ਕਰਕੇ ਉਹ ਅਜਿਹਾ ਕਹਿਣ ਤੋਂ ਝਿਜਕਦੀ ਸੀ। ਉਸ ਦੇ ਸਿਰ ਤੇ ਪ੍ਰਧਾਨ ਮੰਤਰੀ ਦਾ ਹੱਥ ਹੋਣ ਕਰਕੇ, ਉਹ ਮੈਨੂੰ ਬੋਲਣ ਲਈ ਇਸ਼ਾਰੇ ਕਰਦੀ ਰਹੀ ਅਤੇ ਹੌਂਸਲਾ ਦਿੰਦੀ ਰਹੀ। ਰਾਜੀਵ ਗਾਂਧੀ ਨੇ ਐਮ. ਕੇ. ਅਤੇ ਚਿਦੰਬਰਮ ਦੀ ਸਲਾਹ ਨੂੰ ਚੁਣਿਆਂ। ਮੈਂ ਨਹੀਂ ਜਾਣਦਾ ਕਿ ਕੀ ਉਥੇ ਹਾਜ਼ਰ ਕਿਸੇ ਸਿਆਸਤਦਾਨ ਨੇ ਵੀ ਇਸ ਦਲੀਲ ਦਾ ਸਮਰਥਨ ਕੀਤਾ ਹੋਵੇਗਾ। ਆਖਰਕਾਰ, ਜੋਧਪੁਰ ਦੇ ਕੈਦੀਆਂ ਨੂੰ ਥੋੜ੍ਹੇ-ਥੋੜ੍ਹੇ ਕਰਕੇ, ਹੌਲੀ-ਹੌਲੀ ਰਿਹਾਅ ਕਰ ਦਿੱਤਾ ਗਿਆ।" - ਉਹ ਬੰਧਕ (ਹੋਸਟੇਜਿਜ਼) ਸਨ।

### *ਓਪਰੇਸ਼ਨ ਵੁਡਰੋਜ਼*

ਓਪਰੇਸ਼ਨ ਵੁਡਰੋਜ਼ ਲਈ ਦੋ ਖੇਤਰ ਖਾਸ ਤੌਰ ਤੇ ਮਖਸੂਸ ਕੀਤੇ ਗਏ ਸਨ : ਜਨਰਲ ਜਾਮਵਾਲ ਨੂੰ ਬਾਰਡਰ ਸੀਲ ਕਰਨ ਦਾ ਇੰਚਾਰਜ ਬਣਾਇਆ ਗਿਆ ਸੀ ਅਤੇ ਜਨਰਲ ਆਰ.ਐਸ. ਦਿਆਲ ਨੇ ਪੰਜਾਬ ਰਾਜ ਦੇ ਅੰਦਰ ਖਾੜਕੂਆਂ ਨੂੰ ਫੜਨ ਦੇ ਕੰਮ ਦਾ ਨਿਰੀਖਣ ਕਰਨਾ ਸੀ।

ਓਪਰੇਸ਼ਨ ਵੁਡਰੋਜ਼ ਵਿਚ ਹੋਈਆਂ ਮੌਤਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿਉਂਜੋ ਫੌਜ ਨੇ ਪੂਰਣ ਤੌਰ ਤੇ ਕਰਫਿਊ ਲਗਾ ਦਿੱਤਾ ਸੀ ਜੋ ਕਿ ਪੰਜਾਬ ਦੇ ਕੁਝ ਹਿੱਸਿਆਂ ਵਿਚ ਤਾਂ ਸਿਰਫ 30 ਦਿਨਾਂ ਵਿਚ ਹੀ ਹਟਾ ਲਿਆ ਗਿਆ ਸੀ ਪਰ ਹੋਰਨਾਂ ਵਿਚ ਤਿੰਨ ਮਹੀਨੇ ਤੋਂ ਵੀ ਵੱਧ ਸਮੇਂ ਤਕ ਚਲਦਾ ਰਿਹਾ। ਇਹ ਗਲ ਕਹੀ ਜਾ ਰਹੀ ਸੀ ਕਿ ਫੌਜੀ ਬਲਾਂ ਨੇ ਵੱਡੀ ਗਿਣਤੀ ਵਿਚ ਬੰਦੇ ਫੜੇ ਸਨ - ਵੀਵਰ ਦੇ ਹਿਸਾਬ ਨਾਲ, ਬਾਰਡਰ ਦੇ ਨਾਲ ਲਗਦੇ ਪਿੰਡਾਂ ਵਿਚੋਂ 15 ਤੋਂ 60 ਸਾਲ ਦੀ ਉਮਰ ਦੇ ਸਾਰੇ ਆਦਮੀ। ਸਰਹੱਦ ਦੇ ਨਾਲ ਲਗਦੇ ਜ਼ਿਲ੍ਹਿਆਂ ਵਿਚ ਵਸਦੇ ਹਜ਼ਾਰਾਂ ਆਦਮੀ ਭਜ ਕੇ ਪਾਕਿਸਤਾਨ ਚਲੇ ਗਏ ਦੱਸੇ ਗਏ ਸਨ। 15 ਅਕਤੂਬਰ, 1984 ਦੀ **ਦਿ ਇੰਡਿਅਨ ਐਕਸਪ੍ਰੈਸ** ਦੀ ਇਕ ਰਿਪੋਰਟ ਅਨੁਸਾਰ 8000 ਤੋਂ ਵੱਧ ਵਿਅਕਤੀ ਆਪਣੇ ਘਰਾਂ 'ਚੋਂ ਲਾਪਤਾ ਸਨ ਜਾਂ ਪੁਲਿਸ ਦੀ ਹਿਰਾਸਤ ਵਿਚ ਸਨ।ਪੰਜਾਬੀ ਭਾਸ਼ਾ ਦੇ ਅਖ਼ਬਾਰਾਂ ਨੇ ਇਸ ਤੋਂ ਕਿਤੇ ਵੱਧ ਗਿਣਤੀ ਦਾ ਅਨੁਮਾਨ ਲਗਾਇਆ। ਸਰਕਾਰ ਨੇ ਕਦੀ ਵੀ ਇਨ੍ਹਾਂ ਜ਼ਿਲ੍ਹਿਆਂ ਵਿਚ ਲਾਪਤਾ ਵਿਅਕਤੀਆਂ ਦੀ ਗਿਣਤੀ ਦੀ ਖੋਜ-ਬੀਨ ਨਹੀਂ

ਕੀਤੀ ਅਤੇ ਅਜਿਹਾ ਕਰਨ ਸਬੰਧੀ ਸਾਰੀਆਂ ਬੇਨਤੀਆਂ ਨੂੰ ਅਪ੍ਰਵਾਨ ਕਰ ਦਿੱਤਾ। ਕੀ ਉਹ ਸਚਮੁਚ ਜਾਨਾਂ ਬਚਾ ਕੇ ਪਾਕਿਸਤਾਨ ਭਜ ਗਏ ਸਨ?

ਅਸੀਂ ਇਸ ਤੋਂ ਪਹਿਲਾਂ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਓਪਰੇਸ਼ਨ ਬਲਿਊਸਟਾਰ ਵਿਚ 5,000 ਤੋਂ ਵਧ ਨਾਗਰਿਕਾਂ ਦੀਆਂ ਮੌਤਾਂ ਦਾ ਅੰਦਾਜ਼ਾ ਬਿਆਨ ਕੀਤਾ ਸੀ ਜੋ ਕਿ ਘੱਟੋ ਘੱਟ ਸੀ। ਇਸ ਵਿਚ 8,000 "ਵੁਡਰੋਜ਼ ਦੌਰਾਨ ਲਾਪਤਾ" ਅਤੇ ਭਗੌੜੇ ਫੌਜੀ ਜੋ ਅੰਮ੍ਰਿਤਸਰ ਵਲ ਪਰਤਦਿਆਂ ਮਾਰੇ ਗਏ ਅਤੇ ਉਹ ਪਿੰਡਾਂ ਦੇ ਵਾਸੀ ਜੋ ਓਪਰੇਸ਼ਨ ਬਲਿਊਸਟਾਰ ਦੇ ਸਮੇਂ ਦਰਬਾਰ ਸਾਹਿਬ ਪੁੱਜਣ ਦਾ ਯਤਨ ਕਰ ਰਹੇ ਸਨ, ਸਾਰਿਆਂ ਨੂੰ ਮਿਲਾ ਕੇ ਜੂਨ ਅਤੇ ਜੁਲਾਈ, 1984 ਦੇ ਮਹੀਨਿਆਂ ਦੌਰਾਨ ਮਰਨ ਵਾਲੇ ਨਾਗਰਿਕਾਂ ਦੀ ਗਿਣਤੀ 18,000 ਤੋਂ 20,000 ਦੇ ਕਰੀਬ ਹੋ ਸਕਦੀ ਹੈ।

ਜਦੋਂ ਦਰਬਾਰ ਸਾਹਿਬ ਤੇ ਹਮਲਾ ਚਲ ਰਿਹਾ ਸੀ, ਫੌਜ ਦੇ ਹੋਰ ਦਸਤੇ ਪੰਜਾਬ ਵਿਚ ਸਥਿਤ 74 ਹੋਰ ਗੁਰਦੁਆਰਿਆਂ ਵਿਚ ਬਲਪੂਰਵਕ ਹਮਲੇ ਕਰ ਰਹੇ ਸਨ। ਸਰਕਾਰ ਦੇ ਵ੍ਹਾਈਟ ਪੇਪਰ ਨੇ ਕਿਹਾ ਹੈ ਕਿ ਇਨ੍ਹਾਂ ਹਮਲਿਆਂ ਦੌਰਾਨ 59 ਵਿਅਕਤੀ ਮਾਰੇ ਗਏ ਅਤੇ 35 ਜ਼ਖ਼ਮੀ ਹੋਏ।

ਫੌਜ ਇਹ ਕਬੂਲ ਕਰਦੀ ਹੈ ਕਿ ਪਟਿਆਲਾ ਵਿਖੇ ਗੁਰਦੁਆਰਾ ਦੁਖ ਨਿਵਾਰਨ ਵਿਖੇ ਇਸਨੇ 20 ਵਿਅਕਤੀ ਹਲਾਕ ਕੀਤੇ। ਪਟਿਆਲਾ ਦੇ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਬਿਆਨ ਦਿੱਤਾ ਕਿ ਸਿਵਲ ਹਸਪਤਾਲ ਵਿਖੇ 65 ਲਾਸ਼ਾਂ ਲਿਆਂਦੀਆਂ ਗਈਆਂ; ਪਟਿਆਲਾ ਦੇ ਸ਼ਮਸ਼ਾਨ ਘਾਟਾਂ ਦੇ ਇੰਚਾਰਜਾਂ ਦੇ ਅਨੁਸਾਰ ਗੁਰਦੁਆਰਾ ਦੁਖ ਨਿਵਾਰਨ ਤੋਂ ਲਿਆਂਦੀਆਂ ਗਈਆਂ 80 ਲਾਸ਼ਾਂ ਦਾ ਸਸਕਾਰ ਕੀਤਾ ਗਿਆ।ਇਹ ਆਮ ਜਾਣਕਾਰੀ ਦੀ ਗਲ ਸੀ ਕਿ ਲਾਸ਼ਾਂ ਦਾ ਸਸਕਾਰ ਤਿੰਨ ਵੱਖ-ਵੱਖ ਥਾਂਵਾਂ ਤੇ ਕੀਤਾ ਗਿਆ, ਜਿਨ੍ਹਾਂ 'ਚੋਂ ਵਧੇਰੇ ਗਿਣਤੀ ਫੌਜ ਤੇ ਟਰੱਕਾਂ ਵਿਚ ਲਦ ਕੇ ਬਹਾਦਰਗੜ੍ਹ ਕਿਲੇ ਵਲ ਲਿਜਾਂਦੀ ਵੇਖੀ ਗਈ।

## *ਨਵੰਬਰ 1984 ਦੀ ਨਸਲਕੁਸ਼ੀ*

9 ਨਵੰਬਰ ਨੂੰ, ਰਾਜੀਵ ਗਾਂਧੀ ਨੇ ਬੋਟ ਕਲੱਬ ਵਿਖੇ ਇਕ ਰੈਲੀ ਨੂੰ ਸੰਬੋਧਨ ਕੀਤਾ। ਇਹ ਉਹ ਅਵਸਰ ਸੀ ਜਿੱਥੇ ਉਸ ਨੇ ਉਨ੍ਹਾਂ ਦੰਗਿਆਂ, ਜੋ ਕਿ ਉਸ ਦੀ ਮਾਤਾ ਦੀ ਹੱਤਿਆ ਤੋਂ ਬਾਅਦ ਹੋਏ, ਦਾ ਬੜੇ ਅਫਸੋਸਜਨਕ ਅਤੇ ਸੁਭਾਵਕੀ ਢੰਗ ਨਾਲ ਹਵਾਲਾ ਦਿੱਤਾ ਸੀ : "ਜਦੋਂ ਕੋਈ ਵੱਡਾ ਰੁੱਖ ਡਿਗਦਾ ਹੈ, ਤਾਂ ਧਰਤੀ ਕੰਬਦੀ ਹੈ", ਉਸਨੇ ਕਿਹਾ।

ਪਰ ਜਦੋਂ ਮਹਾਤਮਾ ਗਾਂਧੀ ਦੀ ਇਕ ਮਹਾਰਾਸ਼ਟਰੀ ਹਿੰਦੂ ਨੇ ਗੋਲੀ ਮਾਰ ਕੇ ਹੱਤਿਆ ਕੀਤੀ ਸੀ, ਤਦ ਤਾਂ ਮਹਾਰਾਸ਼ਟਰੀ ਹਿੰਦੂਆਂ ਲਈ "ਧਰਤੀ" ਨਹੀਂ ਸੀ "ਕੰਬੀ"। ਕੀ ਉਹ ਇੰਦਰਾ ਤੋਂ ਛੋਟਾ "ਰੁੱਖ" ਸੀ?

ਜਦੋਂ ਤਮਿਲ ਵੱਖਵਾਦੀਆਂ ਨੇ ਰਾਜੀਵ ਗਾਂਧੀ ਦੀ ਹੱਤਿਆ ਕੀਤੀ ਤਦ ਵੀ ਹਿੰਦੂ-ਤਮਿਲਾਂ ਵਿਰੁੱਧ ਕੋਈ ਦੰਗੇ ਨਾ ਭੜਕੇ।

31 ਅਕਤੂਬਰ, 1984 ਨੂੰ, ਜਿਸ ਦਿਨ ਇੰਦਰਾ ਗਾਂਧੀ ਦੀ ਉਸ ਦੇ ਸਿੱਖ ਸੁਰੱਖਿਆ ਗਾਰਦਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਤਾਂ ਸਿੱਖਾਂ ਤੇ ਕਹਿਰ ਟੁੱਟ ਪਿਆ।

ਰਾਜੀਵ ਦੇ ਕਥਨ ਤੋਂ ਇੰਜ ਜਾਪਦਾ ਹੈ ਕਿ ਕਿਸੇ "ਕੁਦਰਤੀ ਅਲਾਮਤ" ਦਾ ਅੰਦੇਸਾ ਨਹੀਂ ਸਗੋਂ ਉਸ ਦੀ ਮਾਤਾ ਦੀ ਮਹਿਮਾ ਦਾ ਅੰਦਾਜ਼ਾ, ਮਾਰੇ ਗਏ ਸਿੱਖਾਂ ਦੀ ਗਿਣਤੀ ਤੋਂ ਲਗਾਉਣ ਦੀ ਉਸ ਦੀ ਆਪਣੀ ਖਾਹਿਸ਼ ਪ੍ਰਗਟਾਉਂਦਾ ਸੀ। ਇਸ ਸਾਰੇ ਪੁਆੜੇ ਦੀ ਸ਼ੁਰੂਆਤ ਰਾਜੀਵ ਗਾਂਧੀ ਤੋਂ ਹੀ ਹੋਈ। ਜਦੋਂ ਉਹ ਕਲਕੱਤੇ ਤੋਂ ਦਿੱਲੀ ਲਈ ਜਹਾਜ਼ ਤੇ ਚੜ੍ਹਨ ਲੱਗਾ ਸੀ ਤਾਂ ਕੁਝ ਕਾਂਗਰਸੀਆਂ ਨੇ ਭਜ ਕੇ ਉਸਨੂੰ ਉਸਦੀ ਮਾਤਾ ਦੀ ਹੱਤਿਆ ਦੀ ਸੂਚਨਾ ਦਿੱਤੀ। ਤਦ ਕਿਹਾ ਜਾਂਦਾ ਹੈ ਕਿ ਉਸਨੇ ਪਰਤ ਕੇ ਕਿਹਾ : "ਪਰ ਤੁਸੀਂ ਇਸ ਸਬੰਧ ਵਿਚ ਕੀ ਕੀਤਾ ਹੈ?" ਇਹ ਕਾਂਗਰਸੀਆਂ ਨੂੰ ਇਸ਼ਾਰਾ ਸੀ ਅਤੇ ਸਾਰੇ ਉੱਤਰੀ ਭਾਰਤ ਦੇ ਕਾਂਗਰਸੀ-ਰਾਜ ਵਾਲੇ ਰਾਜਾਂ ਵਿਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ।

ਰਾਜਧਾਨੀ ਵਿਚ, ਤਿੰਨ ਦਿਨਾਂ ਲਈ ਕਾਂਗਰਸੀਆਂ ਦੁਆਰਾ ਸੰਗਠਤ ਕੀਤੇ ਅਤੇ ਉਨ੍ਹਾਂ ਦੀ ਅਗਵਾਈ ਵਿਚ ਹਜੂਮ ਤੋੜ-ਭੰਨ, ਲੁੱਟ-ਮਾਰ, ਕਤਲ ਅਤੇ ਸਾੜ-ਫੂਕ ਕਰਨ ਵਿਚ ਲੱਗੇ ਰਹੇ। ਬਾਅਦ ਵਿਚ, ਗ਼ੈਰ-ਸਿੱਖ ਪਾਰਲੀਮੈਂਟ ਮੈਂਬਰਾਂ ਨੇ ਸੰਸਦ ਵਿਚ ਦੋਸ਼ ਲਗਾਇਆ ਕਿ ਤਿਹਾੜ ਜੇਲ੍ਹ 'ਚੋਂ ਕੈਦੀਆਂ ਨੂੰ ਇਸ ਕਰਕੇ ਛੱਡਿਆ ਗਿਆ ਸੀ ਕਿ ਉਹ ਸਿੱਖਾਂ ਤੇ ਟੁੱਟ ਪੈਣ। ਭਾਵੇਂ ਇਹ ਦੋਸ਼ ਗੰਭੀਰ ਸਨ, ਪਰ ਇਨ੍ਹਾਂ ਦੀ ਕੋਈ ਪੜਤਾਲ ਨਹੀਂ ਕੀਤੀ ਗਈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਰਿਆਣਾ ਦੇ ਮਧੂਬਨ ਪੁਲਿਸ ਟ੍ਰੇਨਿੰਗ ਸੈਂਟਰ ਤੋਂ ਪੁਲਿਸ ਰੰਗਰੂਟਾਂ ਦੇ ਪੰਜ ਟਰੱਕ ਭਰ ਕੇ ਭੇਜੇ ਗਏ ਤਾਂ ਕਿ ਉਹ ਦੰਗੇ ਕਰਾਉਣ ਵਿਚ ਸਹਾਈ ਹੋਣ। ਹਰਿਆਣਾ ਅਤੇ ਯੂ.ਪੀ. ਦੇ ਪਿੰਡਾਂ ਵਿਚੋਂ ਲੋਕਾਂ ਨੂੰ ਲਿਆਉਣ ਲਈ ਦਿੱਲੀ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਭਿਜਵਾਈਆਂ ਗਈਆਂ, ਤਾਂ ਜੋ ਉਹ ਕਤਲ, ਲੁੱਟ-ਮਾਰ ਅਤੇ ਅਗਜ਼ਨੀ ਵਿਚ ਸਹਾਈ ਹੋਣ।

ਸਰਕਾਰ ਦਿੱਲੀ ਵਿਚ ਮੌਤਾਂ ਦੀ ਗਿਣਤੀ 2,700 ਦਸਦੀ ਹੈ, ਜਦ ਕਿ ਮਨੁੱਖੀ ਅਤੇ ਸ਼ਹਿਰੀ ਅਧਿਕਾਰ ਸੰਸਥਾਵਾਂ ਨੇ 3,872 ਮਾਰੇ ਗਏ ਵਿਅਕਤੀ ਸ਼ਨਾਖ਼ਤ ਕੀਤੇ ਹਨ। ਦਿੱਲੀ ਇਕ ਬਹੁਤ ਦੂਰ ਦੂਰ ਤੀਕ ਫ਼ੈਲਿਆ ਹੋਇਆ ਸ਼ਹਿਰ ਹੈ ਅਤੇ ਜੇਕਰ ਦੂਰ ਦੂਰ ਫ਼ੈਲੀਆਂ ਬਸਤੀਆਂ ਅਤੇ ਗੱਡੀਆਂ / ਬਸਾਂ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ ਦਾ ਕਿਆਸ ਕੀਤਾ ਜਾਵੇ ਤਾਂ ਇਹ ਘੱਟੋ ਘੱਟ 8,000 ਹੋਵੇਗੀ ਅਤੇ 10,000 ਤੋਂ ਵੀ ਵੱਧ ਸਕਦੀ ਹੈ।

ਦਿੱਲੀ ਦੇ ਪੁਲਿਸ ਕਮਿਸ਼ਨਰ ਵੇਦ ਮਰਵਾਹ ਅਨੁਸਾਰ : "ਸਿਰਫ ਦਿੱਲੀ ਵਿਚ ਹੀ 3,000 ਤੋਂ ਵੱਧ ਸਿੱਖਾਂ ਨੂੰ ਅਤਿ ਜ਼ਾਲਮਾਨਾ ਢੰਗ ਨਾਲ ਜ਼ਿੰਦਾ ਜਲਾ ਦਿੱਤਾ ਗਿਆ ਅਤੇ ਦਿੱਲੀ ਪੁਲਿਸ ਬੇਹੱਦ ਸ਼ਰਮਨਾਕ ਤਰੀਕੇ ਨਾਲ ਚੁਪ-ਚਾਪ ਤਮਾਸ਼ਾ ਦੇਖਦੀ ਰਹੀ।" (**ਅਨਸਿਵਿਲ ਵਾਰਜ਼**)

1982 ਤੋਂ 1984 ਵਿਚਕਾਰ ਨਵੀਂ ਦਿੱਲੀ ਵਿਖੇ ਤਾਇਨਾਤ ਕੀਤੇ

ਗਏ ਸਿਵਲ ਅਤੇ ਮਿਲਟਰੀ ਅਫ਼ਸਰਾਂ ਨੇ ਪੁਸ਼ਟੀ ਕੀਤੀ ਕਿ 1982 ਦੇ ਸ਼ੁਰੂ ਵਿਚ ਕਾਂਗਰਸ (ਆਈ) ਕਾਰਜਕਰਤਾਵਾਂ ਨੇ ਨਿਸ਼ਾਨਾ ਬਣਾਉਣ ਲਈ ਸਿੱਖਾਂ ਨੂੰ ਚੁਣਿਆਂ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਪਾਕਿਸਤਾਨ ਦੁਆਰਾ ਸਿੱਖਾਂ ਨੂੰ ਦਿੱਤੀ ਜਾਣ ਵਾਲੀ ਥੋੜ੍ਹੀ ਜਹੀ ਸ਼ਹਿ ਤੇ ਸਿੱਖ ਖਾਲਿਸਤਾਨ ਦਾ ਐਲਾਨ ਕਰਨਗੇ (ਸਿੱਖਾਂ ਦੀ ਇਕ ਮੰਗ ਸੀ ਕਿ ਭਾਰਤ ਵਿਚ ਅੰਮ੍ਰਿਤਸਰ ਅਤੇ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਦੋ ਪਵਿੱਤਰ ਸ਼ਹਿਰਾਂ ਨੂੰ ਵੈਟੀਕਨ ਸਿਟੀ ਦਾ ਦਰਜਾ ਦਿੱਤਾ ਜਾਵੇ। ਇਸ ਤਰ੍ਹਾਂ ਦੀ ਸੋਚ-ਵਿਚਾਰ ਪੰਜਾਬ ਦੇ ਸਿੱਖਾਂ ਵਿਰੁੱਧ ਹਮਲਾ ਕਰਨ ਲਈ ਭਾਰਤੀ ਫ਼ੌਜ ਦੇ ਕੰਨੀ ਵੀ ਪਾ ਦਿੱਤੀ ਗਈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਇਸੇ ਕਰਕੇ ਸਾਰੇ ਉੱਤਰੀ ਭਾਰਤ, ਜਿੱਥੇ ਰਾਜਨੀਤਕ ਤੌਰ ਤੇ ਕਾਂਗਰਸ (ਆਈ) ਹਾਵੀ ਸੀ, ਵਿਚ ਸਿੱਖਾਂ ਵਿਰੁੱਧ ਸਿਲਸਿਲੇਵਾਰ ਇਸੇ ਕਿਸਮ ਦੇ ਹਮਲੇ ਹੋਏ।

ਇਹ ਸੰਭਵ ਹੈ ਕਿ ਪੰਜਾਬ ਅਤੇ ਹੋਰਨੀਂ ਥਾਈਂ ਸਿੱਖਾਂ ਵਿਰੁੱਧ ਇਹ ਯੋਜਨਾਬੱਧ ਹਮਲੇ ਓਪਰੇਸ਼ਨ ਬਲਿਊਸਟਾਰ ਤੋਂ ਥੋੜ੍ਹਾ ਚਿਰ ਬਾਅਦ ਕਰਨ ਲਈ ਨਿਸ਼ਚਿਤ ਕੀਤੇ ਗਏ ਸਨ ਅਤੇ ਬੇਅੰਤ ਸਿੰਘ ਨੂੰ ਆਪਣੇ ਅੰਦਰ ਉੱਠੇ ਜੋਸ਼ ਕਰਕੇ ਇਸ ਦਾ ਪਤਾ ਲਗ ਗਿਆ ਅਤੇ ਆਪਣੇ ਭਾਈਚਾਰੇ ਤੇ ਇਸ ਭਿਆਨਕ ਹਮਲੇ ਦਾ ਪਹਿਲਾਂ ਹੀ ਅਨੁਮਾਨ ਲੱਗਣ ਕਾਰਣ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕਰ ਦਿੱਤਾ।

ਹੇਠਲੀ ਅਦਾਲਤ ਵਿਚ, ਦਿੱਲੀ ਦੇ ਅਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਓ.ਪੀ. ਦਵੇਦੀ ਨੇ 22 ਦਸੰਬਰ, 1997 ਨੂੰ ਨਵੰਬਰ, 1984 ਦੇ ਕਤਲੇਆਮ ਦੌਰਾਨ ਸਿੱਖਾਂ ਨੂੰ ਮਾਰਨ ਲਈ ਦੋ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਸੁਣਾਉਂਦਿਆਂ ਆਪਣੇ ਫ਼ੈਸਲੇ ਵਿਚ ਲਿਖਿਆ : "ਇਹ ਕਤਲੋਗਾਰਤ ਪੁਲਿਸ ਦੁਆਰਾ ਚੁਪ ਚਾਪ ਵੇਖਦੇ ਰਹਿਣ ਕਰਕੇ ਅਤੇ ਉਸਦੀ ਮਿਲੀ-ਭੁਗਤ ਤੋਂ ਬਿਨਾਂ ਹੋਣੀ ਸੰਭਵ ਨਹੀਂ ਸੀ ... ਪੁਲਿਸ ਨੇ ਅਗਜ਼ਨੀ ਅਤੇ ਕਤਲਾਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ, ਨਾ ਹੀ ਉਹ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕਰਨ ਦੀ ਇੱਛੁਕ ਸੀ।"

ਰਾਜਧਾਨੀ ਵਿਚ 200 ਗੁਰਦੁਆਰਿਆਂ ਤੇ ਹਮਲਾ ਕੀਤਾ ਗਿਆ, ਉਨ੍ਹਾਂ ਵਿਚੋਂ ਕੁਝ ਨੂੰ ਢਾਹ-ਢੇਰੀ ਕਰ ਦਿੱਤਾ ਗਿਆ। ਇਹ ਯਾਦ ਕੀਤਾ ਜਾਵੇ ਕਿ ਜਦੋਂ 18ਵੀਂ ਸਦੀ ਵਿਚ ਨਾਦਰ ਸ਼ਾਹ ਨੇ ਦਿੱਲੀ ਤੇ ਹਮਲਾ ਕੀਤਾ ਸੀ ਤਾਂ ਉਸਨੇ ਹਜ਼ਾਰਾਂ ਨੂੰ ਆਪਣੀ ਤਲਵਾਰ ਦਾ ਸ਼ਿਕਾਰ ਬਣਾਇਆ ਸੀ ਪਰ ਉਸ ਨੇ ਦਿੱਲੀ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਜ਼ਬਰ ਦਾ ਸ਼ਿਕਾਰ ਬਣਾਇਆ ਸੀ ਅਤੇ ਉਸਦੇ ਸਿਪਾਹੀਆਂ ਨੇ ਇਕ ਵੀ ਹਿੰਦੂ ਮੰਦਰ ਜਾਂ ਗੁਰਦੁਆਰੇ ਨੂੰ ਨਹੀਂ ਸੀ ਛੇੜਿਆ।

ਨਾਦਰ ਸ਼ਾਹ ਇਕ ਵਿਦੇਸ਼ੀ ਹਮਲਾਵਰ ਸੀ। ਦਿੱਲੀ ਦੇ ਸਿੱਖਾਂ ਤੇ ਉਨ੍ਹਾਂ ਦੇ ਆਪਣੇ ਦੇਸ਼ਵਾਸੀਆਂ ਨੇ ਹਮਲਾ ਕੀਤਾ ਸੀ, ਜਿਨ੍ਹਾਂ ਦੀ ਅਗਵਾਈ ਚੁਣੇ

ਗਏ ਨੁਮਾਇੰਦੇ ਕਰ ਰਹੇ ਸਨ ਜਦ ਕਿ ਪੁਲਿਸ, ਜਿਸ ਦੀ ਇਹ ਡਿਊਟੀ ਸੀ ਕਿ ਉਹ ਕਾਨੂੰਨ-ਮੰਨਣ ਵਾਲੇ ਵਿਅਕਤੀਆਂ ਦੀ ਰਖਿਆ ਕਰਦੀ, ਖੜ੍ਹੀ ਵੇਖਦੀ ਰਹੀ - ਅਤੇ ਕਈ ਵਾਰ ਉਸਨੇ ਗਰਮਜੋਸ਼ੀ ਨਾਲ ਹਜੂਮ ਦਾ ਸਾਥ ਵੀ ਦਿੱਤਾ। ਇਕ ਸੀਨੀਅਰ ਆਈ ਪੀ ਐਸ ਅਫ਼ਸਰ ਜਿਸਨੇ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਗਵਾਹੀ ਦਿੱਤੀ, ਕਿਹਾ : "ਦੰਗੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਕਰਵਾਏ ਗਏ ਸਨ।"

ਪਰੰਤੂ ਪ੍ਰਧਾਨ ਮੰਤਰੀ ਡੈਜ਼ੀਗਨੇਟ ਅਤੇ ਗ੍ਰਿਹ ਮੰਤਰੀ ਨਰਸਿਮਹਾ ਰਾਓ ਨੂੰ ਅਪੀਲਾਂ ਕਰਨ ਦੇ ਬਾਵਜੂਦ, ਫੌਜ ਨੂੰ ਨਾ ਬੁਲਾਇਆ ਗਿਆ। ਇਹ ਸਿਰਫ ਤੀਜੇ ਦਿਨ ਸੀ (ਜਦੋਂ ਕਿ ਰਾਜੀਵ ਗਾਂਧੀ ਨੇ ਪਹਿਲਾਂ ਹੀ, ਆਪਣੇ ਚਮਚਿਆਂ ਨੂੰ ਇਸ਼ਾਰਾ ਕਰ ਦਿੱਤਾ ਸੀ ਕਿ ਹੁਣ ਰੋਕਣ ਦਾ ਸਮਾਂ ਆ ਗਿਆ ਹੈ) ਕਿ ਗ੍ਰਿਹ ਮੰਤਰੀ ਨੇ ਆਪਣੇ ਸਹਾਇਕਾਂ ਨੂੰ ਕਿਹਾ : "ਅਬ ਬਹੁਤ ਹੋ ਗਿਆ।" ਇਸ ਮਗਰੋਂ ਫੌਜ ਬੁਲਾਈ ਗਈ।

ਸਪੱਸ਼ਟ ਤੌਰ ਤੇ, ਸਰਕਾਰ ਨੂੰ ਕਤਲੇਆਮ ਤੋਂ ਕੋਈ ਇਤਰਾਜ਼ ਨਹੀਂ ਸੀ। ਬਾਅਦ ਵਿਚ ਗ੍ਰਿਹ ਮੰਤਰੀ ਦੇ ਵਲੋਂ ਗੱਲ ਕਰਨ ਵਾਲਿਆਂ ਨੇ ਉਸਦੇ ਵਾਕ ਦਾ ਸਪੱਸ਼ਟੀਕਰਣ ਦੇਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਰਾਓ, ਜਿਸਦੀ ਮਾਤਰੀ ਬੋਲੀ ਤੈਲਗੂ ਹੈ, ਨੇ ਜੋ ਕੁਝ ਕਿਹਾ ਸੀ ਉਸਦਾ ਅੰਤਰੀਵ ਭਾਵ ਉਸਨੂੰ ਨਹੀਂ ਸੀ ਪਤਾ। 30 ਸਾਲਾਂ ਲਈ ਪੀ.ਵੀ. ਨਰਸਿਮਹਾ ਰਾਓ ਰਾਸ਼ਟਰੀ ਪੱਧਰ ਤੇ ਰਾਜਨੀਤਕ ਅਭਿਨੇਤਾ ਰਿਹਾ ਹੈ ਅਤੇ ਉਸਨੇ ਹਿੰਦੀ ਨੂੰ ਆਪਣੀ ਪੇਸ਼ਾਵਾਰਾਨਾ ਭਾਸ਼ਾ ਵਾਂਗੂੰ ਇਸਤਮਾਲ ਕੀਤਾ ਹੈ। ਉਸ ਬਾਰੇ ਮਸ਼ਹੂਰ ਹੈ ਕਿ ਉਹ ਇਕ ਭਾਸ਼ਾ-ਸ਼ਾਸਤਰੀ ਹੈ। ਇਹ ਬੜੀ ਅਜੀਬ ਗੱਲ ਹੋਵੇਗੀ ਜੇਕਰ ਉਸਨੇ ਆਪਣੇ ਲਫ਼ਜ਼ਾਂ ਦਾ ਭਾਵ ਨਾ ਸਮਝਿਆ ਹੋਵੇ।

ਬਾਅਦ ਵਿਚ ਹਰੀ ਕਿਸ਼ੋਰ ਸਿੰਘ ਨੇ ਲੋਕ ਸਭਾ ਨੂੰ ਇਨ੍ਹਾਂ ਲਫ਼ਜ਼ਾਂ ਦੀ ਯਾਦ ਦੁਆਈ।

ਕਤਲੇਆਮ ਦੇ ਵੱਖ-ਵੱਖ ਪਹਿਲੂਆਂ ਸਬੰਧੀ ਚੌਦ੍ਹਾਂ ਕਮਿਸ਼ਨ ਵਿਚਾਰ ਕਰ ਚੁੱਕੇ ਹਨ ਪਰੰਤੂ ਕੋਈ ਨਿਆਂ ਨਹੀਂ ਕੀਤਾ ਗਿਆ।

ਭੜਕੇ ਹੋਏ ਹਜੂਮਾਂ ਨੇ ਬੋਕਾਰੋ, ਡਾਲਟਨਗੰਜ, ਹਜ਼ਾਰੀਬਾਗ, ਧਨਬਾਦ, ਰਾਂਚੀ, ਕਾਨਪੁਰ, ਲਖਨਊ, ਗਾਜ਼ੀਆਬਾਦ, ਰਤਲਾਮ, ਰੇਵਾ, ਸੋਨੀਪਤ, ਪਾਨੀਪਤ ਅਤੇ ਕਈ ਹੋਰਨਾਂ ਸ਼ਹਿਰਾਂ ਵਿਚ, ਇਹ ਵੇਖਿਆ ਗਿਆ ਕਿ ਸਿੱਖਾਂ ਨੂੰ ਮਾਰਨ ਲਈ ਇਕੋ ਜਿਹੇ ਢੰਗ ਇਸਤਮਾਲ ਕੀਤੇ ਗਏ। ਉਨ੍ਹਾਂ ਲੋਕਾਂ, ਜੋ ਅਕਸਰ ਹਜੂਮ ਦੀ ਅਗਵਾਈ ਕਰ ਰਹੇ ਸਨ, ਦੇ ਹੱਥਾਂ ਵਿਚ ਰਾਸ਼ਨ-ਕਾਰਡ ਹੋਲਡਰਾਂ ਦੀਆਂ ਸੂਚੀਆਂ ਇਹ ਯਕੀਨੀ ਬਣਾਉਣ ਲਈ ਸਨ ਕਿ ਉਹ ਕਿਸੇ ਇਕ ਵੀ ਸਿੱਖ ਦਾ ਘਰ ਮਿਸ ਨਾ ਕਰ ਦੇਣ। ਉਨ੍ਹਾਂ ਦੀ ਕਾਰਵਾਈ ਦਾ ਢੰਗ (ਮੋਡਸ ਓਪਰੈਂਡੀ) ਇਹ ਸੀ ਕਿ ਲੋਕਾਂ ਨੂੰ ਲਾਠੀਆਂ ਜਾਂ ਲੋਹੇ ਦੇ ਰਾਡਾਂ ਨਾਲ ਮਾਰ ਕੇ ਜਾਂ ਪੁਰਾਣੇ ਟਾਇਰਾਂ ਨੂੰ ਅੱਗ ਲਗਾ ਕੇ ਉਨ੍ਹਾਂ ਨੂੰ ਮੌਕੇ ਤੇ ਜਲਾ ਕੇ ਮਾਰ ਦੇਣਾ।

ਟਰੱਕ ਵਗੈਰਾ (ਸਾਮਾਨ ਢੋਣ ਆਦਿ ਦਾ ਕੰਮ) ਚਲਾਉਣ ਦਾ ਕੰਮ ਉਨ੍ਹਾਂ ਦਿਨਾਂ ਵਿਚ ਲਗਭਗ ਸਿੱਖ ਹੀ ਕਰਦੇ ਸਨ। ਰਾਹਾਂ ਵਿਚ ਹਜ਼ਾਰਾਂ ਟਰੱਕਾਂ ਨੂੰ ਘੇਰ ਕੇ ਅੱਗਾਂ ਲਗਾ ਦਿੱਤੀਆਂ ਅਤੇ ਉਨ੍ਹਾਂ ਦੇ ਚਾਲਕਾਂ ਨੂੰ ਮਾਰ ਦਿੱਤਾ। ਸਰਕਾਰ ਨੇ, ਇਸ ਤੱਥ ਦੇ ਬਾਵਜੂਦ ਕਿ ਬੀਮਾ ਕੰਪਨੀਆਂ ਪਾਸ ਤਾਂ ਸਹੀ ਅੰਕੜੇ ਹਨ, ਦੱਸਣੋਂ ਨਾਂਹ ਕਰ ਦਿੱਤੀ ਕਿ ਕਿੰਨੇ ਟਰੱਕ ਅਤੇ ਟਰੱਕ ਡਰਾਈਵਰ ਖ਼ਤਮ ਕਰ ਦਿੱਤੇ ਗਏ।

ਇਕ ਅੰਦਾਜ਼ਾ ਲਗਾਇਆ ਗਿਆ ਕਿ ਗੱਡੀਆਂ ਵਿਚ 2,000 ਤੋਂ 3,000 ਤਕ ਸਿੱਖ ਮਾਰ ਦਿੱਤੇ ਗਏ ਸਨ ਪਰੰਤੂ ਫਿਰ ਵੀ ਰੇਲਵੇ ਬੋਰਡ ਅਤੇ ਭਾਰਤ ਸਰਕਾਰ ਨੇ ਮਾਰੇ ਗਿਆ ਦੀ ਸਹੀ ਗਿਣਤੀ ਅਤੇ ਉਨ੍ਹਾਂ ਦੀ ਪਹਿਚਾਣ ਦੱਸਣ ਤੋਂ ਨਾਂਹ ਕਰ ਦਿੱਤੀ। ਫੌਜ ਕੋਲ ਉਨ੍ਹਾਂ ਸਿੱਖ ਸਿਪਾਹੀਆਂ ਦੀ ਸੂਚੀ ਹੈ ਜਿਹੜੇ ਗੱਡੀਆਂ ਵਿਚ ਮਾਰੇ ਗਏ ਸਨ ਪਰੰਤੂ ਇਹ ਗੁਪਤ ਰੱਖੀ ਗਈ ਹੈ। ਜਾਰਜ ਫਰਨਾਂਡੇਜ਼, ਜੋ ਚੰਦਰ ਸ਼ੇਖਰ ਸਰਕਾਰ ਵਿਚ ਰੇਲ ਮੰਤਰੀ ਸਨ, ਨੇ ਦੇਰ ਬਾਅਦ 4 ਸਾਲਾਂ ਪਹਿਲਾਂ ਮਾਮਲੇ ਦੀ ਗ਼ੈਰ-ਸਰਕਾਰੀ ਤੌਰ ਤੇ ਪੁੱਛ-ਗਿੱਛ ਕੀਤੀ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਗੱਡੀਆਂ ਵਿਚ ਮਾਰੇ ਗਏ 600 ਤੋਂ ਲੈ ਕੇ 700 ਤਕ ਸਿੱਖਾਂ ਦੀ ਹੁਣ ਤਕ ਸ਼ਨਾਖ਼ਤ ਕਰ ਲਈ ਗਈ ਹੈ। ਜਾਣ-ਪੱਤਰ ਅਤੇ ਪੰਜਾਬ ਦੇ ਉਸ ਵੇਲੇ ਦੇ ਰਾਜਪਾਲ ਨਿਰਮਲ ਕੁਮਾਰ ਮੁਖਰਜੀ ਦੁਆਰਾ ਭੇਜੀ ਗਈ ਸੂਚਨਾ ਪ੍ਰਾਪਤ ਕਰਨ ਵਿਚ ਮਦਦ ਲਈ ਕੀਤੀ ਬੇਨਤੀ ਵਿਚ ਫਰਕ ਹੈ।[3]

ਸਮੁੱਚੇ ਭਾਰਤ ਵਿਚ ਨਵੰਬਰ, 1984 ਦੀ ਨਸਲਕੁਸ਼ੀ ਦੌਰਾਨ ਮਾਰੇ ਗਏ ਵਿਅਕਤੀਆਂ ਦਾ ਕੁਲ ਅੰਕੜਾ ਲਗਭਗ 20,000 ਹੋਵੇਗਾ।

ਆਖਰੀ ਵਾਰ ਜਨਵਰੀ, 1992 ਨੂੰ ਤਿੰਨ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਤਿੰਨ ਸਾਬਕਾ ਐਡਵੋਕੇਟ ਜਨਰਲਾਂ ਨੇ ਰਲ ਕੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੂੰ ਇਹ ਬੇਨਤੀ ਕਰਦਿਆਂ ਪਹੁੰਚ ਕੀਤੀ ਕਿ ਉਹ ਹੱਤਿਆਵਾਂ ਦੀ ਸੁਤੰਤਰ ਜਨ-ਗਣਨਾ ਕਰਵਾਉਣ ਦਾ ਪ੍ਰਬੰਧ ਕਰਨ ਕਿਉਂਕਿ ਪ੍ਰਧਾਨ ਮੰਤਰੀ ਉਨ੍ਹਾਂ ਦੇ ਪੱਤਰ ਦਾ ਉੱਤਰ ਨਹੀਂ ਦੇ ਸਕੇ ਹਨ।

## 1986-88

### *ਓਪਰੇਸ਼ਨ ਬਲੈਕ ਥੰਡਰ I ਅਤੇ II*

ਗੋਲਡਨ ਟੈਂਪਲ ਕੰਪਲੈਕਸ ਵਿਚੋਂ ਅੱਤਵਾਦੀਆਂ ਨੂੰ ਕੱਢਣ ਲਈ ਬਲੈਕ ਥੰਡਰ ਨਾਂ ਦੀਆਂ ਦੋ ਕਾਰਵਾਈਆਂ ਕੀਤੀਆਂ ਗਈਆਂ।

ਪਹਿਲੀ ਕਾਰਵਾਈ ਸੁਰਜੀਤ ਸਿੰਘ ਬਰਨਾਲਾ ਦੇ ਮੁੱਖ ਮੰਤਰੀ ਹੋਣ ਸਮੇਂ 30 ਅਪ੍ਰੈਲ, 1986 ਨੂੰ ਕੀਤੀ ਗਈ ਸੀ। ਇਹ ਕਾਰਵਾਈ ਕਲੰਕ ਲੱਗਣ ਵਾਲੀ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਅਤੇ ਅਮਰਿੰਦਰ ਸਿੰਘ ਦੀ ਅਗਵਾਈ

ਹੇਠ 27 ਐਮ.ਐਲ.ਏਜ਼. ਪਾਰਟੀ ਨਾਲੋਂ ਟੁੱਟ ਗਏ ਜਿਨ੍ਹਾਂ ਨੂੰ ਬਾਅਦ ਵਿਚ ਅਸੈਂਬਲੀ ਦੀ ਸੀਟ ਤੋਂ ਵਾਂਝਿਆਂ ਕਰ ਦਿੱਤਾ ਗਿਆ। ਉਨ੍ਹਾਂ ਦੀ ਅਸੈਂਬਲੀ ਦੀ ਸੀਟ ਬਰਨਾਲਾ ਦੀ ਜ਼ਿੱਦ ਤੇ ਸਪੀਕਰ ਰਾਹੀਂ ਖ਼ਤਮ ਕਰ ਦਿੱਤੀ ਗਈ ਸੀ।

ਵੇਦ ਮਰਵਾਹ ਨੇ ਇਸ ਦਾ ਹਵਾਲਾ ਆਪਣੀ ਪੁਸਤਕ "**ਅਨਸਿਵਿਲ ਵਾਰਜ਼**" ਵਿਚ ਦਿੱਤਾ ਹੈ (ਪੰਨਾ 81) : "ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲਿਸ ਅਤੇ ਨੀਮ ਫੌਜੀ ਬਲਾਂ ਦੇ ਦਾਖਲੇ ਦੀ ਆਗਿਆ ਬਰਨਾਲਾ ਸਰਕਾਰ ਦੇ ਫੈਸਲੇ ਦੀ ਨੁਕਤਾਚੀਨੀ ਪਰਕਾਸ਼ ਸਿੰਘ ਬਾਦਲ ਸਮੇਤ ਬਾਗੀ ਅਕਾਲੀ ਨੇਤਾਵਾਂ ਨੇ ਕੀਤੀ। ਬਰਨਾਲਾ ਦੇ ਆਲੋਚਕ ਇਸ ਤੱਥ ਦਾ ਨਾਜਾਇਜ਼ ਫਾਇਦਾ ਉਠਾਉਣ ਦੇ ਯੋਗ ਸਨ ਕਿ ਓਪਰੇਸ਼ਨ ਦੌਰਾਨ ਅੰਦਰੋਂ ਇਕ ਵੀ ਅੱਤਵਾਦੀ ਅਤੇ ਨਾ ਹੀ ਕੋਈ ਹਥਿਆਰ ਮਿਲਿਆ ਹੈ। ਗੋਲਡਨ ਟੈਂਪਲ ਅੰਦਰੋਂ ਖਾਲਿਸਤਾਨ ਬਣਾਉਣ ਦੇ ਐਲਾਨ ਨੇ ਸਥਿਤੀ ਨੂੰ ਵਿਗਾੜ ਦਿੱਤਾ ਜਿਸ ਕਰਕੇ ਕੌਮੀ ਸੁਰੱਖਿਆ ਗਰੁੱਪ (ਐਨ ਐਸ ਜੀ) ਨੂੰ ਦਖ਼ਲ-ਅੰਦਾਜ਼ੀ ਕਰਨੀ ਪਈ। ਪੁਲਿਸ ਅਤੇ ਐਨ ਐਸ ਜੀ ਦੇ ਗੋਲਡਨ ਟੈਂਪਲ ਵਿਚ ਦਾਖਲੇ ਦੇ ਰੋਸ ਵਿਚ ਵਿਧਾਨ ਸਭਾ ਦੇ 27 ਮੈਂਬਰਾਂ ਨੇ ਪਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਅਤੇ ਅਮਰਿੰਦਰ ਸਿੰਘ ਦੇ ਵਿਧਾਨ ਮੰਡਲ ਪਾਰਟੀ ਦੇ ਨੇਤਾ ਵਜੋਂ, ਵੱਖਰਾ ਅਕਾਲੀ ਦਲ ਬਣਾ ਲਿਆ। ਐਸ ਜੀ ਪੀ ਸੀ ਦਾ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵੀ ਬਾਅਦ ਵਿਚ ਬਾਦਲ ਨਾਲ ਮਿਲ ਗਿਆ। ਮੁੱਖ ਮੰਤਰੀ ਬਰਨਾਲਾ ਕੋਲ ਅਸੈਂਬਲੀ ਵਿਚ ਕਾਂਗਰਸ-ਆਈ ਦੇ ਸਮਰਥਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ। ਬਰਨਾਲੇ ਨੂੰ ਉਸ ਦੇ ਆਲੋਚਕਾਂ ਦੁਆਰਾ ਸਿੱਖਾਂ ਦਾ ਗਦਾਰ ਗਰਦਾਨਿਆਂ ਗਿਆ... "

ਕੇ.ਪੀ.ਐਸ. ਗਿੱਲ ਨੇ ਵੀ ਮਨੁੱਖੀ ਅਧਿਕਾਰ ਗਰੁੱਪਾਂ ਤੇ ਤਰੋੜੇ-ਮਰੋੜੇ ਤੱਥਾਂ ਨਾਲ ਦੋਸ਼ ਲਗਾਉਣਾ ਸ਼ੁਰੂ ਕਰ ਦਿੱਤਾ। "ਓਪਰੇਸ਼ਨ ਬਲੈਕ ਥੰਡਰ ਦੀ ਮੁਕੰਮਲ ਦਸਤਾਵੇਜ਼ੀ ਗਵਾਹੀ, ਜਿਸ ਵਿਚ ਮੀਡੀਆ ਸਾਹਮਣੇ ਪੂਰਨ ਕਾਰਵਾਈ ਕੀਤੀ ਗਈ ਸੀ, ਦੇ ਬਾਵਜੂਦ ਵੀ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ।" ਪਰੰਤੂ ਪਹਿਲਾਂ ਰੋਟਰੀ ਕਲੱਬ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਗਿੱਲ ਨੇ ਕਿਹਾ ਕਿ : "ਖਾੜਕੂਆਂ ਦੇ ਹਮਦਰਦ ਕੁਝ ਲੋਕ ਪੁਲਿਸ ਦੀ ਮੁਕੱਦਮੇਬਾਜ਼ੀ ਏਜੰਸੀ ਵਿਚ ਘੁਸ ਗਏ ਹਨ ਅਤੇ ਇਸੇ ਕਰਕੇ ਜ਼ਿਆਦਾ ਸਬੂਤ ਇਕੱਠੇ ਨਹੀਂ ਕੀਤੇ ਜਾ ਸਕੇ। ਪੰਜਾਬ ਦੇ ਐਡਵੋਕੇਟ ਜਨਰਲ ਜੀ. ਐਸ. ਗਰੇਵਾਲ ਨੇ ਗਿੱਲ ਤੇ ਤੱਥਾਂ ਨੂੰ ਤਰੋੜ-ਮਰੋੜ ਕਰਨ ਦਾ ਦੋਸ਼ ਲਗਾਇਆ। ਗਰੇਵਾਲ ਨੇ ਕਿਹਾ ਕਿ :"ਓਪਰੇਸ਼ਨ ਬਲੈਕ ਥੰਡਰ ਦੌਰਾਨ ਫੜੇ ਗਏ ਵਿਅਕਤੀਆਂ ਤੇ ਦਰਅਸਲ ਮੁਕੱਦਮਾ ਚਲਾਇਆ ਗਿਆ ਸੀ। ਉਹ ਕੁਝ ਮਹੀਨਿਆਂ ਮਗਰੋਂ ਗਵਾਹੀ ਦੀ ਘਾਟ ਕਾਰਣ ਸਰਕਾਰੀ ਵਕੀਲਾਂ ਦੇ ਕਹਿਣ ਤੇ ਰਿਹਾ ਕਰ ਦਿੱਤੇ ਗਏ ਸਨ। ਇਹ ਹੋਰ ਗੱਲ ਹੈ ਕਿ ਅਜ ਉਨ੍ਹਾਂ ਵਿਚੋਂ ਸ਼ਾਇਦ ਕੋਈ ਵੀ ਜਿਉਂਦਾ ਨਾ ਹੋਵੇ। ਇਹ ਮੰਨਣਾ ਬਹੁਤ ਔਖਾ ਹੋਵੇਗਾ ਕਿ ਉਹ ਕੁਦਰਤੀ ਮੌਤ

ਮਰੇ।"

ਪਹਿਲੀ ਬਲੈਕ ਥੰਡਰ ਕਾਰਵਾਈ ਵਿਚ ਬਰਨਾਲਾ ਨੂੰ ਸਿੱਖ ਕੌਮ ਨੇ ਛੇਕ ਦਿੱਤਾ ਸੀ। ਮਈ 18, 1987 ਨੂੰ ਜਦੋਂ ਉਸ ਦੀ ਸਰਕਾਰ ਬਰਖ਼ਾਸਤ ਕਰ ਦਿੱਤੀ ਗਈ ਸੀ, ਇਹ ਸਾਬਕਾ ਮੁੱਖ ਮੰਤਰੀ ਅਕਾਲ ਤਖ਼ਤ ਦੇ ਜੱਥੇਦਾਰ ਅੱਗੇ "ਪੇਸ਼" ਹੋਇਆ ਜਿਸ ਨੇ ਉਸ ਨੂੰ ਹੁਕਮ ਦਿੱਤਾ ਕਿ ਉਹ ਨਿਸ਼ਚਿਤ ਸਮੇਂ ਲਈ ਦਰਬਾਰ ਸਾਹਿਬ ਅਤੇ ਕਈ ਹੋਰ ਇਤਿਹਾਸਕ ਗੁਰਦੁਆਰਿਆਂ ਵਿਖੇ ਸ਼ਰਧਾਲੂਆਂ ਦੀ ਸੇਵਾ ਕਰਕੇ ਆਪਣੇ ਕੁਕਰਮ ਦਾ ਪਸ਼ਚਾਤਾਪ ਕਰੇ।

1986 ਦਾ ਵਰ੍ਹਾ ਬੜਾ ਮਾੜਾ ਸੀ। ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਉਸ ਸਾਲ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਵਾਅਦੇ ਅਨੁਸਾਰ ਆਪਣਾ ਦਾਅਵਾ ਪੇਸ਼ ਕੀਤਾ। ਰਾਜੀਵ ਆਪਣੇ ਵਾਅਦੇ ਤੋਂ ਮੁਕਰ ਗਿਆ ਜਿਸ ਤੋਂ ਬਰਨਾਲਾ ਨੂੰ ਬਹੁਤ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਬਰਨਾਲਾ ਦੀ ਸਰਕਾਰ, ਹਰਿਆਣਾ ਅਸੈਂਬਲੀ ਦੀਆਂ ਚੋਣਾਂ ਦੇ ਐਨ ਮੌਕੇ ਤੇ 11 ਮਈ, 1987 ਨੂੰ ਬਰਖ਼ਾਸਤ ਕੀਤੇ ਜਾਣ ਤੋਂ ਪਹਿਲਾਂ 16 ਮਹੀਨੇ ਹੋਰ ਚੱਲੀ।

ਬਰਨਾਲਾ ਸਰਕਾਰ ਦੇ ਜਾਣ ਦੇ ਪੰਜ ਸਾਲਾ ਰਾਸ਼ਟਰਪਤੀ ਰਾਜ ਅਰੰਭ ਹੋਇਆ। ਅਪ੍ਰੈਲ, 1988 ਵਿਚ ਜੇ.ਐਫ. ਰਿਬੈਰੋ ਨੂੰ ਰਾਜਪਾਲ ਦਾ ਸਲਾਹਕਾਰ ਬਣਾਇਆ ਗਿਆ ਅਤੇ ਕੇ.ਪੀ.ਐਸ. ਗਿੱਲ ਡਾਇਰੈਕਟਰ ਜਨਰਲ ਪੁਲਿਸ ਬਣ ਗਿਆ।

ਇਸ ਸਾਲ ਵਿਚ ਕੇਂਦਰ ਸਰਕਾਰ ਦੀ ਵਿਰੋਧਤਾ ਹੋਣ ਦੇ ਸਿੱਟੇ ਕਾਰਣ ਰਾਜੀਵ ਅਤੇ ਉਸ ਦੀ ਜੁੰਡਲੀ ਇਸ ਸਿੱਟੇ ਤੇ ਪੁੱਜੀ ਕਿ ਉਨ੍ਹਾਂ ਸਾਹਮਣੇ ਇਕੋ ਤਰਕੀਬ ਹੈ ਕਿ ਰੱਜ ਕੇ ਜ਼ੁਲਮ ਕੀਤਾ ਜਾਵੇ। ਫਿਰ ਦੂਜੇ ਅਤੇ ਸੋਧੇ ਹੋਏ ਬਲੈਕ ਥੰਡਰ ਓਪਰੇਸ਼ਨ ਦੀ ਯੋਜਨਾ ਬਣਾਈ ਗਈ। ਜ਼ਾਹਰ ਹੈ ਕਿ ਇਸ ਓਪਰੇਸ਼ਨ ਦਾ ਇਕ ਉਦੇਸ਼ ਸੀ ਪ੍ਰਾਪੇਗੰਡਾ ਮਾਈਲੇਜ ਕਿਉਂਕਿ "ਖਾੜਕੂਆਂ" ਅੰਦਰ ਘੁਸਪੈਠ ਕਰਨ ਲਈ ਨਿਗ੍ਹਾ ਰੱਖੀ ਗਈ ਸੀ ਤਾਂ ਕਿ ਉਹ ਆਖੀਰ ਤੇ ਕੁਝ ਵਿਖਾ ਸਕਣ ਨੂੰ ਯਕੀਨੀ ਬਣਾ ਸਕਣ। ਜੇਕਰ ਕੁਝ ਅਸਲੀ ਅੱਤਵਾਦੀ ਵੀ ਫੜੇ ਜਾ ਸਕਣ ਤਾਂ ਇਹ ਅੱਛਾ ਹੋਵੇਗਾ। (**ਦਿ ਸਿੱਖਜ਼ ਇਨ ਹਿਸਟਰੀ** ਵਿਚ ਸੰਗਤ ਸਿੰਘ ਦੁਆਰਾ ਹਵਾਲਾ ਦਿੱਤਾ ਗਿਆ, ਪੰਨਾ 412, ਮਈ 22, 1988 ਦੇ **ਸੰਡੇ** ਵਿਚ ਆਈ ਇਕ ਰਿਪੋਰਟ ਦੇ ਹਵਾਲੇ ਵਿਚ)।

ਆਮ ਤੌਰ ਤੇ ਬਲੈਕ ਥੰਡਰ ਓਪਰੇਸ਼ਨ ਵਰਗੀ ਕਾਰਵਾਈ ਅੰਦਰੂਨੀ ਸੁਰੱਖਿਆ ਮੰਤ੍ਰਾਲੇ ਦੁਆਰਾ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ ਪਰੰਤੂ ਇਹ ਕੇਂਦਰੀ ਗ੍ਰਿਹ ਮੰਤ੍ਰਾਲੇ ਦੀ ਨਿਗਰਾਨੀ ਅਤੇ ਕੰਟ੍ਰੋਲ ਹੇਠ ਕੀਤੀ ਗਈ ਸੀ। ਓਪਰੇਸ਼ਨ ਬਲੈਕ ਥੰਡਰ II ਦੀ ਤਿਆਰੀ 1988 ਦੇ ਸ਼ੁਰੂ ਵਿਚ ਦਿੱਲੀ ਤੋਂ ਕੋਈ 40 ਕਿਲੋਮੀਟਰ ਅਰਾਵਲੀ ਪਹਾੜੀਆਂ ਵਿਚ ਮਾਨੇਸਰ ਵਿਖੇ ਸ਼ੁਰੂ ਹੋਈ ਜਿਥੇ ਨੈਸ਼ਨਲ ਸਕਿਉਰਿਟੀ ਗਾਰਡਜ਼ ਵਿਚੋਂ ਬੜੇ ਗਹੁ ਨਾਲ ਛਾਂਟੀ ਗਈ ਫੋਰਸ ਨੇ

ਗੋਲਡਨ ਟੈਂਪਲ ਕੰਪਲੈਕਸ ਦੇ ਵਿਸ਼ੇਸ਼ ਤੌਰ ਤੇ ਬਣਾਏ ਗਏ ਨਕਸ਼ੇ ਮੁਤਾਬਕ ਆਪਣੀ ਕਾਰਵਾਈ ਕਰਨ ਦਾ ਅਭਿਆਸ ਕੀਤਾ ਅਤੇ ਬਾਅਦ ਵਿਚ ਇਹੋ ਅਭਿਆਸ ਤਾਉਰੂ ਵਿਖੇ ਹਾਈ ਸਕੂਲ ਅਤੇ ਨੂਹ ਵਿਖੇ ਕਾਲਜ (ਦੋਵੇਂ ਹਰਿਆਣਾ ਵਿਚ ਸਥਿਤ ਹਨ) ਵਿਚ ਕੀਤਾ ਜਿਨ੍ਹਾਂ ਦੀਆਂ ਇਮਾਰਤਾਂ ਦਰਬਾਰ ਸਾਹਿਬ ਪਰਿਕਰਮਾ ਨਾਲ ਮਿਲਦੀਆਂ ਜੁਲਦੀਆਂ ਸਨ। ਇਨ੍ਹਾਂ ਵਿਸ਼ੇਸ਼ ਕਾਰਵਾਈ ਗਰੁੱਪ ਕਮਾਂਡੋਜ਼ ਵਿਚੋਂ ਕੁਝ ਨੇ ਆਪਣੇ ਵਾਲ ਵਧਾਉਣੇ ਸ਼ੁਰੂ ਕੀਤੇ ਤਾਂ ਕਿ ਉਹ ਸਿੱਖਾਂ ਵਰਗੇ ਲੱਗਣ।

ਇਸੇ ਸਮੇਂ ਦੇ ਆਸ-ਪਾਸ, ਸਰਕਾਰ ਦੁਆਰਾ ਤਿਆਰ ਕੀਤੇ ਗਏ ਅੱਤਵਾਦੀ ਗੁੱਟਾਂ ਨੇ ਅੰਮ੍ਰਿਤਸਰ ਦੇ ਐਸ ਐਸ ਪੀ ਇਜ਼ਹਾਰ ਆਲਮ ਦੀ ਸਮੁੱਚੀ ਅਗਵਾਈ ਹੇਠ ਵਾਰ ਵਾਰ ਹਮਲੇ ਕੀਤੇ। 25 ਜਨਵਰੀ, 1988 ਤਕ 200 ਲੋਕ ਮਾਰੇ ਗਏ ਸਨ।

ਅੱਧ-ਫਰਵਰੀ ਤਕ ਇਸ ਕਾਰਵਾਈ ਲਈ ਆਰਜ਼ੀ ਤਰੀਕਾਂ ਮਿਥ ਲਈਆਂ ਗਈਆਂ ਸਨ ਅਤੇ ਸਪੈਸ਼ਲ ਐਕਸ਼ਨ ਗਰੁੱਪ ਦੀ ਛੁੱਟੀ ਕੈਂਸਲ ਕਰ ਦਿੱਤੀ ਗਈ ਸੀ। ਮਾਰਚ 4 ਨੂੰ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਭਤੀਜੇ ਜਸਬੀਰ ਸਿੰਘ ਨੂੰ ਜੋਧਪੁਰ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ ਸੀ ਜਿਥੇ ਉਸ ਨੂੰ ਬੀਤੇ ਸਾਲ ਲਈ ਰਖਿਆ ਗਿਆ ਸੀ ਅਤੇ 6 ਮਾਰਚ ਨੂੰ ਪੰਜਾਬ ਅਸੈਂਬਲੀ, ਜਿਸ ਨੂੰ ਐਨੀਮੇਟਿਡ ਸਸਪੈਂਸ਼ਨ ਅਧੀਨ ਰੱਖਿਆ ਹੋਇਆ ਸੀ, ਨੂੰ ਅੰਤਿਮ ਤੌਰ ਤੇ ਭੰਗ ਕਰ ਦਿੱਤਾ ਗਿਆ ਸੀ। ਮਾਰਚ 7 ਨੂੰ, ਗ੍ਰਿਹ ਮੰਤਰੀ ਬੂਟਾ ਸਿੰਘ ਨੇ ਪਾਰਲੀਮੈਂਟ ਵਿਚ ਪੰਜਾਬ ਵਿਚ ਰਾਸ਼ਟਰਪਤੀ ਰਾਜ ਨੂੰ ਵਧਾਉਣ ਦੇ ਸਰਕਾਰ ਦੇ ਇਰਾਦੇ ਦਾ ਐਲਾਨ ਕੀਤਾ ਅਤੇ ਐਮਰਜੈਂਸੀ ਲਗਾਉਣ ਦੀ ਗੱਲ ਕੀਤੀ।

ਮਾਰਚ 21 ਨੂੰ, ਸਰਕਾਰ ਦੁਆਰਾ ਤਿਆਰ ਕੀਤੇ ਅੱਤਵਾਦੀਆਂ ਨੇ ਫਗਵਾੜਾ ਦੇ ਬਾਹਰਵਾਰ ਵਿਸ਼ਵਕਰਮਾ ਮੰਦਰ ਉਤੇ 2.25 ਕਿਲੋਗ੍ਰਾਮ 85 ਐਮ ਐਮ ਰੇਂਜ ਦੇ ਸੋਵੀਅਤ ਯੂਨੀਅਨ (ਰੂਸ) ਦੇ ਬਣੇ ਗ੍ਰਨੇਡ ਲਾਂਚਰ ਰਾਕਟ ਸੁੱਟੇ ਜਿਥੇ ਸੀ ਆਰ ਪੀ ਐਫ ਦੇ 70 ਜਵਾਨ ਠਹਿਰੇ ਹੋਏ ਸਨ। ਇਸ ਘਟਨਾ ਤੇ ਅੱਗੇ ਕੁਝ ਵਿਸਥਾਰ ਵਿਚ ਵਿਚਾਰ ਕੀਤਾ ਗਿਆ ਹੈ।

ਇਨ੍ਹਾਂ ਮਹੀਨਿਆਂ ਦੌਰਾਨ, ਸੁਰੱਖਿਆ ਬਲ ਗੋਲਡਨ ਟੈਂਪਲ ਅੰਦਰ ਆਪਣੇ ਬੰਦਿਆਂ ਨੂੰ ਵਾੜ ਰਹੇ ਸਨ ਜੋ ਵੇਖਣ ਨੂੰ ਸਿੱਖ ਲਗਦੇ ਸਨ। ਅੱਧ-ਅਪ੍ਰੈਲ ਤਕ, ਸੁਰੱਖਿਆ ਬਲਾਂ ਦੇ ਕਰਮਚਾਰੀਆਂ ਨੇ ਕਲਾਕ ਟਾਵਰ ਸਾਹਮਣੇ ਇਕ ਸੁਰੱਖਿਆ ਚੌਕੀ ਸਮੇਤ ਗੋਲਡਨ ਟੈਂਪਲ ਦੀਆਂ ਛੱਤਾਂ ਤੇ ਬਣਾਈਆਂ ਚੌਕੀਆਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ।

ਮਈ 9 ਨੂੰ, ਸੀ ਆਰ ਪੀ ਐਫ ਦੇ ਡੀ ਆਈ ਜੀ ਸਰਬਦੀਪ ਸਿੰਘ ਵਿਰਕ ਇਕ ਸੰਤੋਖ ਸਿੰਘ ਕਾਲਾ ਨੂੰ ਨਾਲ ਲੈ ਕੇ ਹਰਮੰਦਰ ਸਾਹਿਬ ਦੀ ਪ੍ਰਕਰਮਾ ਦੁਆਲੇ ਇਮਾਰਤਾਂ ਵਿਚੋਂ ਇਕ ਦੀ ਛੱਤ ਤੇ ਗਿਆ। ਕਾਲਾ ਖਾੜਕੂ

ਰਿਹਾ ਸੀ ਪਰੰਤੂ ਇਸਨੂੰ ਸੁਰੱਖਿਆ ਬਲਾਂ ਨੇ ਭਰਮਾ ਲਿਆ ਸੀ ਅਤੇ ਉਸ ਨੂੰ ਉਨ੍ਹਾਂ ਦੇ ਇਸ਼ਾਰੇ ਤੇ ਅੱਤਵਾਦੀ ਅਪਰਾਧ ਕਰਨ ਲਈ ਵਰਤਿਆ ਜਾ ਰਿਹਾ ਸੀ। ਕਾਲੇ ਨੇ ਖਾੜਕੂਆਂ ਨਾਲ ਛੇੜ-ਖਾਨੀ ਕੀਤੀ ਜਿਸ ਕਰਕੇ ਗੋਲੀ ਚੱਲੀ ਅਤੇ ਵਿਰਕ ਜ਼ਖ਼ਮੀ ਹੋ ਗਿਆ।

ਗੋਲੀ ਦੀ ਖਬਰ ਸੁਣ ਕੇ ਅਕਾਲ ਤਖ਼ਤ ਦੇ ਕਾਇਮ-ਮੁਕਾਮ ਜੱਥੇਦਾਰ ਜਸਬੀਰ ਸਿੰਘ ਰੋਡੇ ਪਟਿਆਲਾ ਤੋਂ ਤੁਰਤ ਅੰਮ੍ਰਿਤਸਰ ਆਏ।

ਮਈ 11 ਅਤੇ 12 ਨੂੰ ਬ੍ਰਿਗੇਡੀਅਰ ਸੁਸ਼ੀਲ ਨੰਦਾ ਦੇ ਕੰਟ੍ਰੋਲ ਹੇਠ ਕੌਮੀ ਸੁਰੱਖਿਆ ਗਾਰਡਜ਼ ਦੇ ਵਿਸ਼ੇਸ਼ ਕਾਰਵਾਈ ਗਰੁੱਪ ਦੇ ਕਮਾਂਡੋਜ਼ ਨੂੰ ਅੰਮ੍ਰਿਤਸਰ ਵਿਚ ਹਵਾਈ ਜਹਾਜ਼ ਰਾਹੀਂ ਉਤਾਰਿਆ ਗਿਆ। ਨੰਦਾ ਪਾਸ ਨਵੀਂ ਦਿੱਲੀ ਵਿਖੇ ਐਨ ਐਸ ਡੀ ਕੰਟ੍ਰੋਲ ਰੂਮ ਨਾਲ ਸੰਪਰਕ ਕਰਨ ਲਈ ਹਾਟ ਲਾਈਨ ਦਾ ਪ੍ਰਬੰਧ ਸੀ। ਓਪਰੇਸ਼ਨ ਬਲੈਕ ਥੰਡਰ ਸ਼ੁਰੂ ਹੋਣ ਵਾਲਾ ਹੀ ਸੀ। ਏਨੇ ਵਿਚ ਕੇਂਦਰੀ ਗ੍ਰਿਹ ਮੰਤਰੀ ਬੂਟਾ ਸਿੰਘ ਦੇ ਨਵੀਂ ਦਿੱਲੀ ਆਫਿਸ ਵਿਚ ਇਕ ਆਖਰੀ ਮੀਟਿੰਗ ਹੋਈ। ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਅਤੇ ਗ੍ਰਿਹ ਮਾਮਲਿਆਂ ਦੇ ਰਾਜ ਮੰਤਰੀ ਪੀ. ਚਿਦੰਬਰਮ ਵੀ ਮੀਟਿੰਗ ਵਿਚ ਹਾਜ਼ਰ ਸਨ; ਇਹ ਮੀਟਿੰਗ 11 ਪਲੈਨਿੰਗ ਸਮਾਗਮਾਂ ਵਿਚੋਂ ਆਖਰੀ ਸੀ; ਰਾਜੀਵ ਗਾਂਧੀ ਉਨ੍ਹਾਂ ਵਿਚੋਂ ਅੱਠਾਂ ਵਿਚ ਹਾਜ਼ਰ ਹੋਏ ਸਨ।

ਰੋਡੇ ਮਈ 11 ਨੂੰ ਦੋ ਘੰਟੇ ਵਾਸਤੇ ਗੋਲੀ ਚਲਾਉਣ ਤੇ ਰੋਕ ਲਗਾਉਣ ਵਿਚ ਸਫਲ ਰਹੇ ਅਤੇ ਉਹ ਗਰਦੇਵ ਸਿੰਘ ਕਾਉਂਕੇ, ਕੁਝ ਹੋਰ ਸਹਿਯੋਗੀਆਂ ਅਤੇ ਕਈ ਪੱਤਰਕਾਰਾਂ ਨੂੰ ਨਾਲ ਲੈ ਕੇ ਖਾੜਕੂਆਂ ਨਾਲ ਗਲਬਾਤ ਕਰਨ ਲਈ ਗਏ। ਇਹ ਉਦੋਂ ਹੋਇਆ ਜਦੋਂ ਐਨ ਐਸ ਜੀ ਕਮਾਂਡੋ ਪੁਜ਼ੀਸ਼ਨਾਂ ਲੈ ਚੁੱਕੇ ਸਨ; ਸ਼ੁਰੂ ਵਿਚ ਸੀ ਆਰ ਪੀ ਐਫ਼ ਕੰਪਲੈਕਸ ਦੇ ਬਾਹਰਵਾਰ ਚਾਰੇ ਪਾਸੇ ਲਗਾਈ ਗਈ ਸੀ; ਬਾਅਦ ਵਿਚ ਉਨ੍ਹਾਂ ਨੂੰ ਐਨ ਐਸ ਜੀ ਦੇ ਸਪੈਸ਼ਲ ਰੇਂਜਰਾਂ ਦੁਆਰਾ ਬਦਲਿਆ ਗਿਆ ਸੀ (ਵੇਦ ਮਰਵਾਹ : **ਅਨਸਿਵਿਲ ਵਾਰਜ਼**, ਪੰਨਾ 191)।

ਸਥਾਨਕ ਅਧਿਕਾਰੀਆਂ ਨੇ ਰੋਡੇ ਨੂੰ ਕਿਹਾ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਰਿਮੰਦਰ ਸਾਹਿਬ ਵਿਚ ਮੁੜ-ਸਥਾਪਨਾ ਕਰਨ ਲਈ ਇਕ ਵਾਰੀ ਫਿਰ ਅਗਲੀ ਸਵੇਰ ਨੂੰ 8 ਵਜੇ ਆਗਿਆ ਦਿੱਤੀ ਜਾਵੇਗੀ, ਪਰੰਤੂ ਇਹ ਜਾਪਦਾ ਸੀ ਕਿ ਜਾਣਬੁਝ ਕੇ ਝੂਠ ਮਾਰਿਆ ਗਿਆ ਸੀ ਕਿਉਂਕਿ ਉਸ ਸਮੇਂ ਹਰਿਮੰਦਰ ਸਾਹਿਬ ਤੇ ਸੁਰੱਖਿਆ ਬਲਾਂ ਨੇ ਗੋਲੀਆਂ ਚਲਾ ਦਿੱਤੀਆਂ ਸਨ। ਰੋਡੇ ਨੇ ਡਿਪਟੀ ਕਮਿਸ਼ਨਰ ਸਰਬਜੀਤ ਸਿੰਘ, ਇੰਸਪੈਕਟਰ ਜਨਰਲ (ਬਾਰਡਰ) ਚਮਨ ਲਾਲ ਅਤੇ ਐਸ ਐਸ ਪੀ ਸੁਰੇਸ਼ ਅਰੋੜਾ, ਜਿਹੜੇ ਉਥੇ ਹਾਜ਼ਰ ਸਨ, ਕੋਲ ਰੋਸ ਕੀਤਾ। ਉਸ ਨੇ ਉਨ੍ਹਾਂ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਕੰਪਲੈਕਸ ਅਸੁਰੱਖਿਅਤ ਹੈ, ਕਿਹਾ "ਤੁਸੀਂ ਝੂਠੇ ਹੋ। ਗੋਲੀਆਂ ਤੁਸੀਂ ਚਲਾ ਰਹੇ ਹੋ ਨਾ ਕਿ ਖਾੜਕੂ।" ਅਤੇ ਕਿਹਾ ਕਿ ਉਹ ਹਰ ਹਾਲਤ ਵਿਚ ਅੱਗੇ ਵੱਧਣਗੇ, ਤੇ ਇਕ ਸੀ ਆਰ ਪੀ ਐਫ਼ ਦੇ ਕਰਮਚਾਰੀ ਨੇ ਉਨ੍ਹਾਂ ਨੂੰ ਰਾਈਫਲ ਦਾ ਬੱਟ

ਮਾਰਿਆ। ਰੋਡੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਰਫਿਊ ਦੀ ਉਲੰਘਣਾ ਕਰਨ ਬਦਲੇ ਗਿਰਫਤਾਰ ਕਰ ਲਿਆ ਗਿਆ।

ਓਪਰੇਸ਼ਨ ਬਲੈਕ ਥੰਡਰ ਹਰਿਮੰਦਰ ਸਾਹਿਬ ਦੇ ਬਾਹਰੋਂ ਸੁਰੱਖਿਆ ਬਲਾਂ ਅਤੇ ਖਾੜਕੂਆਂ ਦੇ ਰੂਪ ਵਿਚ ਅੰਦਰ ਭੇਜੇ ਗਏ ਬੰਦਿਆਂ ਵਲੋਂ ਹਮਲਾ ਕੀਤੇ ਜਾਣ ਵਾਲੇ ਖਾੜਕੂਆਂ ਨਾਲ ਸਰਗਰਮੀ ਵਿਚ ਸ਼ੁਰੂ ਹੋਇਆ। ਮਈ 15 ਨੂੰ ਡੀ ਸੀ ਸਰਬਜੀਤ ਸਿੰਘ ਅਤੇ ਆਈ ਜੀ ਚਮਨ ਲਾਲ ਵਲੋਂ ਅਪੀਲਾਂ ਦੇ ਜਵਾਬ ਵਿਚ 17 ਔਰਤਾਂ ਅਤੇ ਬੱਚਿਆਂ ਸਮੇਤ 151 ਵਿਅਕਤੀ (ਹੋਰ ਸੂਤਰ ਅਨੁਸਾਰ 146) ਆਪਣੇ ਹੱਥ ਖੜ੍ਹੇ ਕਰੀ ਬਾਹਰ ਆਏ। ਉਨ੍ਹਾਂ ਵਿਚ ਇਕ ਵੱਡਾ ਅੱਤਵਾਦੀ ਸੀ ਸੁਰਜੀਤ ਸਿੰਘ ਪਿੰਟਾ। ਕਿਹਾ ਗਿਆ ਕਿ ਉਸ ਨੇ ਸਾਈਨਾਈਡ ਨਿਗਲ ਲਿਆ ਚਾਹੇ ਬਹੁਤੇ ਵਿਸ਼ਵਾਸ ਕਰਦੇ ਸਨ ਕਿ ਉਸ ਨੂੰ ਪੁਲਿਸ ਨੇ ਮਾਰ ਦਿੱਤਾ ਸੀ। ਮਈ 18 ਨੂੰ 46 ਹੋਰ ਬਾਹਰ ਆਏ ਅਤੇ ਕੇ.ਪੀ.ਐਸ.ਗਿੱਲ ਅੱਗੇ ਆਤਮ-ਸਮਰਪਣ ਕੀਤਾ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਘੁਸਪੈਠੀਏ ਸਨ।

ਓਪਰੇਸ਼ਨ ਬਲੈਕ ਥੰਡਰ II ਪਹਿਲੇ ਨਾਲੋਂ ਵੱਖਰਾ ਸੀ। ਇਸ ਵਿਚ ਸਾਰਾ ਹੱਥ ਕੇਂਦਰੀ ਸਰਕਾਰ ਦਾ ਸੀ। ਕੰਪਲੈਕਸ ਤੋਂ ਐਨ ਬਾਹਰ ਗੋਲਡਨ ਟੈਂਪਲ ਹੋਟਲ ਵਿਚ ਸਥਿਤ ਟੈਕਟੀਕਲ ਹੈੱਡਕੁਆਰਟਰ ਵਿਖੇ ਨੰਦਾ ਅਤੇ ਐਨ ਐਸ ਜੀ ਕੰਟ੍ਰੋਲ ਰੂਮ, ਨਵੀਂ ਦਿੱਲੀ ਵਿਚਕਾਰ ਸਿੱਧਾ ਰੇਡੀਓ ਸੰਪਰਕ ਕਾਇਮ ਕੀਤਾ ਗਿਆ ਸੀ ਅਤੇ ਵਾਰੋ ਵਾਰੀ ਸਾਰੇ ਸੀਨੀਅਰ ਐਨ ਐਸ ਜੀ ਅਫ਼ਸਰਾਂ ਨਾਲ ਸੰਪਰਕ ਜੋੜਿਆ ਗਿਆ ਸੀ। ਮੇਜਰ ਜਨਰਲ ਨਰੇਸ਼ ਕੁਮਾਰ, ਇੰਸਪੈਕਟਰ ਜਨਰਲ ਓਪਰੇਸ਼ਨਜ਼ ਅਤੇ ਵੇਦ ਮਰਵਾਹ ਨੰਦਾ ਨਾਲ ਲਗਾਤਾਰ ਸੰਪਰਕ ਵਿਚ ਸਨ।("**ਅਨਸਿਵਿਲ ਵਾਰਜ਼**", ਪੰਨਾ 189)।

ਮਰਵਾਹ ਲਿਖਦਾ ਹੈ ਕਿ ਐਨ ਐਸ ਜੀ ਪੰਜਾਬ ਦੇ ਰਾਜਪਾਲ ਵਲੋਂ ਓਪਰੇਸ਼ਨ ਤੇਜ਼ੀ ਨਾਲ ਕਰਨ ਲਈ ਲਗਾਤਾਰ ਦਬਾਓ ਅਧੀਨ ਸੀ। ਉਹ ਲਿਖਦਾ ਹੈ ਕਿ : "ਪ੍ਰਧਾਨ ਮੰਤਰੀ ਦੇ ਨਿਵਾਸ ਤੇ ਇਕ ਮੀਟਿੰਗ ਜਿਸ ਵਿਚ ਹੋਰਨਾਂ ਤੋਂ ਇਲਾਵਾ, ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ, ਰਾਜ ਮੰਤਰੀ ਪੀ. ਚਿਦੰਬਰਮ, ਜੂਲੀਓ ਰਿਬੈਰੋ, ਸੂਚਨਾ ਅਤੇ ਪ੍ਰਸਾਰ ਡਾਇਰੈਕਟਰ ਐਮ. ਕੇ. ਨਾਰਾਇਨਨ ਅਤੇ ਡੀ ਜੀ ਪੀ ਕੇ.ਪੀ.ਐਸ. ਗਿੱਲ ਹਾਜ਼ਰ ਸਨ, ਵਿਚ ਬਹੁਤੇ ਫੌਰੀ ਕਾਰਵਾਈ ਦੇ ਹੱਕ ਵਿਚ ਸਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇਕਰ ਕਾਰਵਾਈ ਵਿਚ ਦੇਰੀ ਕੀਤੀ ਗਈ ਤਾਂ ਟੈਂਪਲ ਕੰਪਲੈਕਸ ਦੇ ਬਾਹਰ ਇਕ ਹੋਰ ਗੰਭੀਰ ਸਮੱਸਿਆ ਖੜ੍ਹੀ ਹੋ ਜਾਵੇਗੀ।

*ਕੌਮੀ ਮਨੁੱਖੀ ਅਧਿਕਾਰ ਕਮਿਸ਼ਨ*

ਸੰਸਾਰ ਦੇ ਕਈ ਹੋਰ ਭਾਗਾਂ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਕਾਰਜ ਤੋਂ ਪਾਠਕ ਜਾਣੂੰ ਹਨ, ਉਨ੍ਹਾਂ ਨੂੰ ਪਤਾ ਹੀ ਹੋਵੇਗਾ ਕਿ ਭਾਰਤ ਵਿਚ ਵੀ

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਹੈ ਅਤੇ ਉਹ ਸ਼ਾਇਦ ਹੈਰਾਨ ਹੋਣ ਕਿ ਇਸ ਕਮਿਸ਼ਨ ਦੇ ਅੰਕੜੇ ਅਤੇ ਰਿਪੋਰਟਾਂ ਇਥੇ ਕਿਉਂ ਨਹੀਂ ਪੇਸ਼ ਕੀਤੀਆਂ ਗਈਆਂ। (ਸੱਚ ਮੁਚ, ਇਸ ਪੁਸਤਕ ਵਿਚ ਕਿਤੇ ਵੀ ਕੋਈ ਅਜਿਹੇ ਅੰਕੜੇ ਅਤੇ ਰਿਪੋਰਟਾਂ ਦਰਜ ਨਹੀਂ ਕੀਤੀਆਂ ਗਈਆਂ ਹਨ।) ਇਸ ਦਾ ਵਰਣਨ ਕਰਨ ਲਈ ਇਹ ਵਧੀਆ ਥਾਂ ਹੈ, ਅਤੇ ਕਿਉਂ ਨਹੀਂ ਕੀਤਾ ਗਿਆ ਇਸ ਤੋਂ ਤੁਸੀਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਨੀਅਤ ਦਾ ਹਿਸਾਬ ਲਗਾ ਸਕਦੇ ਹੋ।

ਇਹ ਕਮਿਸ਼ਨ 1993 ਵਿਚ ਵੀਆਨਾ ਵਿਖੇ ਸੰਯੁਕਤ ਰਾਸ਼ਟਰ ਵਲੋਂ ਬੁਲਾਈ ਵਿਸ਼ਵ ਮਨੁੱਖੀ ਅਧਿਕਾਰ ਕਨਵੈਂਸ਼ਨ ਦੇ ਹੋਣ ਤੋਂ ਤੁਰਤ ਬਾਅਦ ਹੋਂਦ ਵਿਚ ਆਇਆ।ਜਦ ਤਕ ਭਾਰਤੀ ਮਨੁੱਖੀ ਅਧਿਕਾਰਾਂ ਨੇ ਚੰਗੇ ਰਿਕਾਰਡ ਬਾਰੇ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਸੀ। ਅਖਬਾਰਾਂ ਦੀਆਂ ਖਬਰਾਂ ਅਤੇ ਵਿਦਵਾਨਾਂ ਅਤੇ ਸਮਾਜ ਸੇਵੀਆਂ ਦੁਆਰਾ ਅਧਿਐਨਾਂ ਨੇ ਘੱਟ ਗਿਣਤੀਆਂ, ਦਲਿਤਾਂ, ਨਸਲੀ ਗੁੱਟਾਂ, ਬਾਲ ਮਜ਼ਦੂਰੀ ਅਤੇ ਬੰਧਕ ਮਜ਼ਦੂਰੀ, ਔਰਤਾਂ, ਰਾਜਨੀਤਕ ਮੱਤ-ਭੇਦ ਰੱਖਣ ਵਾਲਿਆਂ ਅਤੇ ਕੈਦੀਆਂ ਦੇ ਅਧਿਕਾਰਾਂ ਪ੍ਰਤਿ ਖਿਆਲ ਰੱਖਣ ਬਾਰੇ ਸਰਕਾਰ ਦੇ ਰਵੱਈਏ ਦੀ ਤਸਦੀਕ ਕੀਤੀ। ਕੁਝ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਗੁੱਟਾਂ (ਜਿਵੇਂ ਸਵਿਜ਼ਰਲੈਂਡ ਅਤੇ ਜਰਮਨੀ ਦੇ ਕਾਨੂੰਨਦਾਨਾਂ ਅਤੇ ਏਸ਼ੀਆ ਵਾਚ ਕਾਰਜਕਰਤਾਵਾਂ) ਨੇ ਸਹਿਜ-ਸੁਭਾ ਪੰਜਾਬ ਆਉਣ ਦਾ ਉਪਰਾਲਾ ਕੀਤਾ ਅਤੇ ਇਸ ਤਸੱਲੀ ਨਾਲ ਵਾਪਸ ਗਏ ਕਿ ਸਥਿਤੀ ਸੱਚ-ਮੁੱਚ ਬਹੁਤ ਗੰਭੀਰ ਹੈ। ਅਸਿੱਧੇ ਸੂਤਰਾਂ ਦਾ ਉੱਤਰ ਦਿੰਦਿਆਂ ਐਮਨੈਸਟੀ ਇੰਟਰਨੈਸ਼ਨਲ ਨੇ ਰਾਜ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਤੇ ਬਹੁਤ ਸਾਰੇ ਦਸਤਾਵੇਜ਼ ਇਕੱਤਰ ਕੀਤੇ।

ਇਹ ਗਰੁੱਪ ਵੀਆਨਾ ਕਾਨਫਰੰਸ ਵਿਖੇ ਹਾਜ਼ਰ ਸਨ ਅਤੇ ਭਾਰਤ ਤੋਂ ਕਈ ਗ਼ੈਰ-ਸਰਕਾਰੀ ਸੰਸਥਾਵਾਂ ਨੇ ਵੀ ਇਸ ਵਿਚ ਭਾਗ ਲਿਆ ਸੀ। ਗਲਬਾਤ ਦੌਰਾਨ, ਭਾਰਤ ਸਰਕਾਰ ਨੇ ਵੀ ਖ਼ੁਦ ਆਪਣੀ ਅਲੋਚਨਾ ਨੂੰ ਸੁਣਿਆਂ। ਸਰਕਾਰੀ ਨੁਮਾਇੰਦਿਆਂ ਨੇ ਪਹਿਲਾਂ ਐਨ ਜੀ ਓਜ਼ ਨੂੰ ਪ੍ਰਾਈਵੇਟ ਤੌਰ ਤੇ ਪਹੁੰਚ ਕਰਕੇ ਇਸ ਦਾ ਰੌਲਾ ਪਾਉਣ ਵਾਲਿਆਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਤੇ ਅੰਤਰ-ਰਾਸ਼ਟਰੀ ਸਰੋਤਿਆਂ ਅੱਗੇ ਅਣਸੁਖਾਵੇਂ ਮਾਮਲੇ ਨਾ ਛੇੜਨ ਲਈ ਜ਼ੋਰ ਦਿੱਤਾ। ਉਨ੍ਹਾਂ ਨੇ ਕਿੰਜ ਕਿਹਾ ਕਿ ਇਹ ਅੰਦਰੂਨੀ ਮਾਮਲੇ ਹਨ ਭਾਰਤ ਸਰਕਾਰ ਇਸ ਕਾਨਫਰੰਸ ਦੇ ਖ਼ਤਮ ਹੋ ਜਾਣ ਤੋਂ ਮਗਰੋਂ ਤੁਹਾਨੂੰ ਸੁਣੇਗੀ ਅਤੇ ਹਰ ਚੀਜ਼ ਆਪਸੀ ਗੱਲ-ਬਾਤ ਰਾਹੀਂ ਸੁਲਝਾਈ ਜਾਵੇਗੀ।

ਜਦੋਂ ਉਸ ਗੱਲਬਾਤ ਦਾ ਕੋਈ ਨਤੀਜਾ ਨਾ ਨਿਕਲਿਆ ਤਾਂ ਗੈਰ-ਸਰਕਾਰੀ ਸੰਸਥਾਵਾਂ (ਐਨ ਜੀ ਓਜ਼) ਨੂੰ ਕਿਹਾ ਗਿਆ ਕਿ ਉਹ ਸਖ਼ਤ ਨਿਗਰਾਨੀ ਹੇਠ ਹਨ ਅਤੇ ਜੋ ਕੁਝ ਵੀ ਉਹ ਕਰਨਗੇ ਉਸ ਦੇ ਖ਼ਤਰਨਾਕ ਸਿੱਟੇ ਭੁਗਤਣੇ ਪੈਣਗੇ। ਇਹ ਗ਼ੈਰ-ਸਰਕਾਰੀ ਸੰਸਥਾਵਾਂ ਦੇ ਹੱਕ ਵਿਚ ਜਾਂਦਾ ਹੈ ਕਿ ਉਹ ਇਨ੍ਹਾਂ ਧਮਕੀਆਂ ਅੱਗੇ ਝੁਕੇ ਨਹੀਂ।

ਸਰਕਾਰ ਨੇ ਸਾਵਧਾਨੀ ਵਜੋਂ ਭਾਰਤ ਤੋਂ ਇਕ 18-ਮੈਂਬਰੀ ਰੌਲਾ-ਪਾਊ ਬ੍ਰਿਗੇਡ ਭੇਜਿਆ। (ਇਸ ਟੋਲੀ ਵਿਚ ਪੰਜਾਬ ਦੇ ਤਿੰਨ ਸੰਸਦ ਮੈਂਬਰ ਅਰਥਾਤ ਜਗਜੀਤ ਸਿੰਘ ਆਨੰਦ, ਇਕ ਸੀ ਪੀ ਆਈ ਦਾ ਰਾਜ ਸਭਾ ਮੈਂਬਰ ਅਤੇ ਸੁਰਿੰਦਰ ਸਿੰਗਲਾ ਅਤੇ ਗੁਰਚਰਨ ਸਿੰਘ ਗਾਲਬ ਲੋਕ ਸਭਾ ਦੇ ਕਾਂਗਰਸੀ ਮੈਂਬਰ ਸਨ।) ਪਰੰਤੂ ਸਰਕਾਰ ਦੇ ਇਹ ਸਰਕਾਰੀ ਬ੍ਰਿਗੇਡ ਕੁਝ ਨਾ ਕਰ ਸਕੇ: ਉਹ ਆਪਣੇ ਆਪ ਹੀ ਚੁੱਪ ਕਰ ਗਏ ਅਤੇ ਵਿਸ਼ਵ ਭਰ ਦੀਆਂ ਗ਼ੈਰ-ਸਰਕਾਰੀ ਸੰਸਥਾਵਾਂ ਨੇ ਰਲ ਕੇ ਇਸ ਸਰਕਾਰੀ ਜੁੰਡਲੀ - ਸਰਕਾਰ ਦੁਆਰਾ ਖੜ੍ਹੀ ਕੀਤੀ ਗਈ ਇਕ ਗ਼ੈਰ-ਸਰਕਾਰੀ ਸੰਸਥਾ ਨੂੰ "ਗੌਂਗੋਜ਼" ਵਜੋਂ ਤਿਆਗਿਆ।

ਅਸਲੀਅਤ ਤੋਂ ਨੰਗਿਆਂ ਹੋ ਜਾਣ ਅਤੇ ਅੰਤਰ-ਰਾਸ਼ਟਰੀ ਨੁਕਤਾਚੀਨੀ ਤੋਂ ਤੰਗ ਆ ਕੇ ਆਖਰ ਸਰਕਾਰ ਨੇ ਮਨੁੱਖੀ ਅਧਿਕਾਰਾਂ ਲਈ ਇਕ ਸੰਸਥਾ ਕਾਇਮ ਕਰਨ ਦਾ ਫੈਸਲਾ ਕੀਤਾ। ਇਨ੍ਹਾਂ ਹਾਲਾਤ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਹੋਂਦ ਵਿਚ ਆਇਆ। ਇਕ ਪ੍ਰਸਿੱਧ ਕਾਨੂੰਨਦਾਨ, ਸੋਲੀ ਸੋਰਬਜੀ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਬਿਨਾਂ ਕਿਸੇ ਸਾਖ ਜਾਂ ਪ੍ਰਭਾਵ ਦੇ ਵਿਅਰਥ ਹੈ। ਕਿਉਂਕਿ ਭਾਰਤ ਸਰਕਾਰ ਕਿਸੇ ਸ਼ਕਤੀਸ਼ਾਲੀ ਸੰਸਥਾ ਦੀ ਸਿਰਜਣਾ ਕਰਨਾ ਨਹੀਂ ਚਾਹੁੰਦੀ ਸੀ, ਇਸ ਨੇ ਇਹ ਯਕੀਨੀ ਬਣਾ ਦਿੱਤਾ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨਾ-ਮਾਤਰ ਹੈ।

ਦੇਸ਼ ਵਿਚ ਵਿਰੋਧੀ ਪਾਰਟੀਆਂ ਜਾਂ ਚਿਰ-ਸਥਾਈ ਸਥਾਪਤ ਮਨੁੱਖੀ ਅਧਿਕਾਰ ਗੁੱਟਾਂ ਨਾਲ ਸਲਾਹ-ਮਸ਼ਵਰਾ ਕੀਤੇ ਬਗੈਰ ਸਰਕਾਰ ਨੇ ਕਮਿਸ਼ਨ ਦੇ ਮੈਂਬਰ ਨਿਯੁਕਤ ਕੀਤੇ। ਨਤੀਜਾ ਇਹ ਹੋਇਆ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਇਸ ਦੀ ਹੋਂਦ ਵਿਚ ਆਉਣ ਤੋਂ ਹੀ ਕੋਈ ਸਾਖ ਨਹੀਂ ਹੈ।

ਜਿਥੋਂ ਤਕ ਕੋਈ ਅਸਰਦਾਰ ਕਾਰਵਾਈ ਦਾ ਸਵਾਲ ਹੈ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਆਪਣੇ ਸਮੁੱਚੇ ਕੰਟ੍ਰੋਲ ਵਿਚ ਕੋਈ ਸੁਤੰਤਰ ਜਾਂਚ ਮਸ਼ੀਨਰੀ ਨਹੀਂ ਹੈ, ਨਾ ਹੀ ਇਸ ਨੂੰ ਥਾਣਿਆਂ ਜਾਂ ਹਵਾਲਾਤਾਂ ਦਾ ਮੁਆਇਨਾ ਕਰਨ ਦਾ ਅਧਿਕਾਰ ਹੈ ਅਤੇ ਨਾ ਹੀ ਇਸ ਨੂੰ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਜਾਂ ਜ਼ੁਲਮ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਕੋਈ ਮੁਆਵਜ਼ਾ ਦੁਵਾਉਣ ਦਾ ਹੀ ਅਧਿਕਾਰ ਹੈ। ਇਹ ਤਾਂ ਸਰਕਾਰ ਨੂੰ ਕੇਵਲ ਸਿਫਾਰਸ਼ਾਂ ਹੀ ਕਰ ਸਕਦਾ ਹੈ। ਸਰਕਾਰ ਲਈ ਇਹ ਲਾਜ਼ਮੀ ਨਹੀਂ ਹੈ ਕਿ ਉਸ ਇਸ ਦੀਆਂ ਸਿਫਾਰਸ਼ਾਂ ਮੰਨੇ ਅਤੇ ਜੇਕਰ ਇਹ ਸਿਫਾਰਸ਼ਾਂ ਨੂੰ ਸਵੀਕਾਰ ਨਾ ਕਰੇ ਤਾਂ ਇਹ ਉਥੇ ਹੀ ਖ਼ਤਮ ਹੋ ਜਾਂਦੀਆਂ ਹਨ।

ਸਭ ਤੋਂ ਵੀ ਵੱਧ ਬੁਰੀ ਗੱਲ ਹੈ ਇਕ ਸਾਲ ਦੇ ਸਮੇਂ ਦੀ ਹੱਦ ਨਿਸ਼ਚਿਤ ਕਰਨਾ। ਮਨੁੱਖੀ ਅਧਿਕਾਰ ਦੀ ਉਲੰਘਣਾ ਕਰਨ ਦੇ ਕੇਸ ਨੂੰ ਕਮਿਸ਼ਨ ਅੱਗੇ ਇਕ ਸਾਲ ਦੇ ਅੰਦਰ-ਅੰਦਰ ਲਿਆਉਣਾ ਲਾਜ਼ਮੀ ਹੈ। ਇਕ ਸਾਲ ਤੋਂ ਵੱਧ ਪੁਰਾਣੇ ਕਿਸੇ ਕੇਸ ਦੀ ਸੁਣਵਾਈ ਨਹੀਂ ਕੀਤੀ ਜਾ ਸਕੇਗੀ। ਇਕ ਸਾਲ ਦਾ ਸਮਾਂ ਬਹੁਤ ਹੀ ਘੱਟ ਹੈ ਅਤੇ ਇਹ ਉਪਬੰਧ ਜ਼ਾਹਿਰਾ ਤੌਰ ਤੇ

ਪੁਰਾਣੀਆਂ ਵਧੀਕੀਆਂ ਤੇ ਸਰਕਾਰੀ ਪਰਦਾ ਪਾਉਣ ਲਈ ਕੀਤਾ ਗਿਆ ਹੈ।

ਆਪਣੇ ਹੋਂਦ ਵਿਚ ਆਉਣ ਦੇ ਪਹਿਲੇ ਸਾਲ ਦੌਰਾਨ ਕਮਿਸ਼ਨ ਨੇ ਕੇਵਲ ਇਕ ਕੇਸ ਪੰਜਾਬ ਤੋਂ ਲਿਆ - ਇਹ ਉਹ ਘਟਨਾ ਸੀ ਜਿਸ ਵਿਚ ਅੰਮ੍ਰਿਤਸਰ ਦੀ ਪੁਲਿਸ ਨੇ ਜੇਬ ਕਤਰਨ ਦੇ ਸ਼ੱਕ ਵਿਚ ਕੁਝ ਔਰਤਾਂ ਨੂੰ ਚੁੱਕ ਕੇ ਉਨ੍ਹਾਂ ਦੇ ਮੱਥਿਆਂ ਤੇ ਸ਼ਬਦ "ਜੇਬਕਤਰੀ" ਲਿਖਵਾਏ ਸਨ। ਕਮਿਸ਼ਨ ਦੇ ਧਿਆਨ ਵਿਚ ਲਿਆਂਦੇ ਗੈਰ-ਨਿਆਂਇਕ ਹੱਤਿਆਵਾਂ ਦੇ 6000 ਕੇਸਾਂ ਵਿਰੁੱਧ ਇਹੋ ਕੇਸ ਕਮਿਸ਼ਨ ਨੂੰ ਭੇਜਿਆ ਗਿਆ ਸੀ। ਕਮਿਸ਼ਨ ਨੇ ਔਰਤਾਂ ਦੇ ਮੱਥਿਆਂ ਤੇ ਇਹ ਸ਼ਬਦ ਉਕਰਨ ਦੇ ਕੇਸ ਵਿਚ ਵੀ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਬਰੀ ਕੀਤਾ।

ਇਸ ਸਮੇਂ ਦੇ ਲਗਭਗ, ਐਨ ਐਚ ਆਰ ਸੀ ਦਾ ਚੇਅਰਮੈਨ ਜਸਟਿਸ ਰੰਗਾਨਾਥ ਮਿਸ਼ਰਾ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲਿਆ: ਇਸ ਪਹਿਲੀ ਮਿਲਣੀ ਵਿਚ, ਕਮਿਸ਼ਨ ਦੇ ਚੇਅਰਮੈਨ ਨੇ ਮੁੱਖ ਮੰਤਰੀ ਨੂੰ ਨਿੱਜੀ ਮਦਦ ਦੇਣ ਲਈ ਕਿਹਾ, ਅਰਥਾਤ ਬਠਿੰਡਾ ਵਿਖੇ ਇਕ ਸੰਸਕ੍ਰਿਤ ਕਾਲਜ ਲਈ 60 ਲੱਖ ਰੁਪਏ ਦੀ ਗ੍ਰਾਂਟ ਦੇਣ ਲਈ ਕਿਹਾ ਕਿਉਂਕਿ ਭਾਰਤੀ ਸੰਸਕ੍ਰਿਤ ਸੁਸਾਇਟੀ ਦਾ ਚੇਅਰਮੈਨ ਹੋਣ ਵਜੋਂ ਉਸ ਦੀ ਉਸ ਵਿਚ ਰੁਚੀ ਸੀ (ਅਪ੍ਰੈਲ 18, 1994 ਦੇ **ਸਟੇਟਸਮੈਨ** ਅਖਬਾਰ ਵਿਚ ਪੱਤਰਕਾਰ ਓਨੁਹੀਤਾ ਮਜੁਮਦਾਰ ਦੁਆਰਾ ਰਿਪੋਰਟ ਕੀਤੀ ਗਈ। ਮਜੁਮਦਾਰ ਸਾਰੀ ਮੀਟਿੰਗ ਵਿਚ ਹਾਜ਼ਰ ਰਿਹਾ ਸੀ।) ਸੀ.ਐਮ. ਤੁਰਤ ਮੰਨ ਗਏ ਅਤੇ ਮਿਸ਼ਰਾ ਨੂੰ ਭਰੋਸਾ ਦਿਵਾਇਆ ਕਿ ਪੈਸਾ ਉਨ੍ਹਾਂ ਦੇ ਹੱਥਾਂ ਵਿਚ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਂ ਜਾਵੇਗਾ।

ਇਕ ਮੁੱਖ ਚੀਜ਼ ਜਿਸ ਤੋਂ ਮਨੁੱਖੀ ਅਧਿਕਾਰ ਗਰੁੱਪਾਂ ਵਿਚ ਬਹੁਤ ਹਾਹਾਕਾਰ ਮਚ ਗਈ ਸੀ ਉਹ ਸੀ ਸੁਰੱਖਿਆ ਬਲਾਂ ਦੁਆਰਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ। ਸੁਰੱਖਿਆ ਬਲਾਂ ਅਤੇ ਮਿਲਟਰੀ ਦੁਆਰਾ ਕੀਤੇ ਜਾਂਦੇ ਅਪਰਾਧਾਂ ਨੂੰ ਕਮਿਸ਼ਨ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖਿਆ ਗਿਆ ਸੀ।

ਕਮਿਸ਼ਨ, ਰਾਜ ਦੀ ਪੁਲਿਸ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਕਰਨ ਤੇ ਇਨ੍ਹਾਂ ਨੂੰ ਰਾਜ ਸਰਕਾਰ ਨੂੰ ਭੇਜ ਦਿੰਦਾ ਸੀ ਜਿਹੜੀ ਵਾਰੋ-ਵਾਰੀ ਸ਼ਿਕਾਇਤਾਂ ਨੂੰ ਜਾਂਚ ਲਈ ਪੁਲਿਸ ਨੂੰ ਭੇਜ ਦਿੰਦੀ। ਅਜਿਹੀਆਂ 100 ਪੜਤਾਲਾਂ ਵਿਚੋਂ ਰਾਜ ਸਰਕਾਰ ਨੇ ਕਿਸੇ ਇਕ ਕੇਸ ਵਿਚ ਕਿਸੇ ਨੂੰ ਕਸੂਰਵਾਰ ਨਹੀਂ ਪਾਇਆ ਅਤੇ ਨਾ ਹੀ ਇਸ ਕੋਲੋਂ ਭਵਿੱਖ ਵਿਚ ਇਸ ਦੀ ਉਮੀਦ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੇ ਕੰਮ-ਕਾਰ ਦੇ ਪਹਿਲੇ ਸਾਲ ਵਿਚ ਬੜੀ ਗੰਭੀਰਤਾ ਨਾਲ ਨੋਟ ਕੀਤਾ ਕਿ ਕਾਨੂੰਨ ਵਿਚ ਨੁਕਸ ਅਤੇ ਖਾਮੀਆਂ ਹਨ। ਇਸ ਦੇ ਸਿੱਟੇ ਵਜੋਂ ਕਮਿਸ਼ਨ ਨੇ ਆਪਣੀ ਸਭ ਤੋਂ ਪਹਿਲੀ ਕਾਨੂੰਨੀ ਰਿਪੋਰਟ ਵਿਚ ਕਮਿਸ਼ਨ ਦੀ ਸਮਰੱਥਤਾ ਨਾਲ ਸਬੰਧਤ ਖਾਮੀਆਂ ਨੂੰ ਦੂਰ ਕਰਨ ਦੇ ਨਜ਼ਰੀਏ ਨਾਲ ਕਾਨੂੰਨ ਵਿਚ ਸੋਧਾਂ ਕਰਨ ਦਾ ਸੁਝਾਅ ਦਿੰਦਿਆਂ ਵਿਸ਼ੇਸ਼ ਸਿਫਾਰਸ਼ਾਂ ਕੀਤੀਆਂ। ਜਦੋਂ ਸਰਕਾਰ ਨੇ ਸਿਫਾਰਸ਼ਾਂ ਤੇ ਕੋਈ ਕਾਰਵਾਈ

ਨਾ ਕੀਤੀ ਤਾਂ ਕਮਿਸ਼ਨ ਸਰਕਾਰ ਦੁਆਰਾ ਜਲਦੀ ਕਾਰਵਾਈ ਕਰਨ ਲਈ ਬੇਨਤੀ ਕਰਦਿਆਂ ਦੂਜੇ ਸਾਲ ਲਈ ਆਪਣੀ ਸਾਲਾਨਾ ਰਿਪੋਰਟ ਵਿਚ ਸਿਫਾਰਸ਼ ਨੂੰ ਦੁਹਰਾਉਣ ਲਈ ਮਜਬੂਰ ਹੋ ਗਿਆ। ਇਸ ਦੇ ਜਵਾਬ ਵਿਚ ਕੇਂਦਰੀ ਸਰਕਾਰ ਦੇ ਗ੍ਰਿਹ ਮੰਤ੍ਰਾਲੇ ਨੇ ਕਾਨੂੰਨ ਅਤੇ ਵਿੱਤ ਮੰਤ੍ਰੀਆਂ ਨਾਲ ਸਲਾਹ ਕਰਨ ਤੋਂ ਬਾਅਦ ਕਮਿਸ਼ਨ ਨੂੰ ਲਿਖਿਆ : "ਸਾਨੂੰ, ਕਾਨੂੰਨ ਦੇ ਪਹਿਲਾਂ ਹੀ ਧਿਆਨ-ਪੂਰਵਕ ਬਣਾਏ ਗਏ ਉਪਬੰਧਾਂ ਵਿਚ ਤਬਦੀਲੀਆਂ ਕਰਨ ਲਈ ਅਸਲ ਲੋੜ ਦਾ ਜਾਇਜ਼ਾ ਲੈਣ ਤੋਂ ਪਹਿਲਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਕੰਮ-ਕਾਰ ਵਿਚ ਹੋਰ ਤਜਰਬਾ ਹਾਸਲ ਕਰਨ ਦੀ ਲੋੜ ਹੈ।" ਮਾਮਲਾ ਉਥੇ ਹੀ ਖੜ੍ਹਾ ਹੋ ਗਿਆ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ ਆਪਣੀਆਂ ਬਾਅਦ ਦੀਆਂ ਸਾਲਾਨਾ ਰਿਪੋਰਟਾਂ ਵਿਚ ਵਾਰ-ਵਾਰ ਕੀਤੀਆਂ ਸਿਫਾਰਸ਼ਾਂ ਕਿ ਮਾਮਲੇ ਤੇ ਜਲਦੀ ਵਿਚਾਰ ਕੀਤਾ ਜਾਵੇ, ਵਿਅਰਥ ਗਈਆਂ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਰਾਜਾਂ ਦੇ ਕਮਿਸ਼ਨ - ਜੋ ਹੁਣ ਤਕ ਕੁਝ ਸਟੇਟਾਂ ਨੇ ਹੀ ਸਥਾਪਤ ਕੀਤੇ ਹਨ - ਨੇ ਪੀੜਤ ਨਾਗਰਿਕਾਂ ਨੂੰ ਨਾ-ਉਮੀਦ ਅਤੇ ਭੰਬਲ-ਭੂਸੇ ਵਿਚ ਪਾ ਦਿੱਤਾ। ਕਮਿਸ਼ਨ ਅੱਗੇ ਚਲਾਈਆਂ ਗਈਆਂ ਕਾਰਵਾਈਆਂ ਨਿਰਾਸ਼ਾਜਨਕ ਅਨੁਭਵ ਸਾਬਤ ਹੋ ਰਹੀਆਂ ਸਨ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਲਾਹ ਤੇ ਪੰਜਾਬ ਸਰਕਾਰ ਨੇ ਇਕ ਹੋਰ ਕਮੇਟੀ ਬਣਾ ਦਿੱਤੀ ਪਰੰਤੂ ਪੰਜਾਬ ਦੇ ਕਾਨੂੰਨੀ ਮਸ਼ੀਰ ਤੋਂ ਇਲਾਵਾ ਇਸ ਦੇ ਹੋਰ ਸਾਰੇ ਮੈਂਬਰ ਪੁਲਿਸ ਨਾਲ ਸਬੰਧਤ ਜਾਂ ਗ੍ਰਿਹ ਵਿਭਾਗ ਦੇ ਸਨ ਜਿਹੜੇ ਪੁਲਿਸ ਦੇ ਕੰਮ-ਕਾਰ ਵਿਚ ਸਿੱਧੇ ਤੌਰ ਤੇ ਜ਼ਿੰਮੇਵਾਰ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਦੂਜੀ ਸਿਫਾਰਸ਼ ਕਿ ਸਰਕਾਰ ਆਪਣਾ ਮਨੁੱਖੀ ਅਧਿਕਾਰ ਕਮਿਸ਼ਨ ਕਾਇਮ ਕਰੇ, ਸਬੰਧੀ ਰਾਜ ਸਰਕਾਰ ਨੇ ਕਿਹਾ ਕਿ ਕਿਉਂਕਿ ਰਾਜ ਸਰਕਾਰ ਨੇ ਆਪਣਾ ਕਮਿਸ਼ਨ ਕਾਇਮ ਕਰ ਦਿੱਤਾ ਹੈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅਧਿਕਾਰ-ਖੇਤਰ ਵਿਚੋਂ ਪੰਜਾਬ ਬਾਹਰ ਕੱਢ ਲਿਆ ਜਾਵੇਗਾ ਅਤੇ ਫਿਰ ਇਹ ਮਾਮਲਾ ਛੱਡ ਦਿੱਤਾ ਗਿਆ।

ਬਾਅਦ ਵਿਚ, ਅਪ੍ਰੈਲ 1997 ਦੇ ਅੱਧ ਵਿਚ, ਪੰਜਾਬ ਸਰਕਾਰ ਨੇ ਆਖਰਕਾਰ ਰਾਜ ਦਾ ਆਪਣਾ ਮਨੁੱਖੀ ਅਧਿਕਾਰ ਕਮਿਸ਼ਨ ਕਾਇਮ ਕਰ ਦਿੱਤਾ। ਕਮਿਸ਼ਨ ਦੁਆਰਾ ਤਿਆਰ ਕੀਤੀ ਗਈ ਇਸ ਦੀ ਸਾਲਾਨਾ ਰਿਪੋਰਟ ਵਿਚ, ਜੁਲਾਈ 1997 ਤੋਂ ਲੈ ਕੇ ਦਸੰਬਰ 1997 ਤਕ ਦੇ ਸਮੇਂ ਦੌਰਾਨ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀਆਂ ਕੁਲ 170 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਸ਼ਿਕਾਇਤਾਂ ਦਾ ਪੰਜਾਬ ਪੁਲਿਸ ਦੇ ਹੱਕ ਵਿਚ ਨਿਪਟਾਰਾ ਕਰ ਦਿੱਤਾ ਗਿਆ ਹੈ। ਅਕਤੂਬਰ 1998 ਤਕ ਕੁੱਲ 778 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਪਰੰਤੂ ਕੰਮ ਦੇ ਵੱਧ ਰਹੇ ਬੋਝ ਅਤੇ ਕਮਿਸ਼ਨ ਲਈ ਉਚਿਤ ਅਦਾਲਤੀ ਜਗ੍ਹਾ ਦੀ ਨਾ-ਉਪਲਬਧਤਾ

ਕਾਰਣ ਦੋ ਸੌ ਤੋਂ ਜ਼ਿਆਦਾ ਸ਼ਿਕਾਇਤਾਂ ਦਾ ਫ਼ੈਸਲਾ ਨਹੀਂ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੇ ਗਠਨ ਦੇ ਅਠਾਰਾਂ ਮਹੀਨਿਆਂ ਵਿਚ ਪੁਲਿਸ ਦੁਆਰਾ ਮਨੁੱਖੀ ਅਧਿਕਾਰਾਂ ਦੀਆਂ ਸਮੁੱਚੀਆਂ ਉਲੰਘਣਾਵਾਂ ਨੂੰ ਰੋਕਣ ਜਾਂ ਮੁੜ-ਵਾਪਰਨ ਤੋਂ ਰੋਕਣ ਲਈ ਕੁਝ ਵੀ ਨਹੀਂ ਕੀਤਾ। ਕਮਿਸ਼ਨ ਨੇ ਪੰਜਾਬ ਦੇ ਕਿਸੇ ਵੀ ਪੁਲਿਸ ਕਰਮਚਾਰੀ ਵਿਰੁੱਧ ਅਧਿਕਾਰ-ਖੇਤਰ ਦੀ ਕਿਸੇ ਅਦਾਲਤ ਵਿਚ ਫ਼ੌਜਦਾਰੀ ਮੁਕੱਦਮਾ ਚਲਾਉਣ ਦੀ ਸਿਫ਼ਾਰਸ਼ ਨਹੀਂ ਕੀਤੀ ਹੈ ਜਦ ਕਿ ਅਜਿਹੇ ਅਫ਼ਸਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ੀ ਪਾਏ ਗਏ ਹਨ।

ਰਾਜ ਸਰਕਾਰ ਦੁਆਰਾ ਕਮਿਸ਼ਨ ਨੂੰ ਕਸੂਰਵਾਰ ਪੁਲਿਸ ਅਫ਼ਸਰਾਂ ਨੂੰ ਸੁਰੱਖਿਆ ਦੇਣ ਲਈ ਪੁਲਿਸ ਵਿਭਾਗ ਦਾ ਇਕ ਐਡੀਸ਼ਨਲ ਡਾਇਰੈਕਟਰ ਜਨਰਲ ਦਿੱਤਾ ਗਿਆ ਹੈ ਅਤੇ ਉਹ ਕਿਸੇ ਪੁਲਿਸ ਕਰਮਚਾਰੀ ਵਿਰੁੱਧ ਪੜਤਾਲ ਕਰਨ ਲਈ ਕਮਿਸ਼ਨ ਦਾ ਪੜਤਾਲੀਆ ਅਫ਼ਸਰ ਵੀ ਹੈ। ਅਜਿਹੀਆਂ ਪੜਤਾਲਾਂ ਦੇ ਹਸ਼ਰ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਨ੍ਹਾਂ ਪੁਲਿਸ ਅਫ਼ਸਰਾਂ ਜਿਨ੍ਹਾਂ ਵਿਰੁੱਧ ਕਮਿਸ਼ਨ ਅਗੇ ਕੋਈ ਸ਼ਿਕਾਇਤ ਦਾਇਰ ਕੀਤੀ ਗਈ ਹੋਵੇ, ਨੂੰ ਪੈਰਵੀ ਲਈ ਪੁਲਿਸ ਦਾ ਇਕ ਡਿਪਟੀ ਇੰਸਪੈਕਟਰ ਜਨਰਲ ਵੀ ਮੁਹੱਈਆ ਕੀਤਾ ਗਿਆ ਹੈ। ਪਰੰਤੂ ਕਮਿਸ਼ਨ ਕੋਲ ਗਰੀਬਾਂ ਅਤੇ ਸ਼ਿਕਾਰ ਹੋਏ ਕਮਜ਼ੋਰ ਵਿਅਕਤੀਆਂ ਜਿਹੜੇ ਨਿਆਂ ਲੈਣ ਲਈ ਕਮਿਸ਼ਨ ਕੋਲ ਪਹੁੰਚ ਕਰਦੇ ਹਨ, ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਲਈ ਕੋਈ ਆਪਣਾ ਵਕੀਲ ਨਹੀਂ ਹੈ।

ਆਖਰ, ਜਦੋਂ ਐਨ ਐਚ ਆਰ ਸੀ ਰਿਪੋਰਟ ਤਿਆਰ ਕਰ ਵੀ ਲੈਂਦਾ ਹੈ, ਤਾਂ, ਰਿਪੋਰਟ ਨੂੰ ਛਪਵਾਉਣ ਜਾਂ ਰੋਕੀ ਰੱਖਣ ਦਾ ਫੈਸਲਾ ਕੇਂਦਰ ਸਰਕਾਰ ਦੇ ਹੱਥਾਂ ਵਿਚ ਹੋਵੇਗਾ।

ਦੁੱਖ ਦੀ ਗੱਲ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੁਝ ਵੀ ਨਾ ਵਿਗਾੜ ਸਕਿਆ (ਅਤੇ ਨਾ ਹੀ ਵਿਗਾੜੇਗਾ)। ਹੁਣ ਤਕ ਇਸ ਦੀ ਕੇਵਲ ਇਕੋ ਹੀ ਵੁਕਤ ਹੈ ਕਿ ਇਸ ਨੂੰ ਕਦੀ ਕਦੀ ਬੋਲਣ ਦਾ ਮੌਕਾ ਜ਼ਰੂਰ ਮਿਲ ਜਾਂਦਾ ਹੈ। ਜੋ ਕੁਝ ਗ਼ੈਰ-ਸਰਕਾਰੀ ਭਾਰਤੀ ਮਨੁੱਖੀ ਅਧਿਕਾਰ ਸੰਸਥਾਵਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਉਮੀਦ ਕਰਦੀਆਂ ਸਨ ਉਹ ਇਹ ਹੈ ਕਿ ਇਹ ਬੋਲਦਾ ਰਹੇਗਾ ਅਤੇ ਸ਼ਾਇਦ ਉੱਚੀ ਉੱਚੀ ਅਤੇ ਜਲਦੀ ਜਲਦੀ ਬੋਲੇਗਾ। ਇਸ ਨਾਲ ਦੇਸ਼ ਅੰਦਰ ਹੋ ਰਹੀਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਲਈ ਨਾਗਰਿਕਾਂ ਨੂੰ ਜਾਗਰੂਕ ਕਰਨ ਦਾ ਲਾਭਦਾਇਕ ਮੰਤਵ ਪ੍ਰਾਪਤ ਹੋਇਆ ਹੈ।

ਉਹ ਹਥਕੰਡੇ ਜਿਨ੍ਹਾਂ ਦਾ ਪਤਵੰਤ ਸਿੰਘ ਨੇ ਜ਼ਿਕਰ ਕੀਤਾ ਹੈ, ਦਾ ਇਕ ਨਰਮ ਜਿਹਾ ਉਦਾਹਰਣ ਇਹ ਹੈ ਕਿ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ 17-18 ਅਗਸਤ ਨੂੰ ਇੰਟਰਨੈਸ਼ਨਲ ਕੋਵੇਨੈਨਟਲ ਸਿਵਿਲ ਐਂਡ ਪੋਲਿਟੀਕਲ ਰਾਈਟਸ ਦੀ 30ਵੀਂ ਵਰ੍ਹੇਗੰਢ ਮਨਾਉਣ ਲਈ ਅੰਤਰ-ਰਾਸ਼ਟਰੀ

ਸੈਮੀਨਾਰ ਆਯੋਜਿਤ ਕੀਤਾ। ਯੂਐਨ ਹਿਊਮਨ ਰਾਈਟਸ ਕਮੇਟੀ ਦੇ ਤਿੰਨ ਮੈਂਬਰ ਉਸ ਵਿਚ ਹਾਜ਼ਰ ਸਨ ਪਰ ਉਹ ਉਸ ਇਕੱਠ ਦੇ ਅਸਲ ਮੰਤਵ ਨਾਲ ਪ੍ਰਸੰਗਕ ਸਨ। ਸੱਦੇ ਗਏ ਵਿਅਕਤੀਆਂ ਵਿਚ ਪੁਲਿਸ ਦੇ ਵੱਡੇ-ਵੱਡੇ ਅਫ਼ਸਰ ਵੀ ਸਨ, ਜਿਨਾਂ ਵਿਚ ਜੇ.ਐਫ. ਰਿਬੈਰੋ ਅਤੇ ਵੇਦ ਮਰਵਾਹ ਸ਼ਾਮਲ ਸਨ, ਅਤੇ ਇਸ ਤੋਂ ਇਲਾਵਾ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਜੱਜ ਵੀ ਨਿਮੰਤ੍ਰਿਤ ਸਨ। ਦੋ ਦਿਨ ਤਕ ਪੁਲਿਸ ਨੇ ਜੱਜਾਂ ਸਾਹਮਣੇ ਕਈ ਨੁਕਤੇ ਰੱਖੇ, ਉਹ ਭਾਵੁਕ ਭਾਸ਼ਨਾਂ ਦੀ ਮਦਦ ਨਾਲ ਉਨ੍ਹਾਂ ਦੀ ਸਹਾਨੁਭੂਤੀ ਚਾਹੁੰਦੇ ਸਨ। ਇਹ ਸੈਮੀਨਾਰ ਉਨ੍ਹਾਂ ਨੂੰ ਇਸ ਦਾ ਅਵਸਰ ਪ੍ਰਦਾਨ ਕਰਨ ਲਈ ਹੀ ਆਯੋਜਿਤ ਕੀਤਾ ਗਿਆ ਸੀ। ਇਤਫ਼ਾਕਨ, ਕੇਵਲ ਮੈਂ ਹੀ ਉਥੇ ਭਾਰਤੀ, ਗ਼ੈਰ-ਸਰਕਾਰੀ ਮਨੁੱਖੀ ਅਧਿਕਾਰ ਸੰਗਠਨਾਂ ਦਾ ਨੁਮਾਇੰਦਾ ਸਾਂ।

ਜਸਟਿਸ ਰੰਗਾਨਾਥ ਮਿਸ਼ਰਾ ਦੀ ਭਾਰਤ ਸਰਕਾਰ ਨੂੰ 'ਅਮੁੱਲੀ ਸੇਵਾ' ਅਰਥਾਤ 1984 ਦੀ ਕਤਲੋਗਾਰਤ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀਆਂ ਕੋਸ਼ਿਸ਼ਾਂ ਨੂੰ ਨਿਸਫਲ ਕਰਨਾ, ਐਵੇਂ ਨਹੀਂ ਗਈ। ਉਸ ਨੂੰ ਬਾਅਦ ਵਿਚ ਸੁਪਰੀਮ ਕੋਰਟ ਦਾ ਚੀਫ਼ ਜਸਟਿਸ ਲਗਾਇਆ ਗਿਆ ਅਤੇ ਰਿਟਾਇਰ ਹੋਣ ਤੇ, ਜਦੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕਾਇਮ ਕੀਤਾ ਗਿਆ ਸੀ, ਉਸ ਨੂੰ ਇਸਦਾ ਚੇਅਰਮੈਨ ਨਿਯੁਕਤ ਕੀਤਾ ਗਿਆ।

ਪ੍ਰਥਾ ਇਹ ਹੈ ਕਿ ਉਸ ਵਿਅਕਤੀ ਨੂੰ, ਜਿਹੜਾ ਸੁਪਰੀਮ ਕੋਰਟ ਜਾਂ ਕਿਸੇ ਹਾਈ ਕੋਰਟ ਦਾ ਜੱਜ ਰਹਿ ਚੁੱਕਾ ਹੋਵੇ, ਆਪਣੀ ਰਿਟਾਇਰਮੈਂਟ ਤੋਂ ਸ਼ਕਤੀ ਅਤੇ ਲਾਭ ਵਾਲੇ ਕਿਸੇ ਅਹੁਦੇ ਤੇ ਨਹੀਂ ਲਗਾਇਆ ਜਾਂਦਾ। ਜੂਨ, 1997 ਵਿਚ, ਕਮਿਸ਼ਨ ਦੇ ਦੋ ਮੈਂਬਰ, ਜਸਟਿਸ ਫਾਤਮਾ ਬੀਬੀ ਅਤੇ ਜੰਮੂ ਅਤੇ ਕਸ਼ਮੀਰ ਹਾਈ ਕੋਰਟ ਦੇ ਰਿਟਾਇਰਡ ਚੀਫ਼ ਜਸਟਿਸ ਕੰਗ ਨੂੰ ਰਾਜਾਂ ਦੇ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਦੂਜੇ ਸ਼ਬਦਾਂ ਵਿਚ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਬੈਠੇ ਲੋਕ ਸਰਕਾਰ ਦੀਆਂ ਨਜ਼ਰਾਂ ਵਿਚ ਅਜੇ ਵੀ "ਮਾਰਕਿਟ ਵਿਚ" ਹਨ।

ਨਵੰਬਰ, 1984 ਦੀ ਨਸਲਕੁਸ਼ੀ ਅਤੇ ਇਸ ਵਿਵਾਦ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੰਕੜੇ ਕਿਉਂ ਨਹੀਂ ਪੇਸ਼ ਕੀਤੇ ਗਏ, ਤੇ ਮੁੜ ਝਾਤ ਮਾਰੀਏ : ਤਾਂ ਕਿ ਇਹ ਇਸ ਕਰਕੇ ਹੈ ਕਿਉਂਕਿ ਉਹ ਹੈ ਹੀ ਨਹੀਂ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਜਾਂ ਭਾਰਤ ਵਿਚ ਕਿਤੇ ਵੀ ਹੋਈਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਕੋਈ ਵਿਸਥਾਰਪੂਰਵਕ ਅਧਿਐਨ ਕਦੀ ਨਹੀਂ ਕੀਤਾ।

### *ਸਰਕਾਰ ਨੇ ਕੀ ਕੀਤਾ ਹੈ*

ਨਵੰਬਰ 1984 ਦੀਆਂ ਘਟਨਾਵਾਂ ਅਤੇ ਉਸ ਤੋਂ ਮਗਰੋਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀਆਂ ਕੋਸ਼ਿਸ਼ਾਂ ਦੇ ਸਬੰਧ ਵਿਚ, ਪਤਵੰਤ ਸਿੰਘ ਨੇ ਮਈ, 1995 ਦੇ **ਦਿ ਸਿੱਖ ਰਿਵੀਊ** ਵਿਚ ਲਿਖਿਆ :

"ਬਾਵਜੂਦ ਇਸਦੇ ਕਿ ਕਤਲ ਪਹਿਲਾਂ ਤੋਂ ਸੋਚੀ ਵਿਚਾਰੀ ਯੋਜਨਾ ਅਨੁਸਾਰ ਨਿਰਦਈ-ਪੁਣੇ ਨਾਲ ਕੀਤੇ ਗਏ ਸਨ, ਸਰਕਾਰ ਨੇ ਜਾਂਚ ਕਮਿਸ਼ਨ ਨਿਯੁਕਤ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ, ਭਾਰਤ ਦੇ ਸਾਬਕਾ ਚੀਫ਼ ਜਸਟਿਸ, ਜਸਟਿਸ ਸੀਕਰੀ ਦੀ ਅਗਵਾਈ ਵਿਚ, ਇਕ ਇੰਡੀਪੈਂਡੈਂਟ ਸਿਟੀਜ਼ਨਜ਼ ਕਮਿਸ਼ਨ ਨੇ ਘਟਨਾਵਾਂ ਦੀ ਪੜਤਾਲ ਕੀਤੀ, ਤਾਂ ਸਰਕਾਰ ਨੇ ਸਹਿਯੋਗ ਦੇਣੋਂ ਜਾਂ ਉਸਦੀ ਰਿਪੋਰਟ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸਿਟੀਜ਼ਨਜ਼ ਫ਼ਾਰ ਡੈਮੋਕਰੇਸੀ ਅਤੇ ਦਿ ਪੀਪਲਜ਼ ਯੂਨੀਅਨ ਫ਼ਾਰ ਸਿਵਿਲ ਲਿਬਰਟੀਜ਼ ਦੀਆਂ ਰਿਪੋਰਟਾਂ ਨੂੰ ਵੀ ਇਸੇ ਤਰ੍ਹਾਂ ਅਪ੍ਰਵਾਨ ਕਰ ਦਿੱਤਾ ਗਿਆ। ਦਿੱਲੀ ਹਾਈ ਕੋਰਟ ਵਿਚ ਦਿ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੈਟਿਕ ਰਾਈਟਸ ਦੁਆਰਾ ਇਕ ਜਾਂਚ ਕਮਿਸ਼ਨ ਨਿਯੁਕਤ ਕੀਤੇ ਜਾਣ ਸਬੰਧੀ ਕੋਰਟ ਦੇ ਨਿਰਦੇਸ਼ ਪ੍ਰਾਪਤ ਕਰਨ ਲਈ ਦਾਇਰ ਕੀਤੀ ਗਈ ਰਿਟ ਪੈਟੀਸ਼ਨ ਦਾ ਕੋਰਟ ਵਿਚ ਵਿਰੋਧ ਕੀਤਾ ਗਿਆ। ਜਦੋਂ ਪੱਤਰਕਾਰ ਰਾਹੁਲ ਬੇਦੀ ਨੇ ਇਕ ਹੋਰ ਰਿਟ ਪੈਟੀਸ਼ਨ ਦਾਇਰ ਕੀਤੀ ਜਿਸ ਵਿਚ ਇਹ ਬੇਨਤੀ ਕੀਤੀ ਗਈ ਸੀ ਕਿ ਦੋਸ਼ੀ ਪੁਲਿਸ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ, ਤਾਂ ਸਰਕਾਰ ਨੇ ਇਸ ਆਧਾਰ ਤੇ ਕਿ ਪੁਲਿਸ ਦੇ ਵਿਹਾਰ ਸਬੰਧੀ ਰਿਪੋਰਟ ਕਰਨ ਲਈ ਇਕ ਪੁਲਿਸ ਅਫ਼ਸਰ, ਵੇਦ ਮਰਵਾਹ, ਨੂੰ ਨਿਯੁਕਤ ਕੀਤਾ ਗਿਆ ਹੈ, ਪੈਟੀਸ਼ਨ ਖਾਰਜ ਕਰਨ ਦੀ ਬੇਨਤੀ ਕਰਕੇ ਇਹ ਖਾਰਜ ਕਰਵਾ ਲਈ।

"ਇਸ ਤੋਂ ਪਹਿਲਾਂ ਕਿ ਵੇਦ ਮਰਵਾਹ ਆਪਣੀ ਰਿਪੋਰਟ ਮੁਕੰਮਲ ਕਰ ਸਕਦਾ, ਉਸ ਨੂੰ ਰੋਕ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਹੁਣ ਰੰਗਾਨਾਥ ਕਮਿਸ਼ਨ ਇਹ ਕਾਰਜ ਉਸ ਤੋਂ ਲੈ ਲਵੇਗਾ। ਭਾਵੇਂ ਉਹ ਸੁਪਰੀਮ ਕੋਰਟ ਦਾ ਜੱਜ ਸੀ, ਰੰਗਾਨਾਥ ਮਿਸ਼ਰਾ ਨੂੰ ਤਕਰੀਬਨ ਮੁਕੰਮਲ ਹੋ ਗਈ ਰਿਪੋਰਟ ਦਿਖਾਉਣ ਤੋਂ ਇਨਕਾਰ ਕਰ ਦਿੱਤਾ ਗਿਆ - ਇਹ ਅੱਜ ਤਕ ਵੀ ਕਿਸੇ ਨੇ ਨਹੀਂ ਵੇਖੀ !

"ਮਿਸ਼ਰਾ ਕਮਿਸ਼ਨ ਰਿਪੋਰਟ, ਜੋ ਅਗਸਤ, 1986 ਵਿਚ ਪੇਸ਼ ਕੀਤੀ ਗਈ, ਨੂੰ ਸੰਸਦ ਵਿਚ ਪਹੁੰਚਣ ਲਈ ਛੇ ਮਹੀਨੇ ਲੱਗ ਗਏ। ਉਸ ਦੀਆਂ ਸਿਫ਼ਾਰਸ਼ਾਂ ਤੇ, ਸਰਕਾਰ ਨੇ ਜਾਂਚ ਕਰਨ ਹਿੱਤ ਜੈਨ-ਬੈਨਰਜੀ ਕਮੇਟੀ, ਪੋਟੀ-ਰੋਸ਼ਾ ਕਮੇਟੀ, ਜੈਨ-ਅੱਗਰਵਾਲ ਕਮੇਟੀ ਅਤੇ ਫਿਰ ਕੁਸਮ ਮਿੱਤਲ, ਆਈ ਏ ਐਸ (ਰਿਟਾ.) ਕਮੇਟੀ ਗਠਿਤ ਕੀਤੀ। ਹਰੇਕ ਕਮੇਟੀ ਨੇ ਕਈ ਐਮ.ਪੀਜ਼. ਅਤੇ ਹੋਰਨਾਂ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ। ਅਸਲ ਵਿਚ ਕੀਤੀ ਗਈ ਕਾਰਵਾਈ ਦਾ ਅੰਦਾਜ਼ਾ ਨਿਮਨਲਿਖਤ ਤੱਥਾਂ ਤੋਂ ਲਗਾਇਆ ਜਾ ਸਕਦਾ ਹੈ :

i. "10 ਸਾਲਾਂ ਵਿਚ, ਕੇਵਲ 3 ਕਤਲ ਦੇ ਕੇਸਾਂ ਵਿਚ ਮੁਜਰਮਾਂ ਨੂੰ ਸਜ਼ਾ ਦਿੱਤੀ ਗਈ ਹੈ;
ii. "ਸਰਕਾਰ ਨੇ ਇਨ੍ਹਾਂ ਸਜ਼ਾਵਾਂ ਵਿਰੁੱਧ ਅਪੀਲ ਦਾਇਰ ਕੀਤੀ ਹੋਈ

ਹੈ;

iii. "ਇਸ ਨੇ ਕਤਲ ਦੇ ਉਨ੍ਹਾਂ ਕੇਸਾਂ ਵਿਚ ਕੋਈ ਅਪੀਲ ਦਾਇਰ ਨਹੀਂ ਕੀਤੀ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ ਸੀ;

iv. "2,500 ਤੋਂ ਵੀ ਵੱਧ ਮੌਤਾਂ ਦੇ ਕੇਸਾਂ ਵਿਚ ਕਤਲ ਦੇ ਦੋਸ਼ ਅਜੇ ਤਕ ਫਾਈਲ ਕੀਤੇ ਜਾਣੇ ਰਹਿੰਦੇ ਹਨ;

v. "ਸੱਜਣ ਕੁਮਾਰ, ਕਾਂਗਰਸ ਐਮ.ਪੀ. ਦੇ ਕੇਸ ਵਿਚ, ਸਰਕਾਰ ਨੇ ਕੇਸ ਦਰਜ ਕਰਨ ਲਈ ਪੰਜ ਸਾਲ ਅਤੇ ਉਸਦੀ ਜਾਂਚ ਕਰਨ ਲਈ ਦੋ ਸਾਲ ਲਗਾ ਦਿੱਤੇ। ਇਹ ਪਿਛਲੇ ਦੋ ਸਾਲਾਂ ਤੋਂ ਗ੍ਰਿਹ ਮੰਤ੍ਰਾਲੇ ਵਿਚ ਪਿਆ ਹੈ ਕਿਉਂਜੋ ਕੁਮਾਰ ਦੇ ਮੁਕੱਦਮੇ ਦਾ ਫ਼ੈਸਲਾ ਅਜੇ ਹੋਣਾ ਹੈ;

vi. "ਜੈਨ-ਅੱਗਰਵਾਲ ਕਮੇਟੀ ਨੇ ਐਚ.ਕੇ.ਐਲ. ਭਗਤ, ਸਾਬਕਾ ਕੇਂਦਰੀ ਮੰਤਰੀ ਅਤੇ ਐਮ.ਪੀ. ਦੇ ਵਿਰੁੱਧ ਕਤਲ ਦਾ ਕੇਸ ਦਰਜ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ ਸੀ। ਇਸ ਸਬੰਧੀ ਕੁਝ ਨਹੀਂ ਕੀਤਾ ਗਿਆ;

vii. "ਕੁਸਮ ਮਿੱਤਲ ਨੇ, ਆਪਣੀ ਰਿਪੋਰਟ ਵਿਚ, 72 ਪੁਲਿਸ ਅਫ਼ਸਰਾਂ ਨੂੰ ਫਰਜ਼ ਦੀ ਕੋਤਾਹੀ, ਗ਼ਲਤ ਢੰਗ ਨਾਲ ਕੀਤੀਆਂ ਗਈਆਂ ਪੜਤਾਲਾਂ, ਆਦਿ ਦਾ ਦੋਸ਼ੀ ਹੋਣ ਵਜੋਂ ਸ਼ਨਾਖ਼ਤ ਕੀਤੀ। ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ।

"ਇਹ ਦਸ ਸਾਲਾਂ ਦਾ ਸਿਰਫ ਆਂਸ਼ਿਕ ਰਿਕਾਰਡ ਹੈ ਜਿਨ੍ਹਾਂ ਦੌਰਾਨ ਇਕ ਚੁਣੀ ਗਈ ਸਰਕਾਰ ਨੇ ਨਿਆਂ ਹੋਣ ਤੋਂ ਰੋਕਣ ਲਈ ਸਾਰੇ ਭੈੜੇ ਹੱਥਕੰਡੇ ਅਪਣਾਏ ਅਤੇ ਪ੍ਰਭੁਸੱਤਾ ਅਤੇ ਹਿਤਕਾਰੀ ਸ਼ਾਸਨ ਦਾ ਮਜ਼ਾਕ ਉਡਾਇਆ - ਇਹ ਉਹੀ ਸਰਕਾਰ ਹੈ ਜੋ ਹੋਰਨਾਂ ਦੇਸ਼ਾਂ ਨਾਲ ਕੀਤੀਆਂ ਪ੍ਰਤਿਅਰਪਣ ਸੰਧੀਆਂ (ਐਕਸਟ੍ਰਾਡੀਸ਼ਨ ਟ੍ਰੀਟੀਜ਼) ਦੀ ਗਿਣਤੀ ਤੇ ਇਰਸ਼ਾਂਦੀ ਹੈ ਤਾ ਕਿ ਉਹ ਕਥਿਤ ਅਪਰਾਧੀ ਵਾਪਸ ਬੁਲਾ ਸਕੇ, ਜਦ ਕਿ ਇਹ ਦੇਸ਼ ਦੀ ਰਾਜਧਾਨੀ ਵਿਚ ਸ਼ਾਸਨ ਦੀ ਸੁਰੱਖਿਆ ਅਧੀਨ ਜਾਣੇ-ਪਛਾਣੇ ਮੁਜਰਮਾਂ ਨੂੰ ਸਾਫ਼ ਛੱਡ ਦਿੰਦੀ ਹੈ।"

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਨਵੰਬਰ, 1984 ਨਸਲਕੁਸ਼ੀ ਦੇ ਦੋਸ਼ੀ ਵਿਅਕਤੀਆਂ ਨੂੰ ਅੱਗੇ ਲਿਆਉਣ ਦੀ ਰੁਚੀ ਬਾਰੇ ਡੀ.ਜੀ.ਪੀ. ਜੂਲੀਓ ਰਿਬੈਰੋ ਨੇ ਆਪਣੀ ਪੁਸਤਕ ਵਿਚ ਜ਼ਿਕਰ ਕੀਤਾ ਹੈ: ਉਸ ਨੇ ਕਿਹਾ: "ਮੈਂ ਪ੍ਰਧਾਨ ਮੰਤਰੀ ਨਾਲ ਮੀਟਿੰਗਾਂ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਨੂੰ ਮਾਰਨ ਲਈ ਹਜੂਮਾਂ ਨੂੰ ਉਕਸਾਉਣ ਦੇ ਦੋਸ਼ੀ ਸਿਆਸਤਦਾਨਾਂ ਤੇ ਮੁਕੱਦਮਾ ਚਲਾਉਣ ਦੀ ਹਾਮੀ ਭਰਨ ਵਾਲਾ ਇੱਕੋ-ਇਕ ਅਫ਼ਸਰ ਸੀ। ਪਹਿਲਾਂ ਤਾਂ ਰਾਜੀਵ ਗਾਂਧੀ ਨੇ ਜੋ ਕੁਝ ਮੈਂ ਕਿਹਾ ਕੋਈ ਪ੍ਰਤਿਕਰਮ ਨਾ ਕੀਤਾ ਲੇਕਿਨ ਜਦੋਂ ਮੈਂ ਆਪਣੇ ਵਿਚਾਰ ਤੀਜੀ ਵਾਰ ਦੁਹਰਾਏ ਤਾਂ ਰੇਅ ਨੇ ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿਚ ਫਿਰ ਇਸ ਭਾਵਨਾ ਦੀ ਗੱਲ ਨਾ ਕਰਨ ਦੀ ਸਲਾਹ

ਦਿੱਤੀ। ਮੈਨੂੰ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਆਇਆ ਰਾਜੀਵ ਗਾਂਧੀ ਨੇ ਇਸ ਬਾਰੇ ਗੱਲ ਕਰਨ ਲਈ ਰੇਅ ਨੂੰ ਕਿਹਾ ਸੀ ਜਾਂ ਰਾਜਪਾਲ ਨੇ ਖ਼ੁਦ ਮਹਿਸੂਸ ਕੀਤਾ ਕਿ ਪ੍ਰਧਾਨ ਮੰਤਰੀ ਇਸ ਮਾਮਲੇ ਤੇ ਕਿਸੇ ਹਵਾਲੇ ਨੂੰ ਪਸੰਦ ਨਹੀਂ ਕਰਦੇ। ਫਿਰ ਵੀ, ਮੈਂ ਇਹ ਦੇਖਦਿਆਂ ਚੁੱਪ ਨਾ ਰਿਹਾ ਕਿ ਬਹੁਤ ਘੋਰ ਅਨਿਆਏ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਮੈਂ ਹੀ ਸਾਂ ਜਿਹੜਾ ਸਿੱਖਾਂ ਦੇ ਦਿਲ ਅਤੇ ਦਿਮਾਗ ਜਿੱਤਣ ਦੀ ਕੜੀ ਲੜਾਈ ਲੜ ਰਿਹਾ ਸਾਂ ਅਤੇ ਮੈਨੂੰ ਅੱਤਵਾਦ ਵਿਰੁੱਧ ਯੁੱਧ ਵਿਚ ਸਫ਼ਲ ਹੋਣ ਲਈ ਇਸ ਲੜਾਈ ਨੂੰ ਜਿੱਤਣਾ ਪੈਣਾ ਸੀ।

ਰੇਅ ਨੂੰ ਪ੍ਰਧਾਨ ਮੰਤਰੀ ਨਾਲ ਹੋ ਰਹੀ ਮੀਟਿੰਗ ਵਿਚੋਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨਾਲ ਮੁਲਾਕਾਤ ਕਰਨ ਲਈ ਬਾਹਰ ਬੁਲਾਇਆ ਗਿਆ। ਮੈਂ ਪ੍ਰਧਾਨ ਮੰਤਰੀ ਨਾਲ ਦਿੱਲੀ ਦੰਗਿਆਂ ਅਤੇ ਕਤਲਾਂ ਦਾ ਮਾਮਲਾ ਉਠਾਉਣ ਲਈ ਰੇਅ ਦੀ ਗ਼ੈਰਹਾਜ਼ਰੀ ਦਾ ਫਾਇਦਾ ਉਠਾਇਆ। ਰਾਜੀਵ ਗਾਂਧੀ ਗੁੱਸੇ ਵਿਚ ਆ ਗਿਆ। ਉਹ ਪਹਿਲਾਂ ਕਦੀ ਮੇਰੇ ਨਾਲ ਗੁੱਸੇ ਨਹੀਂ ਹੋਏ ਸਨ, ਪ੍ਰੰਤੂ ਜਦੋਂ ਤੋਂ ਮੈਨੂੰ ਚਿਤਾਵਨੀ ਦਿੱਤੀ ਗਈ ਸੀ, ਮੈਂ ਵੀ ਤਿਆਰ ਸੀ। ਉਸਨੇ ਕਿਹਾ ਕਿ ਉਹ ਨਹੀਂ ਚਾਹੁੰਦਾ ਕਿ ਮੈਂ ਫਿਰ ਇਸ ਮਾਮਲੇ ਨੂੰ ਉਠਾਵਾਂ। ਉਹ ਸਜਣ ਕੁਮਾਰ, ਜੋ ਕਿ ਇਕ ਵਚਨਬੱਧ ਕਾਂਗਰਸੀ ਵਫਾਦਾਰ ਸੀ, ਤੇ ਮੁਕੱਦਮਾ ਚਲਾਉਣ ਲਈ ਕੇਵਲ ਇਸ ਕਰਕੇ ਸਹਿਮਤ ਨਾ ਹੋਇਆ ਕਿਉਂਕਿ ਉਸ ਵਿਰੁੱਧ ਕੁਝ ਝੂਠੇ ਦੋਸ਼ ਲਗਾਏ ਜਾ ਰਹੇ ਸਨ। ਉਸ ਨੇ ਕਿਹਾ ਕਿ ਸਜਣ ਕੁਮਾਰ ਉਸ ਦੀ ਮਾਤਾ ਦੀ ਮੌਤ ਤੋਂ ਲੈ ਕੇ ਸਾਰਾ ਸਮਾਂ ਉਸ ਦੀ ਲਾਸ਼ ਦੇ ਪਾਸ ਮੌਜੂਦ ਸੀ। ਉਸ ਨੇ ਇਹ ਸਾਰਾ ਕੁਝ ਆਪਣੀ ਅੱਖੀਂ ਦੇਖਿਆ ਸੀ। ਉਥੇ ਸਾਰੇ ਸਿਆਸਤਦਾਨ ਅਤੇ ਅਫ਼ਸਰ ਖਾਮੋਸ਼ ਸਨ। ਫਿਰ ਵੀ, ਮੈਂ ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਠੀਕ ਸਮਝਿਆ ਕਿ ਕਿਉਂਕਿ ਕਮਿਸ਼ਨ ਨੇ ਸਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ ਹੈ, ਇਸ ਲਈ ਇਸਤਗਾਸਾ ਉਸ ਤੇ ਮੁਕੱਦਮਾ ਚਲਾਉਣ ਲਈ ਲੋੜੀਂਦੀ ਕਾਰਵਾਈ ਕਰੇਗਾ।"